ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ

# JAGAT GURU NANAK DEV

# PUNJAB STATE OPEN UNIVERSITY, PATIALA

(Established by Act No. 19 of 2019 of the Legislature of State of Punjab)

**The Motto of the University**

**(SEWA)**

**SKILL ENHANCEMENT EMPLOYABILITY WISDOM ACCESSIBILITY**




## Bachelor of Computer Applications (BCA)

## Course Name: : Sikh Heritage and Ethos

## SEMESTER-I

**ADDRESS: C/28, THE LOWER MALL, PATIALA-147001**
**WEBSITE: www.psou.ac.in**

SELF-INSTRUCTIONAL STUDY MATERIAL FOR JGND PSOU, ALL COPYRIGHTS WITH JGND PSOU, PATIALA

# JAGAT GURU NANAK DEV
# PUNJAB STATE OPEN UNIVERSITY PATIALA
**(Established by Act No.19 of 2019 of Legislature of the State of Punjab)**


**PROGRAMME & COORDINATOR :**
**Dr. Monika Pathak**
Assistant Professor, School of Sciences and Emerging Technologies
Jagat Guru Nanak Dev Punjab State Open University, Patiala

**PROGRAMME CO-COORDINATOR :**
**Dr. Gaurav Dhiman**
Assistant Professor, School of Sciences and Emerging Technologies
Jagat Guru Nanak Dev Punjab State Open University, Patiala

**COURSE COORDINATOR :**
**Dr. Sukhdev Singh**
Assistant Professor, School of Religious Studies
Jagat Guru Nanak Dev Punjab State Open University, Patiala

# JAGAT GURU NANAK DEV
# PUNJAB STATE OPEN UNIVERSITY PATIALA
**(Established by Act No.19 of 2019 of Legislature of the State of Punjab)**


## PREFACE

Jagat Guru Nanak Dev Punjab State Open University, Patiala was established in Decembas 2019 by Act 19 of the Legislature of State of Punjab. It is the first and only Open Universit of the State, entrusted with the responsibility of making higher education accessible to all especially to those sections of society who do not have the means, time or opportunity to pursue regular education.

In keeping with the nature of an Open University, this University provides a flexible education system to suit every need. The time given to complete a programme is double the duration of a regular mode programme. Well-designed study material has been prepared in consultation with experts in their respective fields.

The University offers programmes which have been designed to provide relevant, skill-based and employability-enhancing education. The study material provided in this booklet is self instructional, with self-assessment exercises, and recommendations for further readings. The syllabus has been divided in sections, and provided as units for simplification.

The Learner Support Centres/Study Centres are located in the Government and Government aided colleges of Punjab, to enable students to make use of reading facilities, and for curriculum-based counselling and practicals. We, at the University, welcome you to be a part of this institution of knowledge.

Prof. G. S. Batra,
Dean Academic Affairs

# BACHELOR OF COMPUTER APPLICATIONS (BCA)
# SEMESTER-I
## BCA-1-VEC-1: Sikh Heritage and Ethos

**Total Marks: 100**
**External Marks: 70**
**Internal Marks: 30**
**Credits: 4**
**Pass Percentage: 40%**

### INSTRUCTIONS FOR THE PAPER SETTER/EXAMINER

1. The syllabus prescribed should be strictly adhered to.
2. The question paper will consist of three sections: A, B, and C. Sections A and B will have four questions from the respective sections of the syllabus and will carry 10 marks each. The candidates will attempt two questions from each section.
3. Section C will have fifteen short answer questions covering the entire syllabus. Each question will carry 3 marks. Candidates will attempt any ten questions from this section.
4. The examiner shall give a clear instruction to the candidates to attempt questions only at one place and only once. Second or subsequent attempts, unless the earlier ones have been crossed out, shall not be evaluated.
5. The duration of each paper will be three hours.

### INSTRUCTIONS FOR THE CANDIDATES

Candidates are required to attempt any two questions each from the sections A and B of the question paper and any ten short q questions from Section C. They have to attempt questions only at one place and only once. Second or subsequent attempts, unless the earlier ones have been crossed out, shall not be evaluated.

| | |
|---|---|
| **Course: Sikh Heritage and Ethos*** | |
| **Course Code:** | |
| **Course Outcomes (COs)**<br>After the completion of this course, the students will be able to: | |
| CO1 | Gain a comprehensive understanding of the beliefs, practices, and history of Sikhism, including its origins, scriptures, and key principles. |
| CO2 | Understand the historical context in which Sikhism emerged, including the life and teachings of the Sikh Gurus, the development of the Sikh community, and key historical events. |
| CO3 | Develop an appreciation for the core values of Sikhism, such as equality, justice, compassion, and service to others. |
| CO4 | Understand Sikh cultural practices, traditions, and contributions to art, music, literature, and architecture. |
| CO5 | Develop an understanding of Sikhism in relation to other faith traditions, as well as the importance of interfaith dialogue and cooperation. |

ੴ

# ਸਿੱਖ ਧਰਮ : ਮੁਢਲੀ ਜਾਣਕਾਰੀ

ਡਾ. ਕਰਮਜੀਤ ਸਿੰਘ

ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ,
ਪਟਿਆਲਾ

©

ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ
(ਪੰਜਾਬ ਰਾਜ ਵਿਧਾਨ ਸਭਾਦੇ ਐਕਟ ਨੰ.19 (2019) ਤਹਿਤ ਸਥਾਪਤ)

# SIKH DHARM : MUDHLI JANNKARI (Punjabi)

**BY**

**Dr. KARAMJEET SINGH**
***Vice Chancellor***
*Jagat Guru Nanak Dev*
*Punjab State Open University, Patiala*
*vc@psou.ac.in*
*krjsingh@gmail.com*
*Contact: +91 9876107837*

**Assistance and Design**
Jagjit Singh

ISBN: 978-93-93579-27-0

2022
ਰੇਟ: 500

ਡਾ. ਧਰਮ ਸਿੰਘ ਸੰਧੂ, ਰਜਿਸਟਰਾਰ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ ਅਤੇ ਸ਼ਹੀਦ-ਏ-ਆਜ਼ਮ ਪ੍ਰੈਸ ਐਂਡ ਹੋਸਪੀਟੈਲਟੀ ਪ੍ਰਾ.ਲਿਮ. ਪਟਿਆਲਾ ਵਿਖੇ ਛਪੀ।

# ਤਤਕਰਾ (INDEX)


**ਦੋ ਸ਼ਬਦ**

**ਭੂਮਿਕਾ**

**ਅਧਿਆਇ-ਪਹਿਲਾ**

ਦਸ ਸਿੱਖ ਗੁਰੂ ਸਾਹਿਬਾਨ: ਸੰਖੇਪ ਜਾਣ-ਪਛਾਣ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ : ਸੰਖੇਪ ਜਾਣ-ਪਛਾਣ

**ਅਧਿਆਇ-ਦੂਜਾ**

ਪੰਜ ਪਿਆਰੇ, ਚਾਰ ਸਾਹਿਬਜ਼ਾਦੇ ਅਤੇ ਚਾਲੀ ਮੁਕਤੇ

**ਅਧਿਆਇ-ਤੀਜਾ**

ਪ੍ਰਮੁੱਖ ਸਿੱਖ ਸ਼ਹੀਦ :- ਭਾਈ ਮਤੀ ਦਾਸ, ਭਾਈ ਦਿਆਲਾ, ਭਾਈ ਸਤੀ ਦਾਸ, ਬਾਬਾ ਬੰਦਾ ਸਿੰਘ ਬਹਾਦਰ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਭਾਈ ਸੁਬੇਗ ਸਿੰਘ, ਸ਼ਾਹਬਾਜ ਸਿੰਘ, ਬਾਬਾ ਦੀਪ ਸਿੰਘ

**ਅਧਿਆਇ-ਚੌਥਾ**

ਪ੍ਰਮੁੱਖ ਸਿੱਖ ਬੀਬੀਆਂ :- ਬੇਬੇ ਨਾਨਕੀ ਜੀ, ਮਾਤਾ ਖੀਵੀ ਜੀ, ਬੀਬੀ ਭਾਨੀ ਜੀ, ਮਾਤਾ ਗੁਜਰੀ ਜੀ, ਮਾਤਾ ਸਾਹਿਬ ਕੌਰ

**ਅਧਿਆਇ-ਪੰਜਵਾਂ**

ਸਿੱਖ ਧਰਮ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ :- ਭਾਈ ਮਰਦਾਨਾ ਜੀ, ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ, ਭਾਈ ਘਨੱਈਆ ਜੀ

**ਅਧਿਆਇ-ਛੇਵਾਂ**

ਸਿੱਖ ਦਾ ਰੋਜ਼ਾਨਾ/ਨਿੱਤ ਨੇਮ, ਸਿਧਾਂਤ ਅਤੇ ਅਰਦਾਸ

## ਦੋ ਸ਼ਬਦ

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੀ ਇਤਿਹਾਸਕ ਸ਼ਹਿਰ ਪਟਿਆਲਾ ਵਿੱਚ ਸਥਾਪਨਾ ਇਸ ਭੂਗੋਲਿਕ ਖਿੱਤੇ ਲਈ ਇੱਕ ਮੀਲ ਪੱਥਰ ਵਜੋਂ ਪ੍ਰਵਾਨ ਕੀਤੀ ਜਾ ਸਕਦੀ ਹੈ। ਇਸ ਯੂਨੀਵਰਸਿਟੀ ਦੀ ਸਥਾਪਨਾ ਨਾਲ ਇੱਕ ਨਵੀਂ ਉਮੰਗ, ਨਵੀਂ ਆਸ਼ਾ ਉਨ੍ਹਾਂ ਲੋਕਾਂ ਦੇ ਮਸਤਕ ਦੇ ਭਾਗ ਬਣੀ ਜਿਨ੍ਹਾਂ ਨੇ ਬਹੁਤ ਸਮੇਂ ਤੋਂ ਵਿੱਦਿਆ ਦੇ ਖੇਤਰ ਵਿੱਚ ਦਾਖਲੇ ਬਾਰੇ ਸੋਚ ਨੂੰ ਵੀ ਆਪਣੇ ਚੇਤਿਆਂ ਵਿੱਚੋਂ ਮਨਫੀ ਕਰ ਦਿੱਤਾ ਸੀ। ਸੁਪ੍ਰਸਿੱਧ ਅਕਾਦਮੀਸ਼ੀਅਨ ਡਾ। ਕਰਮਜੀਤ ਸਿੰਘ ਦੀ ਇਸ ਯੂਨੀਵਰਸਿਟੀ ਦੇ ਪਹਿਲੇ ਵਾਈਸ ਚਾਂਸਲਰ ਵਜੋਂ ਨਿਯੁਕਤੀ ਸਮੇਂ ਦੀ ਸਰਕਾਰ ਦੁਆਰਾ ਚੁੱਕਿਆ ਵੱਡਾ ਤੇ ਸ਼ਲਾਘਾਯੋਗ ਕਦਮ ਪ੍ਰਵਾਨ ਕੀਤਾ ਜਾ ਸਕਦਾ ਹੈ, ਜਿਸ ਤੇ ਨਿਸ਼ਚੇ ਹੀ ਉਨ੍ਹਾਂ ਨੇ ਵੀ ਮਾਣ ਮਹਿਸੂਸ ਕੀਤਾ ਹੋਵੇਗਾ।

ਡਾ. ਕਰਮਜੀਤ ਸਿੰਘ ਪੰਜਾਬ ਦੇ ਅਜਿਹੇ ਪਹਿਲੇ ਪ੍ਰਬੁੱਧ ਕਾਮਰਸ ਅਕਾਦਮੀਸ਼ੀਅਨ ਹਨ, ਜਿਨ੍ਹਾਂ ਦੀਆਂ ਪ੍ਰਾਪਤੀਆਂ ਪਾਰ ਰਾਸ਼ਟਰੀ ਖਿੱਤੇ ਤੱਕ ਆਪਣਾ ਘੇਰਾ ਵਧਾ ਚੁੱਕੀਆਂ ਹਨ। ਕਾਮਰਸ ਵਰਗੇ ਅਤਿ ਖੁਸ਼ਕ ਤੇ ਔਖੇ ਵਿਸ਼ੇ 'ਚ ਇਨ੍ਹਾਂ ਦੀ ਉੱਚਤਤਾ ਤੇ ਸਥਾਪਤ ਹੋਈ ਹੀ ਹੈ ਨਾਲ ਦੀ ਨਾਲ ਸਮੇਂ ਨੇ ਆਪ ਦੀ ਪਹਿਚਾਣ ਇਸ ਵਿਸ਼ੇ ਨੂੰ ਸਾਹਿਤ ਵਾਂਗ ਪੜ੍ਹਾਉਣ ਦੀ ਅੰਤਰ ਦ੍ਰਿਸ਼ਟੀ ਤੇ ਪਹੁੰਚ ਵਿਧੀ ਦੀ ਘਾੜਤ ਘੜਨ ਵਾਲੇ ਚਿੰਤਕ ਵਜੋਂ ਵੀ ਕਰ ਦਿੱਤੀ। ਹਾਲਾਂਕਿ ਇਸ ਖੇਤਰ ਵਿਚ ਅਜਿਹੀ ਵਿਧਾ ਨੂੰ ਅੱਜ ਤੱਕ ਮਹਿਜ ਸੁਪਨਸਾਜੀ ਜਾਂ ਮ੍ਰਿਗ ਤ੍ਰਿਸ਼ਨਾ ਵਾਂਗ ਹੀ ਵੇਖਿਆ ਜਾਂਦਾ ਰਿਹਾ ਹੈ।

ਅਕਾਦਮੀਸ਼ੀਅਨ ਵਜੋਂ ਸਿਖਰ ਗ੍ਰਹਿਣ ਕਰਨਾ ਬੇਸ਼ੱਕ ਸਹਿਜ ਵਰਤਾਰਾ ਨਹੀਂ ਹੁੰਦਾ ਪਰ ਅਕਾਦਮੀਸ਼ੀਅਨ ਦੇ ਨਾਲ ਨਾਲ ਉੱਚ ਪ੍ਰਬੰਧਕ ਵਜੋਂ ਵੱਡੇ ਮਰਹਲੇ ਤੈਅ ਕਰਨੇ ਕਦੇ ਵੀ ਸਹਿਜ ਨਹੀਂ ਹੁੰਦੇ ਪਰ ਡਾ. ਕਰਮਜੀਤ ਸਿੰਘ ਨੇ ਇਹ ਵੀ ਸੱਚ ਕਰ ਦਿਖਾਇਆ। ਪ੍ਰਬੰਧਨ ਦੀ ਗੁੜ੍ਹਤੀ ਪੰਜਾਬ ਯੂਨੀਵਰਸਿਟੀ ਤੋਂ ਗ੍ਰਹਿਣ ਕੀਤੀ, ਜਿੱਥੇ ਸੈਨੇਟ, ਸਿੰਡੀਕੇਟ ਤੇ ਹੋਰ ਵੱਖ-ਵੱਖ ਮਹੱਤਵਪੂਰਨ ਪੜਾਵਾਂ ਵਿਚੋਂ ਲੰਘਦੇ ਹੋਏ ਇਸ ਵੱਡੀ ਯੂਨੀਵਰਸਿਟੀ ਦੇ ਰਜਿਸਟਰਾਰ ਦੇ ਉੱਚ੍ਹ ਰੁਤਬੇ ਤੇ ਜਾ ਪਹੁੰਚੇ। ਇਨ੍ਹਾਂ ਦੀ ਮਿਹਨਤ, ਦਿਆਨਤਦਾਰੀ ਅਤੇ ਲਗਨ ਦਾ ਸਿੱਟਾ ਹੀ ਸੀ ਕਿ ਰਜਿਸਟਰਾਰ ਵਜੋਂ ਇਨ੍ਹਾਂ ਦਾ ਕਾਰਜਕਾਲ ਅੱਜ ਵੀ ਇਸ ਸੰਸਥਾ ਵਿੱਚ 'ਗੋਲਡਨ ਏਜ' ਵਜੋਂ ਜਾਣਿਆ ਜਾਂਦਾ ਹੈ।

ਕਿਸੇ ਸਥਾਪਤ ਸੰਸਥਾ ਵਿੱਚ ਰੁਤਬੇ-ਆਸੀਨ ਹੋਣਾ ਤੇ ਪਹਿਲਾਂ ਤੋਂ ਸਥਾਪਤ ਕਾਰਜਾਂ ਨੂੰ ਹੋਰ ਅੱਗੇ ਲੈ ਜਾਣਾ ਇੱਕ ਸਹਿਜ ਪ੍ਰਕਿਰਿਆ ਹੈ ਪਰ ਇੱਕ ਨਵੀਂ ਸੰਸਥਾ ਨੂੰ ਸਥਾਪਤ ਕਰਨਾ ਤੇ ਚਲਾਉਣਾ ਅਤਿ ਬਿਖਮ ਮਾਰਗ ਹੁੰਦਾ ਹੈ। ਡਾ. ਕਰਮਜੀਤ ਸਿੰਘ ਨੇ ਬਹੁਤ ਨੀਝ ਨਾਲ ਚੌਗਿਰਦੇ ਦੀ ਅਕਾਦਮਿਕਤਾ ਤੇ ਅਕਾਦਮਿਕ ਸੰਸਥਾਵਾਂ ਵੱਲ ਵੇਖਿਆ, ਮੰਥਨ ਕੀਤਾ, ਟੀਚੇ ਮਿੱਥੇ ਤੇ ਫਿਰ ਇਸ ਯੂਨੀਵਰਸਿਟੀ ਨੂੰ ਸਿਖਰ ਤੇ ਪਹੁੰਚਾਣ ਦਾ ਤਹੱਈਆ ਕਰ ਲਿਆ। ਯੂਨੀਵਰਸਿਟੀ ਗਰਾਂਟ ਕਮਿਸ਼ਨ ਦੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੋਰਸ ਬਣਨ ਲੱਗੇ, ਜਿਨ੍ਹਾਂ ਵਿੱਚੋਂ ਪ੍ਰਾਥਮਿਕਤਾ ਇਸ ਭੂਗੋਲਿਕ ਖਿੱਤੇ ਦੇ ਵਿਰਾਸਤੀ ਇਤਿਹਾਸ ਨੂੰ ਵੀ ਮਿਲਣ ਲੱਗੀ। ਇਹ ਕਾਰਜ ਨਵਾਂ ਵੀ ਸੀ ਤੇ ਨਿਵੇਕਲਾ ਵੀ। ਸੁਜੱਗ ਅਕਾਦਮੀਸ਼ਨਾਂ ਦੀ ਟੀਮ ਦਾ ਗਠਨ ਕਰ ਲਿਆ ਗਿਆ, ਜੋ ਤਨਦੇਹੀ ਨਾਲ ਵਾਈਸ ਚਾਂਸਲਰ ਸਾਹਿਬ ਦੀ ਪਿੱਠ ਤੇ ਆਣ ਖੜ੍ਹੀ। ਹਾਂ ਪੱਖੀ ਹੁੰਗਾਰਾ ਮਿਲਣ ਲੱਗਾ ਤੇ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਚਰਚਾ ਚ ਆਉਣ ਲੱਗੀ।

ਡਾ. ਕਰਮਜੀਤ ਸਿੰਘ ਹੋਰਾਂ ਦੇ ਇਨ੍ਹਾਂ ਕਾਰਜਾਂ ਵਿੱਚ ਹੀ ਇੱਕ ਕਾਰਜ 'ਪਬਲੀਕੇਸ਼ਨ ਬਿਊਰੋ' ਦੀ ਸਥਾਪਨਾ ਕਰਨਾ ਵੀ ਸੀ। ਉਹ ਭਲੀ ਭਾਂਤ ਜਾਣਦੇ ਸਨ ਕਿ ਯੂਨੀਵਰਸਿਟੀਆਂ ਹਮੇਸ਼ਾਂ ਆਪਣੀ ਪਬਲੀਕੇਸ਼ਨ ਦੇ ਮਾਧਿਅਮ ਰਾਹੀਂ ਅਕਾਦਮਿਕ ਖੇਤਰ ਵਿੱਚ ਆਪਣੀ ਪਹਿਚਾਣ ਸਥਾਪਤ ਕਰਦੀਆਂ ਹਨ। ਯੂਨੀਵਰਸਿਟੀ ਦੀ ਫੈਕਲਟੀ ਨੂੰ ਇਸ ਪਾਸੇ ਉਤਸ਼ਾਹਤ ਕਰ ਕੇ ਤੋਰਨ ਲਈ ਖੁਦ ਆਪ ਉਦਾਹਰਣ ਬਣੇ ਅਤੇ ਯੂਨੀਵਰਸਿਟੀ ਦੀ ਪਹਿਲੀ ਪਬਲੀਕੇਸ਼ਨ ਬਾ-ਕਮਾਲ ਸੁਚਿੱਤਰ ਰੰਗਦਾਰ ਪੁਸਤਕ 'ਤੇਗ ਬਹਾਦਰ ਧਰਮ ਧੁਜ' ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਾਰ ਸੌ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਤ ਕਰ ਰਚੀ। ਮੈਨੂੰ ਇਹ ਦੱਸਦਿਆਂ ਬੇਹੱਦ ਖੁਸ਼ੀ ਹੋ ਰਹੀ ਕਿ ਦੂਜੀ ਰਚਨਾ 'ਸਿੱਖ ਧਰਮ : ਮੁਢਲੀ ਜਾਣਕਾਰੀ' ਵੀ ਮਾਣਯੋਗ ਵਾਈਸ ਚਾਂਸਲਰ ਸਾਹਿਬ ਦੇ ਨਾਮ ਜਾ ਰਹੀ ਹੈ। ਸਬੰਧਤ ਪੁਸਤਕ ਵਿਚ ਪ੍ਰੋਫੈਸਰ ਪੂਰਨ ਸਿੰਘ ਦੇ ਸ਼ਬਦ ਨਾਲ 'ਪੰਜਾਬ ਨਾ ਹਿੰਦੂ ਨਾ ਮੁਸਲਮਾਨ, ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ 'ਤੇ' ਦਾ ਅਮਲੀ ਪ੍ਰਕਾਸ਼ਨ ਸਮਝੀ ਜਾ ਸਕਦੀ ਹੈ। ਇਸ ਪੁਸਤਕ ਵਿੱਚ ਸਿੱਖ ਧਰਮ ਦੇ ਬਾਨੀਆਂ, ਸ਼ਹੀਦਾਂ ਮੁਰੀਦਾਂ ਦਾ ਜੋ ਇਤਿਹਾਸਕ ਬਖਾਨ ਕੀਤਾ ਹੈ, ਉਹ ਨਿਵੇਕਲਾ ਵੀ ਹੈ ਤੇ ਨਿਰਾਲਾ ਵੀ। ਸਬੰਧਤ ਪੁਸਤਕ ਜਿਥੇ ਇਸ ਯੂਨੀਵਰਸਿਟੀ ਦੇ ਕੋਰਸਾਂ ਦਾ ਭਾਗ ਬਣੇਗੀ ਉੱਥੇ ਉਹ ਬਹੁਤ ਕੁਝ ਪੁਨਰ ਸਾਡੇ ਚੇਤਿਆਂ ਦਾ ਭਾਗ ਬਣਾਏਗੀ ਜੋ ਜਾਣੇ

ਅਣਜਾਣੇ ਅਸੀਂ ਭੁੱਲ ਗਏ ਸਾਂ।

ਮੈਂ ਜਿੱਥੇ ਇਸ ਪੁਸਤਕ ਨਾਲ ਆਪਣਾ ਨਾਮ ਜੋੜ ਕੇ ਫਖ਼ਰ ਮਹਿਸੂਸ ਕਰਦਾ ਹਾਂ ਉਥੇ ਡਾ. ਕਰਮਜੀਤ ਸਿੰਘ ਵਾਈਸ ਚਾਂਸਲਰ ਸਾਹਿਬ ਨੂੰ ਵਧਾਈ ਵੀ ਦਿੰਦਾ ਹਾਂ। ਨਿਸਚੈ ਹੀ ਉਨ੍ਹਾਂ ਦੀਆਂ ਇਹ ਪਹਿਲਕਦਮੀਆਂ ਇਸ ਯੂਨੀਵਰਸਿਟੀ ਦੇ ਪਬਲੀਕੇਸ਼ਨ ਵਿਭਾਗ ਨੂੰ ਉਤਸ਼ਾਹਤ ਤੇ ਜਰਖੇਜ ਬਣਾਉਣਗੀਆਂ।

**ਸਰਬਜਿੰਦਰ ਸਿੰਘ, (ਪ੍ਰੋ.)**
**ਡਾਇਰੈਕਟਰ (ਆ), ਪਬਲੀਕੇਸ਼ਨ ਬਿਊਰੋ,**
**ਜਗਤ ਗੁਰੂ ਨਾਨਕ ਦੇਵ**
**ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ**

# ਭੂਮਿਕਾ

ਧਰਮ ਸਮਾਜ ਨੂੰ ਵਿਧੀਵਤ ਢੰਗ ਨਾਲ ਚਲਾਉਣ ਲਈ ਅਤੇ ਸੱਭਿਅਕ ਬਣਾਉਣ ਲਈ ਕੇਂਦਰੀ ਭੂਮਿਕਾ ਨਿਭਾਉਂਦਾ ਹੈ। ਭਾਵੇਂ ਅਜੋਕੇ ਯੁੱਗ ਵਿੱਚ ਵਿਗਿਆਨ ਅਤੇ ਤਕਨੀਕ ਨੇ ਬਹੁਤ ਤਰੱਕੀ ਕੀਤੀ ਹੈ ਪਰ ਅੱਜ ਵੀ ਕੁੱਲ ਸੰਸਾਰ ਵਿੱਚ ਧਰਮ ਦਾ ਕੇਂਦਰੀ ਸਥਾਨ ਹੈ ਤੇ ਰਹੇਗਾ ਵੀ। ਦੁਨੀਆਂ ਵਿਚ ਜਿਹੜੇ ਅੱਠ ਵੱਡੇ ਧਰਮ ਪੈਦਾ ਹੋਏ, ਉਨ੍ਹਾਂ ਦੀ ਪ੍ਰਕਾਸ਼ ਭੂਮੀ ਏਸ਼ੀਆ ਹੈ। ਜਿਨ੍ਹਾਂ ਨੂੰ ਪੂਰਬੀ ਤੇ ਪੱਛਮੀ ਧਰਮਾਂ ਦਾ ਨਾਮ ਦਿੱਤਾ ਗਿਆ ਹੈ। ਪੂਰਬੀ ਧਰਮ ਲੜੀ ਵਿੱਚ ਹਿੰਦੂ ਧਰਮ, ਜੈਨ ਧਰਮ, ਬੁੱਧ ਧਰਮ ਤੇ ਸਿੱਖ ਧਰਮ ਆਉਂਦੇ ਹਨ, ਜਦਕਿ ਪੱਛਮੀ ਧਰਮਾਂ ਦੀ ਲੜੀ ਵਿੱਚ ਯਹੂਦੀ, ਯੁਰਾਸਾਟਰ, ਇਸਾਈ ਅਤੇ ਇਸਲਾਮ ਧਰਮ ਦੀ ਗਿਣਤੀ ਕੀਤੀ ਜਾਂਦੀ ਹੈ। ਇਨ੍ਹਾਂ ਤੋਂ ਬਿਨਾਂ ਤਾਓਵਾਦ, ਕਨਫਿਊਸਿਸ ਅਤੇ ਚਾਰਵਾਕ ਦੀ ਗਿਣਤੀ ਦੁਨੀਆਂ ਦੇ ਵੱਡੇ ਦਰਸ਼ਨ ਦੇ ਤੌਰ ਤੇ ਕੀਤੀ ਜਾਂਦੀ ਹੈ।

ਇਨ੍ਹਾਂ ਸਾਰੇ ਧਰਮਾਂ ਦਾ ਆਪੋ ਆਪਣਾ ਇੱਕ ਵੱਡਾ ਤੇ ਨਿਵੇਕਲਾ ਪ੍ਰਸੰਗ ਹੈ। ਇਨ੍ਹਾਂ ਧਰਮਾਂ ਦੇ ਧਰਮ ਗ੍ਰੰਥਾਂ ਵਿੱਚ ਅੰਕਤ ਸਿਧਾਂਤਕ ਪ੍ਰਸੰਗਾਂ ਦੇ ਆਧਾਰ ਤੇ ਵੱਡੀਆਂ ਵੱਡੀਆਂ ਕੌਮੀਅਤਾਂ ਦੀ ਸਿਰਜਣਾ ਹੋਈ ਜੋ ਇਨ੍ਹਾਂ ਦੇ ਪ੍ਰਕਾਸ਼ ਵਰ੍ਹੇ ਤੋਂ ਲੈ ਕੇ ਅੱਜ ਤੱਕ ਆਪਣੇ ਧਰਮ ਬਾਨੀਆਂ ਅਤੇ ਪਵਿੱਤਰ ਗ੍ਰੰਥਾਂ ਨੂੰ ਨਤਮਸਤਕ ਹੋ ਜਿਉਂ ਦਾ ਤਿਉਂ ਨਵਾਂ ਨਰੋਆ ਰੱਖ ਰਹੀਆਂ ਹਨ। ਧਰਮ ਦੀ ਇਸ ਤਵਾਰੀਖ ਵਿੱਚ ਪੂਰਬੀ ਧਰਮ ਲੜੀ ਵਿਚ ਪੈਦਾ ਹੋਇਆ ਸਿੱਖ ਧਰਮ ਇੱਕ ਅਜਿਹਾ ਧਰਮ ਹੈ ਜੋ ਸੰਸਾਰ ਦੇ ਮਹੱਤਵਪੂਰਨ ਧਰਮਾਂ ਵਿੱਚੋਂ ਨਵਾਂ ਵੀ ਹੈ ਤੇ ਨਿਵੇਕਲਾ ਵੀ। ਨਵਾਂ ਇਸ ਕਰਕੇ ਕਿ ਕੁੱਲ ਧਰਮਾਂ ਵਿਚੋਂ ਬਾਅਦ ਵਿੱਚ ਪੈਦਾ ਹੋਇਆ ਹੈ ਅਤੇ ਨਿਵੇਕਲਾ ਇਸ ਕਰਕੇ ਕਿ ਆਪਣੇ ਵਿਲੱਖਣ ਅਲੌਕਿਕ ਅਤੇ ਸਰਬੱਤ ਦੇ ਭਲੇ ਦੇ ਲੋਕ ਹਿੱਤਕਾਰੀ ਸਿਧਾਤਾਂ ਕਰਕੇ ਇਹ ਆਪਣੀ ਵੱਖਰੀ ਪਹਿਚਾਣ ਰੱਖਦਾ ਹੈ। ਬਾਕੀ ਧਰਮਾਂ ਵਾਂਗ ਹੀ ਇਸ ਦਾ ਪ੍ਰਕਾਸ਼ ਵੀ ਇਸ ਧਰਮ ਦੇ ਧਰਮ ਬਾਨੀ ਦੇ ਅਵਤਾਰ ਧਾਰਨ ਨਾਲ ਹੋਇਆ, ਜਿਨ੍ਹਾਂ ਦਾ ਸੰਸਾਰੀ ਆਗਮਨ ਪੰਜਾਬ ਦੀ ਭੂਮੀ ਤੇ ਰਾਇ ਭੋਇ ਦੀ ਤਲਵੰਡੀ ਵਿੱਚ ਹੋਇਆ ਅਤੇ ਉਨ੍ਹਾਂ ਤੇ ਉੱਤਰੀ ਬਾਣੀ ਦੇ ਪ੍ਰਕਾਸ਼ ਦੇ ਰਾਹੀਂ ਸਿੱਖ ਧਰਮ ਸਾਹਮਣੇ ਆਇਆ। ਇਸ 'ਦੈਵੀ ਨਾਦ' ਤੇ ਵਿਸ਼ਵਾਸ ਕਰਨ ਵਾਲੇ ਅਤੇ ਉਸ ਦੇ ਦੁਆਰਾ ਦਰਸਾਏ ਮਾਰਗ ਤੇ ਚੱਲਣ ਵਾਲੇ ਜਨ ਸਮੂਹ ਨੂੰ 'ਸਿੱਖ' ਦੀ ਸੰਗਿਆ ਨਾਲ ਨਵਾਜਿਆ ਗਿਆ।

ਸਿੱਖ ਧਰਮ ਦੇ ਆਗਾਜ਼ ਵੇਲੇ ਉਸ ਸਮਕਾਲ ਦੇ ਦੋਵੇਂ ਧਰਮ ਆਪਣੀਆਂ ਪਰੰਪਰਾਵਾਂ ਆਪਣੇ ਪਵਿੱਤਰ ਗ੍ਰੰਥਾਂ ਦੇ ਸਿਧਾਂਤਕ ਪ੍ਰਸੰਗ ਨੂੰ ਪੂਰੀ ਤਰ੍ਹਾਂ ਭੁੱਲ ਚੁੱਕੇ ਸਨ। ਧਾਰਮਿਕ ਗਿਲਾਨਿ ਸਿਖਰ ਤੇ ਸੀ ਅਤੇ ਪਾਪ ਤੇ

ਭ੍ਰਿਸ਼ਟਾਚਾਰ ਦਾ ਬੋਲਬਾਲਾ ਸੀ। ਧਾਰਮਿਕ ਆਗੂ ਧਰਮ ਦੇ ਰਖਵਾਲੇ ਨਾ ਰਹਿ ਕੇ ਧਰਮ ਦੇ ਠੇਕੇਦਾਰ ਬਣ ਚੁੱਕੇ ਸਨ। ਧਰਮ ਦੇ ਨਾਮ ਤੇ ਆਮ ਲੋਕਾਂ ਦੀ ਲੁੱਟ ਕੀਤੀ ਜਾ ਰਹੀ ਸੀ। ਲੋਕ ਲੀਹ ਕੁੱਟਣ ਵਾਂਗ ਪਤਿਹੀਣ ਜ਼ਿੰਦਗੀ ਜਿਊਂ ਰਹੇ ਸਨ। ਹਾਕਮ ਧਰਮ ਅੱਤਿਆਚਾਰੀ ਹੋ ਗਿਆ ਸੀ। ਜਬਰ ਅਤੇ ਜ਼ੁਲਮ ਨੂੰ ਹੀ ਉਸ ਨੇ ਧਰਮ ਸਮਝ ਲਿਆ ਸੀ। ਉਸ ਸਮੇਂ ਦੇ ਹਲਾਤ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਇਸ ਤਰ੍ਹਾਂ ਰੂਪਮਾਨ ਕੀਤਾ ਹੈ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥

ਭਾਵ ਕਿ ਕਲਯੁਗ ਦੇ ਵਿੱਚ ਰਾਜੇ ਜਾਲਮ ਹੋ ਗਏ ਸਨ ਅਤੇ ਧਰਮ ਖੰਭ ਲਾ ਕੇ ਉਡ ਗਿਆ, ਜਿਵੇਂ ਮੱਸਿਆ ਦੀ ਅੰਧੇਰੀ ਰਾਤ (ਝੂਠ) ਨਾਲ ਚੰਦ੍ਰਮਾ (ਸੱਚ) ਛੁਪ ਗਿਆ ਅਤੇ ਹਨੇਰੇ ਵਿੱਚ ਕੋਈ ਰਾਹ ਦਿਸਦਾ ਨਹੀਂ। ਇਸ ਮੌਕੇ ਸਿੱਖ ਧਰਮ ਦੇ ਬਾਨੀ ਦੀ ਦੈਵੀ ਲਲਕਾਰ ਨੇ ਉਨ੍ਹਾਂ ਨੂੰ ਪਤਿ ਵਾਲੀ ਜ਼ਿੰਦਗੀ ਜਿਊਣ ਦਾ ਰਾਹ ਦਿਖਾਇਆ। ਗੁਰੂ ਨਾਨਕ ਦੇਵ ਜੀ ਦੇ ਉੱਤਰ ਅਧਿਕਾਰੀਆਂ ਨੇ ਆਪਣੇ ਬਾਨੀ ਦੇ ਮਾਰਗ ਦਰਸ਼ਨ 'ਚ ਚੱਲਦਿਆਂ ਯੁੱਗ ਪੁਰਸ਼ਾਂ ਵਾਲੀ ਭੂਮਿਕਾ ਨਿਭਾਈ ਅਤੇ ਸਦੀਆਂ ਤੋਂ ਮਨੁੱਖ ਹੋਣ ਦਾ ਅਹਿਸਾਸ ਹੀ ਭੁੱਲ ਚੁੱਕੀ ਖਲਕਤ ਨੂੰ ਸਿਰ ਉੱਚਾ ਚੁੱਕ 'ਪਤਿ' ਵਾਲੀ ਜ਼ਿੰਦਗੀ ਜਿਊਣ ਦਾ ਵਲ ਸਿਖਾਇਆ। ਬੇਸ਼ੱਕ ਇਸ ਕਾਰਜ ਲਈ ਸਿੱਖ ਗੁਰੂ ਸਾਹਿਬਾਨਾਂ ਨੂੰ ਸ਼ਹਾਦਤਾਂ ਦੇਣੀਆਂ ਪਈਆਂ ਤੇ ਉਨ੍ਹਾਂ ਦੇ ਪੈਰੋਕਾਰਾਂ ਨੂੰ ਬੰਦ ਬੰਦ ਕਟਾਉਣੇ ਪਏ ਪਰ ਉਨ੍ਹਾਂ ਨੇ ਸਿੱਖੀ ਦੇ ਪਰਚਮ ਨੂੰ ਕਦੇ ਨੀਵਾਂ ਨਾ ਹੋਣ ਦਿੱਤਾ। ਇਸ ਧਰਮ ਦੇ ਦਸਮ ਨਾਨਕ ਨੇ 1699 ਈ. ਦੀ ਵਿਸਾਖੀ ਨੂੰ ਖਾਲਸਾ ਸਾਜ ਕੇ ਆਉਣ ਵਾਲੇ ਸਮੇਂ ਵੱਲ ਇਸ਼ਾਰਾ ਕਰ ਦਿੱਤਾ ਅਤੇ ਸਦੀਆਂ ਤੋਂ ਸ਼ੂਦਰ ਕਹਿ ਦੁਰਕਾਰੇ ਗਏ ਲੋਕਾਂ ਲਈ ਬਾਦਸ਼ਾਹਤ ਦੇ ਦਰਵਾਜ਼ੇ ਖੋਹਲ ਦਿੱਤੇ।

ਇਹ ਸਭ ਜਾਤ-ਪਾਤ ਖਤਮ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਥਾਪਨਾ ਕੀਤੀ। ਭਾਈ ਨੰਦ ਲਾਲ ਦੇ ਸਵਾਲ ਤੇ ਕਿ ਖਾਲਸਾ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਜਵਾਬ ਭਾਈ ਨੰਦ ਲਾਲ ਜੀ ਨੇ ਆਪਣੀ ਰਚਨਾ ਤਨਖਾਹ ਨਾਮਾ ਵਿੱਚ ਅੰਕਿਤ ਕੀਤਾ ਹੈ ਕਿ:

ਖਾਲਸਾ ਸੋਇ ਜੋ ਨਿੰਦਾ ਤਿਆਗੈ
ਖਾਲਸਾ ਸੋਇ ਲੜੇ ਹੋਇ ਆਗੈ ॥
ਖਾਲਸਾ ਸੋਇ ਜੋ ਪੰਚ ਕੋ ਮਾਰੈ
ਖਾਲਸਾ ਸੋਇ ਕਰਮ ਕੋ ਸਾੜੈ ॥
ਖਾਲਸਾ ਸੋਇ ਮਾਨ ਜੋ ਤਿਆਗੈ

ਖਾਲਸਾ ਸੋਇ ਜੋ ਪਰਤ੍ਰੀਆ ਤੇ ਭਾਗੈ ॥
ਖਾਲਸਾ ਸੋਇ ਪਰਦ੍ਰਿਸ਼ਟਿ ਕੋ ਤਿਆਗੈ
ਖਾਲਸਾ ਸੋਇ ਨਾਮ ਰਤ ਲਾਗੈ ॥
ਖਾਲਸਾ ਸੋਇ ਗੁਰਬਾਣੀ ਹਿਤ ਲਾਇ
ਖਾਲਸਾ ਸੋਇ ਸਾਰ ਮੂੰਹਿ ਖਾਇ ॥

ਖਾਲਸੇ ਦੀ ਸਾਜਨਾ ਤੋਂ ਲੈ ਕੇ 1708 ਈ. ਨਾਂਦੇੜ ਤੱਕ ਖਾਲਸਾ ਪੰਥ ਨੇ ਧਰਮ ਯੁੱਧ ਦਾ ਅਖਾੜਾ ਹਿੰਦੁਸਤਾਨ ਵਿੱਚ ਕਾਇਮ ਰੱਖਿਆ। ਗੁਰੂ ਪਾਤਸ਼ਾਹ ਦੀ ਅਗਵਾਈ ਚ ਖਾਲਸੇ ਨੇ 'ਦੁਸ਼ਟ ਦੋਖੀਅਨ' ਨੂੰ ਪਕੜ ਪਛਾੜਿਆ। ਚਮਕੌਰ ਤੋਂ ਖਿਦਰਾਣੇ ਤੱਕ ਵੱਡੇ ਯੁੱਧ ਰਚਾਏ ਅਤੇ ਦੁਸ਼ਟਾਂ ਦਾ ਨਾਸ਼ ਕੀਤਾ। ਇਸ ਸਮੇਂ ਵਿਚ ਚਾਰੇ ਸਾਹਿਬਜ਼ਾਦੇ, ਮਾਤਾ ਗੁਜਰੀ ਅਤੇ ਖ਼ਾਲਸਾ ਪੰਥ ਦੇ ਜੁਝਾਰੂਆਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। 1708 ਈ. ਨੂੰ ਆਪਣੀ ਅੰਤਿਮ ਯਾਤਰਾ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਆਦਿ ਗ੍ਰੰਥ ਸਾਹਿਬ ਨੂੰ ਸੌਂਪ ਗੁਰੂ ਦਾ ਦਰਜਾ ਦਿੱਤਾ ਜਿਸ ਨੂੰ ਸਿੱਖ ਇਤਿਹਾਸ ਨੇ ਇਸ ਤਰ੍ਹਾਂ ਸੰਭਾਲਿਆ ਹੋਇਆ ਹੈ:

ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਯੋ ਗ੍ਰੰਥ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਸਿੱਖਾਂ ਨੇ ਹਿੰਦੁਸਤਾਨ ਦੇ ਭਾਗ ਬਦਲਣ ਲਈ ਘੋਰ ਜੰਗ-ਯੁੱਧ ਕੀਤੇ ਅਤੇ ਮੁਗਲ ਹਕੂਮਤ ਦਾ ਲੱਕ ਤੋੜ ਦਿੱਤਾ। ਇਨ੍ਹਾਂ ਖਾਲਸਾਈ ਜੰਗਾਂ ਯੁੱਧਾਂ ਦੀ ਬਦੌਲਤ ਮੁਗਲ ਹਕੂਮਤ ਦਾ ਬੀਜ ਨਾਸ਼ ਹੋਇਆ ਅਤੇ ਖਾਲਸਾ ਪਰਚਮ ਇਸ ਧਰਤ ਤੇ ਲਹਿਰਾਉਣ ਲੱਗਾ। ਇਸ ਸਾਰੇ ਕਾਰਜ ਦੇ ਦੀਦਾਰੇ ਨੂੰ ਸਿਖਰ ਅਰਦਾਸ ਵਿੱਚ ਸੰਭਾਲਿਆ ਹੋਇਆ ਹੈ ਅਤੇ ਸਵੇਰੇ ਸ਼ਾਮ ਅਰਦਾਸ ਦੇ ਮਾਧਿਅਮ ਰਾਹੀਂ ਪੰਥ ਆਪਣੀ ਵਿਰਾਸਤ ਨੂੰ ਯਾਦ ਕਰਕੇ ਆਪਣੇ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਮੁਰੀਦਾਂ ਨੂੰ ਨਤਮਸਤਕ ਹੁੰਦਾ ਹੈ। ਅਰਦਾਸ ਦੇ ਵਿੱਚ ਦਰਜ ਇਸ ਵਿਰਾਸਤੀ ਰੰਗ ਨੂੰ ਸੰਖੇਪ ਵਿੱਚ ਇਸ ਪੁਸਤਕ 'ਚ ਰੂਪਮਾਨ ਕੀਤਾ ਜਾ ਰਿਹਾ ਹੈ।

ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ ਇਹ ਕਾਰਜ ਸਪੰਨ ਹੋਇਆ। ਸਭ ਤੋਂ ਪਹਿਲਾਂ ਮੈਂ ਉਨ੍ਹਾਂ ਨੂੰ ਨਤਮਸਤਕ ਹਾਂ, ਗੁਰੂ ਫੁਰਮਾਨ ਹੈ:

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ
ਸਾ ਬਿਧਿ ਤੁਮ ਹਰਿ ਜਾਣਹੁ ਆਪੇ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥

ਮੈਂ ਬਹੁਤ ਧੰਨਵਾਦੀ ਹਾਂ, ਆਪਣੇ ਸਵਰਗਵਾਸੀ ਪਿਤਾ ਸਰਦਾਰ ਲਛਮਣ ਸਿੰਘ ਅਤੇ ਮਾਤਾ ਸਰਦਾਰਨੀ ਸਵਿੰਦਰ ਕੌਰ ਦਾ, ਜਿਨ੍ਹਾਂ ਨੇ ਬਚਪਨ ਤੋਂ ਮੈਨੂੰ ਸਹੀ ਸੇਧ ਦੇ ਕੇ ਇਸ ਮਾਰਗ ਤੇ ਤੋਰਿਆ। ਉਨ੍ਹਾਂ ਦੀ ਪ੍ਰੇਰਨਾ ਸਦਕਾ ਮੈਂ ਇਸ ਮੁਕਾਮ ਤੇ ਪਹੁੰਚ ਸਕਿਆ ਹਾਂ।


ਇਸ ਤੋਂ ਪਹਿਲਾਂ ਮੇਰੀਆਂ ਦੋ ਪੁਸਤਕਾਂ, ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਰੇ ਛਪ ਚੁੱਕੀਆਂ ਹਨ। ਇਨ੍ਹਾਂ ਪੁਸਤਕਾਂ ਤੋਂ ਬਾਅਦ ਮੇਰੀ ਸੁਪਤਨੀ ਰਮਨਜੀਤ ਕੌਰ, ਬੇਟੇ ਡਾ. ਬਿਨੇਦੀਪ ਸਿੰਘ ਅਤੇ ਡਾ. ਮਫਲੀਨ ਸਿੰਘ ਨੇ ਮੈਨੂੰ ਉਤਸ਼ਾਹਤ ਕੀਤਾ ਕਿ ਮੈਂ ਇਕ ਪੁਸਤਕ ਨੌਜਵਾਨ ਬੱਚਿਆਂ ਵਾਸਤੇ ਵੀ ਲਿਖਾਂ। ਮੈਂ ਆਪਣੇ ਪਰਿਵਾਰ ਦਾ ਵੀ ਅਤਿ ਧੰਨਵਾਦੀ ਹਾਂ, ਉਨ੍ਹਾਂ ਦੇ ਉਤਸ਼ਾਹ ਤੇ ਹੌਂਸਲਾ ਅਫਜਾਈ ਸਦਕਾ ਇਹ ਹੱਥਲੀ ਪੁਸਤਕ "ਸਿੱਖ ਧਰਮ : ਮੁਢਲੀ ਜਾਣਕਾਰੀ" ਲਿਖੀ ਗਈ ਤਾਂ ਜੋ ਬੱਚਿਆਂ ਨੂੰ ਸਿੱਖ ਧਰਮ ਤੋਂ ਜਾਣੂ ਕਰਵਾਇਆ ਜਾ ਸਕੇ।

ਮੈਂ ਤਹਿ ਦਿਲ ਤੋਂ ਧੰਨਵਾਦੀ ਹਾਂ, ਪ੍ਰਸਿੱਧ ਸਿੱਖ ਵਿਦਵਾਨ ਡਾ. ਸਰਬਜਿੰਦਰ ਸਿੰਘ ਦਾ ਜਿਨ੍ਹਾਂ ਦੇ ਸਹਿਯੋਗ ਸਦਕਾ ਪੁਸਤਕ ਦਾ ਕਾਰਜ ਸਥੈਨ ਰੂਪ ਵਿਚ ਸੰਭਵ ਹੋ ਸਕਿਆ ਹੈ, ਨਾਲ ਹੀ ਮੇਰੇ ਇਸ ਕਾਰਜ ਵਿੱਚ ਦਿੱਤੇ ਸਹਿਯੋਗ ਲਈ ਡਾ. ਦੀਪ ਸ਼ਿਖਾ, ਸੁਖਦੇਵ ਸਿੰਘ ਅਤੇ ਜਗਜੀਤ ਸਿੰਘ ਦਾ ਵੀ ਧੰਨਵਾਦ ਕਰਦਾ ਹਾਂ।

**ਡਾ. ਕਰਮਜੀਤ ਸਿੰਘ**
**ਵਾਈਸ-ਚਾਂਸਲਰ,**
**ਜਗਤ ਗੁਰੂ ਨਾਨਕ ਦੇਵ**
**ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ**

# ਅਧਿਆਇ-ਪਹਿਲਾ

## ਦਸ ਸਿੱਖ ਗੁਰੂ ਸਾਹਿਬਾਨ: ਸੰਖੇਪ ਜਾਣ-ਪਛਾਣ
## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ: ਸੰਖੇਪ ਜਾਣ-ਪਛਾਣ


ਪਿਤਾ ਮਹਿਤਾ ਕਾਲੂ ਜੀ, ਮਾਤਾ ਤ੍ਰਿਪਤਾ ਜੀ
ਬੇਬੇ ਨਾਨਕੀ ਜੀ
ਸ੍ਰੀ ਗੁਰੂ ਨਾਨਕ ਦੇਵ ਜੀ (ਪਹਿਲੀ ਪਾਤਸ਼ਾਹੀ)
ਬਾਬਾ ਸ਼੍ਰੀ ਚੰਦ ਜੀ
ਬਾਬਾ ਲਖਮੀ ਦਾਸ ਜੀ

# ਸ੍ਰੀ ਗੁਰੂ ਨਾਨਕ ਦੇਵ ਜੀ



**ਜਨਮ:**

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ ਗੁਰੂ ਹੋਏ ਹਨ। ਇਨ੍ਹਾਂ ਦਾ ਜਨਮ 15 ਅਪ੍ਰੈਲ 1469 ਈ. ਨੂੰ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਜ਼ਿਲ੍ਹਾ ਸ਼ੇਖੂਪੁਰ ਵਿੱਚ ਹੋਇਆ। ਨਨਕਾਣਾ ਸਾਹਿਬ ਪਾਕਿਸਤਾਨ ਵਿਚ ਸਥਿਤ ਹੈ। ਗੁਰੂ ਨਾਨਕ ਸਾਹਿਬ ਦੇ ਜਨਮ ਬਾਰੇ ਭਾਈ ਗੁਰਦਾਸ ਜੀ ਪਹਿਲੀ ਵਾਰ ਵਿਚ ਇਸ ਤਰ੍ਹਾਂ ਲਿਖਦੇ ਹਨ :

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ ।

**ਭਾਵ:** ਸਤਿਗੁਰ ਨਾਨਕ (ਜਦ) ਪ੍ਰਗਟ ਹੋਏ ਗੁਬਾਰ (ਅਗਯਾਨ ਦਾ) ਦੂਰ ਹੋ ਗਿਆ ਅਤੇ (ਗਿਆਨ ਦਾ) ਚਾਨਣ ਹੋ ਗਿਆ। ਜਿਵੇਂ ਸੂਰਜ ਦੇ ਚੜ੍ਹਨ ਨਾਲ ਹਨੇਰਾ ਦੂਰ ਹੋ ਜਾਂਦਾ ਹੈ।

**ਪਰਿਵਾਰ:**

ਆਪ ਜੀ ਦੇ ਪਿਤਾ ਮਹਿਤਾ ਕਾਲੂ (ਪਹਿਲਾ ਨਾਮ ਕਲਿਆਣ ਦਾਸ) ਜੀ ਸਨ, ਜੋ ਕਿੱਤੇ ਵਜੋਂ ਪਟਵਾਰੀ ਸਨ। ਉਹ ਨੌਕਰੀ ਦੇ ਕਾਰਨ ਤਲਵੰਡੀ ਰਹਿੰਦੇ ਸਨ, ਉਨ੍ਹਾਂ ਦਾ ਅਸਲ ਪਿੰਡ ਪਠੇ ਵਿੰਡ, ਜ਼ਿਲ੍ਹਾ ਅੰਮ੍ਰਿਤਸਰ ਵਿਚ ਸਥਿਤ ਸੀ। ਆਪ ਜੀ ਦੀ ਮਾਤਾ ਦਾ ਨਾਮ ਤ੍ਰਿਪਤਾ ਦੇਵੀ ਸੀ। ਮਾਂ ਦਾ ਪੇਕਾ ਪਿੰਡ 'ਚਾਹਲ' ਜ਼ਿਲ੍ਹਾ ਲਾਹੌਰ ਵਿੱਚ ਸੀ। ਆਪ ਦੀ ਇਕਲੌਤੀ ਭੈਣ ਦਾ ਨਾਮ ਨਾਨਕੀ ਸੀ, ਜੋ ਆਪ ਜੀ ਤੋਂ ਉਮਰ ਵਿੱਚ ਪੰਜ ਸਾਲ ਵੱਡੇ ਸਨ।

**ਵਿਦਿਆ:**

ਗੁਰੂ ਨਾਨਕ ਦੇਵ ਜੀ ਦਾ ਬਚਪਨ ਤਲਵੰਡੀ ਵਿੱਚ ਹੀ ਬੀਤਿਆ। ਗੁਰੂ ਜੀ ਬਚਪਨ ਵਿਚ ਸਧਾਰਨ ਬੱਚਿਆਂ ਵਾਂਗ ਨਹੀਂ ਸਨ। ਉਨ੍ਹਾਂ ਦੀ ਬੁੱਧੀ ਬਹੁਤ ਹੀ ਤੇਜ਼, ਬਹੁਤ ਘੱਟ ਖਾਂਦੇ, ਬਹੁਤ ਘੱਟ ਸੌਂਦੇ, ਸਦਾ ਹੀ ਆਤਮ-ਚਿੰਤਨ ਵਿਚ ਮਗਨ ਰਹਿੰਦੇ ਸਨ। ਗੁਰੂ ਜੀ ਨੂੰ ਗੋਪਾਲ ਪੰਡਿਤ ਕੋਲ ਹਿੰਦੀ, ਬ੍ਰਿਜ ਲਾਲ ਪੰਡਿਤ ਕੋਲ ਸੰਸਕ੍ਰਿਤ ਅਤੇ ਮੌਲਵੀ ਕੁਤੱਬਦੀਨ ਕੋਲੋਂ ਫਾਰਸੀ ਪੜ੍ਹਣ ਲਈ ਭੇਜਿਆ ਗਿਆ ਪਰ ਇਹ ਬਾਲਕ ਸਧਾਰਨ ਨਹੀਂ ਸੀ ਉਹ ਤਾਂ ਪਰਮਾਤਮਾ ਦਾ ਰੂਪ ਸੀ। ਉਨ੍ਹਾਂ ਨੇ ਆਪਣੀ ਤਰਕ ਅਤੇ ਸੂਝ ਨਾਲ, ਸਭ ਅਧਿਆਪਕ ਹੈਰਾਨ ਕਰ ਦਿੱਤੇ। ਇਸ ਸਬੰਧੀ ਅਨੇਕਾਂ ਘਟਨਾਵਾਂ ਦਾ ਵਰਨਣ ਮਿਲਦਾ ਹੈ, ਜਿਨ੍ਹਾਂ ਵਿੱਚੋਂ ਇਕ ਮਹੱਤਵਪੂਰਨ ਘਟਨਾ ਅਧਿਆਪਕਾਂ ਦੇ ਸਾਹਮਣੇ ਪੈਂਤੀ ਦਾ ਨਵਾਂ ਵਿਆਖਿਆ ਸ਼ਾਸਤਰ ਖੜ੍ਹਾ ਕਰਨਾ ਸੀ। ਗੁਰੂ ਜੀ ਦਾ ਕੇਵਲ ਦਿਮਾਗ ਹੀ ਰੌਸ਼ਨ ਨਹੀਂ ਸੀ, ਸਗੋਂ ਉਨ੍ਹਾਂ ਨੂੰ ਆਤਮਿਕ ਜੀਵਨ ਦੀ ਬੜੀ ਸੂਝ ਸੀ। ਸਭ ਤੋਂ ਪਹਿਲਾਂ ਗੁਰੂ ਜੀ ਨੂੰ ਭੈਣ ਨਾਨਕੀ ਹੀ ਸਮਝ ਸਕੀ।

**ਜਨੇਊ ਦੀ ਰਸਮ:**

ਤਕਰੀਬਨ ਹਰੇਕ ਧਰਮ ਵਿਚ ਮਨੁੱਖ ਦੇ ਦੋ ਜਨਮ (ਸਰੀਰਕ ਜਨਮ ਅਤੇ ਦੂਜਾ ਆਤਮਿਕ ਜਨਮ) ਮੰਨੇ ਗਏ ਹਨ। ਪਹਿਲਾ ਜਨਮ ਮਾਂ ਤੋਂ ਮਿਲਦਾ ਹੈ ਅਤੇ ਦੂਜੇ ਜਨਮ ਦੀ ਪ੍ਰਾਪਤੀ ਲਈ ਖਾਸ ਉਮਰ ਉੱਤੇ ਪਹੁੰਚ ਕੇ ਧਾਰਮਿਕ ਮਰਿਆਦਾ ਧਾਰਨ ਕਰਨੀ ਪੈਂਦੀ ਹੈ। ਧਾਰਮਿਕ ਰਵਾਇਤਾਂ ਅਨੁਸਾਰ ਜਦ ਆਪ ਨੌਵੇਂ ਸਾਲ ਵਿੱਚ ਦਾਖਲ ਹੋਏ ਤਾਂ ਘਰ ਵਿੱਚ ਰਿਸ਼ਤੇਦਾਰਾਂ ਅਤੇ ਭਾਈਚਾਰੇ ਦਾ ਵੱਡਾ ਇਕੱਠ ਕੀਤਾ ਗਿਆ। ਬਾਲ ਨਾਨਕ ਵੱਡਾ ਹੋ ਗਿਆ ਸੀ ਇਸ ਲਈ ਜਨੇਊ ਦੀ ਪਵਿੱਤਰ ਰਸਮ ਦੀ ਪੂਰਤੀ ਕਰਨੀ ਸੀ। ਸੂਤਰ ਨੂੰ ਵੱਟ ਕੇ, ਤੀਹਰਾ ਕਰਕੇ ਇਕ ਡੋਰ (ਜਨੇਊ) ਵੱਟ ਕੇ ਅਤੇ ਇਸ ਡੋਰ ਨੂੰ ਗੱਲ ਵਿਚ ਪਾ ਕੇ ਖੱਬੇ ਮੋਢੇ ਤੋਂ ਪਹਿਨ ਕੇ ਸੱਜੀ ਵੱਖੀ ਵੱਲ ਲਟਕਾਇਆ ਜਾਂਦਾ ਸੀ। ਇਸ ਰਸਮ ਤੋਂ ਬਾਅਦ ਉਸ ਦਾ ਆਪਣੇ ਪਿਤਰੀ ਧਰਮ ਵਿਚ ਪ੍ਰਵੇਸ਼ ਮੰਨਿਆ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੂੰ

ਮਰਿਆਦਾ ਅਨੁਸਾਰ ਜਨੇਊ ਪਾਉਣ ਲਈ ਪੰਡਿਤ ਹਰਦਿਆਲ ਨੂੰ ਸੱਦਿਆ ਗਿਆ। ਪੂਰੀਆਂ ਖੁਸ਼ੀਆਂ ਕੀਤੀਆਂ ਗਈਆਂ ਪਰ ਜਦੋਂ ਹਰਦਿਆਲ ਪੰਡਿਤ ਅੱਗੇ ਹੋ ਕੇ ਜਨੇਊ ਗਲ ਵਿਚ ਪਾਉਣ ਲੱਗਾ ਤਾਂ ਗੁਰੂ ਜੀ ਨੇ ਨਾਂਹ ਕਰ ਦਿੱਤੀ। ਗੁਰੂ ਜੀ ਬੋਲੇ, ਜਨੇਊ ਨੂੰ ਤੁਸੀਂ ਪਵਿੱਤਰ ਧਾਰਮਿਕ ਰਸਮ ਕਹਿੰਦੇ ਹੋ ਪਰ ਜਨੇਊ ਪਾਉਣ ਵੇਲੇ ਜਾਤੀ ਆਧਾਰ 'ਤੇ ਵਿਤਕਰਾ ਕਰਕੇ ਤੁਸੀਂ ਪਰਮੇਸ਼ਰ ਦੀ ਸਾਜੀ ਇਸ ਸ੍ਰਿਸ਼ਟੀ ਦਾ ਅਪਮਾਨ ਕਰ ਰਹੇ ਹੋ, ਤੁਹਾਨੂੰ ਇਸ ਦਾ ਕੋਈ ਅਧਿਕਾਰ ਨਹੀਂ ਹੈ ਕਿਉਂਕਿ ਉਸ ਸਮੇਂ ਰਿਵਾਜ ਸੀ ਕਿ ਬ੍ਰਾਹਮਣਾਂ ਨੂੰ ਤਿੰਨ ਧਾਗਿਆਂ ਦਾ ਜਨੇਊ ਪਾਇਆ ਜਾਂਦਾ ਸੀ, ਖੱਤਰੀਆਂ ਨੂੰ ਦੋ ਧਾਗਿਆਂ ਦਾ, ਵੈਸ਼ਾਂ ਨੂੰ ਇਕ ਧਾਗੇ ਦਾ ਅਤੇ ਸ਼ੂਦਰਾਂ ਨੂੰ ਜਨੇਊ ਪਾਉਣ ਦਾ ਕੋਈ ਹੱਕ ਨਹੀਂ ਸੀ। ਸਾਰੀ ਲੋਕਾਈ ਮੂੰਹ ਵਿੱਚ ਉਂਗਲਾਂ ਪਾਉਣ ਲੱਗੀ। ਨਾਨਕ ਪਾਤਸ਼ਾਹ ਮੁਸਕਰਾਏ ਤੇ ਪਾਂਧੇ ਨੂੰ ਸੰਬੋਧਿਤ ਹੋ ਕੇ ਫੁਰਮਾਇਆ ਕਿ ਜਿਹੜਾ ਜਨੇਊ ਤੁਸੀਂ ਮੈਨੂੰ ਦੇ ਰਹੇ ਹੋ, ਇਹ ਤਾਂ ਕਪਾਹ ਦੇ ਧਾਗੇ ਦਾ ਹੈ। ਇਹ ਮੈਲਾ ਵੀ ਹੋ ਜਾਏਗਾ, ਇਹ ਟੁੱਟ ਵੀ ਜਾਏਗਾ। ਪੰਡਿਤ ਜੀ ਨੇ ਬਹੁਤ ਸਮਝਾਇਆ। ਪਿਤਾ ਜੀ ਨੇ ਪਿਆਰ ਵੀ ਕੀਤਾ ਤੇ ਡਰਾਵੇ ਵੀ ਦਿੱਤੇ ਪਰ ਗੁਰੂ ਜੀ ਨੇ ਕਿਹਾ ਕਿ ਆਤਮਿਕ ਜਨਮ ਲਈ ਆਤਮਿਕ ਜਨੇਊ ਦੀ ਲੋੜ ਹੈ:-

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥

ਜੇ ਪੰਡਿਤ ਜੀ ਕੋਲ ਉਹ ਜਨੇਊ ਹੈ ਤਾਂ ਅਸੀਂ ਪਾ ਲੈਂਦੇ ਹਾਂ। ਸਾਕ ਸਕੀਰੀ, ਭਾਈਚਾਰਾ ਸਮੇਤ ਪੰਡਿਤ ਹਰਦਿਆਲ ਦੇ ਸਾਰੇ ਲੋਕ ਬੁੜ-ਬੁੜ ਕਰਦੇ ਘਰਾਂ ਨੂੰ ਮੁੜ ਗਏ। ਕਰਮ-ਕਾਂਡ ਦੇ ਕਈ ਸਦੀਆਂ ਦੇ ਬਣੇ ਪੱਕੇ ਭਰਮ-ਗੜ੍ਹ ਉੱਤੇ ਨੌਂ ਸਾਲਾਂ ਦੇ ਬਾਲਕ (ਗੁਰੂ ਨਾਨਕ ਦੇਵ ਜੀ) ਦੀ ਇਹ ਪਹਿਲੀ ਕਰਾਰੀ ਚੋਟ ਸੀ। ਸਮਾਜ ਸੁਧਾਰ ਵਿੱਚ ਇਹ ਉਨ੍ਹਾਂ ਦੀ ਪਹਿਲੀ ਜਿੱਤ ਸੀ।

**ਮੱਝਾਂ ਚਰਾਉਣੀਆਂ:**

ਬਾਬਾ ਕਾਲੂ ਜੀ ਦੀ ਆਪਣੀ ਵੀ ਕੁੱਝ ਜ਼ਮੀਨ ਸੀ ਪਰ ਉਹ ਜ਼ਿਆਦਾਤਰ ਆਪ ਖੇਤੀ ਕਰਨ ਨਾਲੋਂ ਪਟਵਾਰ ਵੱਲ ਹੀ ਵਧੇਰੇ ਧਿਆਨ ਦਿੰਦੇ ਸਨ। ਉਨ੍ਹਾਂ ਨੂੰ ਰਾਇ ਬੁਲਾਰ ਦੇ ਦਸ ਪਿੰਡਾਂ ਦੀ ਪਟਵਾਰ ਕਰਨੀ ਪੈਂਦੀ ਸੀ। ਖੇਤੀ ਦਾ ਕੰਮ ਜ਼ਿਆਦਾਤਰ ਕਿਸਾਨਾਂ ਤੋਂ ਹੀ ਕਰਵਾਉਂਦੇ ਸਨ। ਗੁਰੂ ਜੀ ਵੀ ਆਪਣੀ ਜ਼ਮੀਨ ਵੱਲ ਫੇਰਾ ਤੋਰਾ ਰੱਖਦੇ ਸਨ। ਇਕ ਦਿਨ ਮੱਝਾਂ ਚਰਾਉਣ ਚਲੇ ਗਏ। ਉੱਥੇ ਜਾ ਕੇ ਧਿਆਨ ਵਾਹਿਗੁਰੂ ਜੀ ਦੀ ਭਗਤੀ ਵੱਲ ਲੱਗ ਗਿਆ। ਕਿਸੇ ਠੰਡੀ ਜਿਹੀ ਛਾਂ ਥੱਲੇ ਲੇਟ ਗਏ ਨੀਂਦ ਆ ਗਈ। ਮੱਝਾਂ ਰੋਜ਼ ਦਾ ਘਾਹ ਚੁੱਗ-ਚੁੱਗ ਕੇ ਅੱਕ ਗਈਆਂ ਸਨ। ਉਹ ਨਾਲ ਲੱਗਦੀ ਕਿਸੇ ਕਿਸਾਨ ਦੀ ਹਰੀ ਭਰੀ ਫਸਲ ਵਿਚ ਵੜ ਗਈਆਂ।

ਉੱਧਰ ਕਿਸਾਨ ਵੀ ਖੇਤਾਂ ਵੱਲ ਫੇਰਾ ਮਾਰਨ ਆ ਗਿਆ। ਉਸਨੇ ਮੱਝਾਂ ਨੂੰ ਫਸਲ ਉਜਾੜਦਿਆਂ ਵੇਖਿਆ। ਗੁਰੂ ਜੀ ਨੂੰ ਰਾਇ ਬੁਲਾਰ ਕੋਲ ਫੜਕੇ ਲੈ ਗਿਆ। ਜਾਂਦੇ-ਜਾਂਦੇ ਗੁਰੂ ਜੀ ਨੇ ਪਿਆਰ ਭਰੀ ਨਜ਼ਰ ਨਾਲ ਖੇਤਾਂ ਵੱਲ ਦੇਖਿਆ। ਖੇਤ ਦੇ ਭਾਗ ਜਾਗ ਗਏ। ਰਾਇ ਬੁਲਾਰ ਨੇ ਬੰਦਾ ਵੇਖਣ ਲਈ ਭੇਜਿਆ। ਉੱਥੇ ਕੋਈ ਨੁਕਸਾਨ ਹੀ ਨਹੀਂ ਹੋਇਆ ਸੀ।

**ਮੰਗਣੀ ਅਤੇ ਵਿਆਹ:**

ਗੁਰੂ ਨਾਨਕ ਦੇਵ ਜੀ ਦੀ ਮੰਗਣੀ 1485 ਈ. ਨੂੰ ਹੋਈ, ਉਸ ਵੇਲੇ ਉਨ੍ਹਾਂ ਦੀ ਉਮਰ 16 ਸਾਲ ਦੀ ਸੀ ਅਤੇ ਵਿਆਹ 18 ਸਾਲ ਦੀ ਉਮਰ ਵਿਚ 1487 ਈ. ਨੂੰ ਹੋਇਆ ਸੀ। ਨਗਰ ਵਟਾਲੇ ਦੇ ਰਹਿਣ ਵਾਲੇ ਮੂਲ ਚੰਦ ਜੀ ਨੇ ਆਪਣੀ ਲੜਕੀ ਦਾ ਸਾਕ ਦਿੱਤਾ ਸੀ। ਗੁਰੂ ਪਤਨੀ ਦਾ ਮੂਲ ਨਾਮ ਸੁਲੱਖਣੀ ਸੀ। ਧੂਮ-ਧਾਮ ਨਾਲ ਵਿਆਹ ਹੋਇਆ। ਇਸ ਵਿਆਹ ਵਿੱਚ ਵਿਚੋਲੇ ਦੀ ਭੂਮਿਕਾ ਭਾਈ ਜੈ ਰਾਮ ਨੇ ਨਿਭਾਈ। ਭਾਈ ਜੈ ਰਾਮ ਨਾਨਕੀ ਜੀ ਦੇ ਪਤੀ ਸਨ ਅਤੇ ਮਹਿਕਮਾ ਮਾਲ ਦੇ ਕੰਮ ਦੇ ਸੰਬੰਧ ਵਿੱਚ ਇਸ ਪਿੰਡ ਵਿੱਚ ਉਹ ਅਕਸਰ ਆਉਂਦੇ ਜਾਂਦੇ ਰਹਿੰਦੇ ਸਨ। ਗੁਰੂ ਜੀ ਦੇ ਘਰ ਦੋ ਪੁੱਤਰਾਂ ਸ੍ਰੀ ਚੰਦ ਅਤੇ ਲਖਮੀ ਚੰਦ ਨੇ ਜਨਮ ਲਿਆ। ਹੋਰਨਾ ਕਾਰਜਾਂ ਵਾਂਗ ਵਿਆਹ ਨੇ ਵੀ ਉਨ੍ਹਾਂ ਦੇ ਕਾਰ-ਵਿਹਾਰ ਵਿੱਚ ਕੋਈ ਤਬਦੀਲੀ ਨਾ ਲਿਆਂਦੀ।

**ਮਰਦਾਨਾ:**

ਮਰਦਾਨਾ ਛੋਟੇ ਹੁੰਦਿਆਂ ਤੋਂ ਗੁਰੂ ਜੀ ਦੇ ਘਰ ਆਉਂਦਾ ਜਾਂਦਾ ਰਹਿੰਦਾ ਸੀ। ਉਸ ਦੇ ਪਿਤਾ ਪਿੰਡ ਦੇ ਮਰਾਸੀ ਸਨ। ਉਹ ਗੁਰੂ ਸਾਹਿਬ ਦੇ ਪਿਤਾ ਜੀ ਕੋਲ ਆਉਣ ਲੱਗਾ। ਉਸ ਦੇ ਨਾਲ ਹੀ ਮਰਦਾਨਾ ਵੀ ਘਰ ਆ ਜਾਂਦਾ ਸੀ। ਹੌਲੀ-ਹੌਲੀ ਗੁਰੂ ਜੀ ਦਾ ਤੇ ਭਾਈ ਮਰਦਾਨੇ ਦਾ ਬਹੁਤ ਪਿਆਰ ਪੈ ਗਿਆ। ਗੁਰੂ ਜੀ ਬਾਣੀ ਕੀਰਤਨ ਕਰਦੇ ਤੇ ਮਰਦਾਨਾ ਨਾਲ ਨਾਲ ਰਬਾਬ ਵਜਾਂਦਾ ਸੀ। ਸਾਰੀਆਂ ਹੀ ਉਦਾਸੀਆਂ ਵੇਲੇ ਭਾਈ ਮਰਦਾਨਾ ਗੁਰੂ ਜੀ ਦੇ ਨਾਲ ਗਿਆ। ਗੁਰੂ ਜੀ ਨੇ ਮਰਦਾਨੇ ਨੂੰ ਨਾਲ ਰੱਖ ਕੇ ਉਚ-ਨੀਚ ਦਾ ਭੇਦ ਮਿਟਾਇਆ।

**ਸੱਚਾ ਸੌਦਾ:**

ਪਰਿਵਾਰ ਦੇ ਮੈਂਬਰਾਂ ਨਾਲ ਸੋਚ ਵਿਚਾਰ ਤੋਂ ਬਾਅਦ ਮਹਿਤਾ ਕਾਲੂ ਜੀ ਨੂੰ ਇਕ ਤਰਕੀਬ ਸੁੱਝੀ ਕਿ ਕਿਉਂ ਨਾ ਨਾਨਕ ਨੂੰ ਵਪਾਰ ਵਿੱਚ ਪਾ ਦਿੱਤਾ ਜਾਵੇ। ਸ਼ਾਇਦ ਇਸ ਨੂੰ ਕੋਈ ਦੁਨੀਆਂਦਾਰੀ ਦੀ ਸਮਝ ਲੱਗੇ। ਗੁਰੂ ਜੀ ਨੂੰ ਬਾਬਾ ਕਾਲੂ ਜੀ ਨੇ 20 ਰੁਪਏ ਦੇ ਕੇ ਵਪਾਰ ਕਰਨ ਲਈ ਆਖਿਆ। ਉਦੋਂ ਤਲਵੰਡੀ ਦੇ ਲਾਗੇ ਤਿੰਨ ਹੀ ਵੱਡੇ ਨਗਰ ਲੱਗਦੇ ਸਨ ਚੂਹੜਕਾਣਾ, ਸੈਦਪੁਰ, ਲਾਹੌਰ। ਇਹ ਸੰਨ 1503 ਈ. ਦੀ ਗੱਲ ਹੈ। ਦੇਸ਼ ਵਿਚ ਕਾਲ ਪਿਆ ਹੋਇਆ ਸੀ। ਗੁਰੂ ਜੀ ਦੇ ਨਾਲ ਭਾਈ ਮਰਦਾਨਾ ਵੀ ਸੀ। ਜਦੋਂ ਗੁਰੂ ਜੀ ਚੂਹੜਕਾਣੇ ਗਏ ਤਾਂ ਉੱਥੇ ਕਈ ਭੁੱਖੇ ਸਾਧੂ ਮਿਲ

ਗਏ। ਗੁਰੂ ਜੀ ਸਾਰੇ ਹੀ ਪੈਸੇ ਭੁੱਖਿਆਂ ਸਾਧੂਆਂ ਨੂੰ ਖੁਆ ਕੇ, ਕੱਪੜੇ ਲੀੜੇ ਦੁਆ ਕੇ ਸੱਚਾ ਸੌਦਾ ਕਰ ਘਰ ਨੂੰ ਆ ਗਏ। ਜਿਸ ਕਰਕੇ ਪਿਤਾ ਕਾਲੂ ਬਹੁਤ ਨਰਾਜ਼ ਹੋਏ। ਰਾਏ ਬੁਲਾਰ ਜੋ ਉਥੋਂ ਦਾ ਚੌਧਰੀ ਸੀ ਅਤੇ ਹਮੇਸ਼ਾ ਬਾਲ ਗੁਰੂ ਵਿੱਚ ਅੱਲਾ ਦੇ ਦਰਸ਼ਨ ਕਰਦਾ ਸੀ, ਇਸ ਗੱਲ ਨਾਲ ਮਹਿਤਾ ਕਾਲੂ ਜੀ 'ਤੇ ਬਹੁਤ ਨਰਾਜ਼ ਹੋਇਆ। ਨਾਨਕ ਵੱਲੋਂ ਖਰਚੇ ਵੀਹ ਰੁਪਏ ਦੇ ਕੇ ਆਖਿਆ "ਅੱਗੇ ਤੋਂ ਇਸ ਇਲਾਹੀ ਬਾਲ ਨੂੰ ਕੁਝ ਨਾ ਕਿਹਾ ਜਾਵੇ। ਇਹ ਅਸਾਡਾ ਹੁਕਮ ਹੈ। ਕਾਲੂ ਜੀ, ਤੁਹਾਨੂੰ ਪਤਾ ਨਹੀਂ ਨਾਨਕ ਕਰਕੇ ਹੀ ਤਲਵੰਡੀ ਹਰੀ ਭਰੀ ਹੈ, ਨਹੀਂ ਤੇ ਕਦ ਦੀ ਉਜੜ ਜਾਂਦੀ।" ਬਾਲ ਗੁਰੂ ਖੇਤਾਂ ਵਿੱਚ ਘੁੰਮ ਰਹੇ ਸਨ। ਇਤਫ਼ਾਕ ਵਸ ਰਾਏ ਬੁਲਾਰ ਵੀ ਆਪਣੇ ਅਹਿਲਕਾਰਾਂ ਨਾਲ ਘੋੜੀ 'ਤੇ ਚੜ੍ਹਕੇ ਉੱਧਰ ਨਿਕਲ ਆਇਆ। ਨਾਨਕ ਪਾਤਸ਼ਾਹ ਨੂੰ ਵੇਖਦੇ ਹੀ ਘੋੜੀ ਤੋਂ ਹੇਠਾਂ ਉੱਤਰਿਆ, ਪੈਰਾਂ ਤੋਂ ਜੁੱਤੀ ਲਾਹੀ ਤੇ ਸਿਜਦਾ ਕੀਤਾ। ਨੰਗੇ ਪੈਰ ਬਾਲ ਗੁਰੂ ਤੱਕ ਗਿਆ, ਫਿਰ ਝੁਕਿਆ ਅਤੇ ਕਿਹਾ 'ਅਰਦਾਸ ਕਬੂਲ ਕਰ।' ਬਾਲ ਗੁਰੂ ਮੁਸਕਾਏ ਅਤੇ ਬੋਲੇ 'ਅਰਦਾਸ ਕਬੂਲ ਭਈ' ਮੰਨਿਆ ਜਾਂਦਾ ਹੈ ਕਿ ਇਹ ਅਰਦਾਸ ਕਬੂਲ ਭਈ ਤੋਂ ਬਾਅਦ ਹੀ ਰਾਏ ਬੁਲਾਰ ਦੇ ਘਰ ਬੇਟਾ ਪੈਦਾ ਹੋਇਆ। ਬੇਟਾ ਪੈਦਾ ਹੋਣ ਤੋਂ ਬਾਅਦ ਰਾਏ ਬੁਲਾਰ ਨੇ ਅੱਧੀ ਜ਼ਮੀਨ ਆਪਣੇ ਬੇਟੇ ਦੇ ਨਾਮ ਅਤੇ ਅੱਧੀ ਬਾਲ ਗੁਰੂ ਦੇ ਨਾਮ ਕਰ ਦਿੱਤੀ।

**ਸੁਲਤਾਨਪੁਰ ਮੋਦੀ ਖਾਨਾ:**

ਮਾਤਾ ਪਿਤਾ ਦੀ ਚਿੰਤਾ ਤੇ ਪਰੇਸ਼ਾਨੀ ਨੂੰ ਵੇਖਦੇ ਹੋਏ ਭੈਣ ਨਾਨਕੀ ਨੇ ਆਪ ਨੂੰ ਸੁਲਤਾਨਪੁਰ ਬੁਲਾ ਲਿਆ। ਭਾਈਆ ਜੈ ਰਾਮ ਜੀ ਉੱਥੇ ਨਵਾਬ ਦਾ ਨੌਕਰ ਸੀ। ਉਸ ਨੇ ਨਵਾਬ ਨੂੰ ਕਹਿ ਕੇ ਗੁਰੂ ਜੀ ਨੂੰ ਮੋਦੀ ਖਾਨੇ ਵਿਚ ਨੌਕਰੀ ਦੁਆ ਦਿੱਤੀ। ਇਹ ਉਸ ਵੇਲੇ ਦੀ ਬਹੁਤ ਇੱਜ਼ਤ ਵਾਲੀ ਨੌਕਰੀ ਸੀ।ਉਹ ਪੂਰਾ ਤੋਲਦੇ ਸਨ। ਕਿਸੇ ਨਾਲ ਬੇਈਮਾਨੀ ਨਹੀਂ ਕਰਦੇ ਅਤੇ ਮਿੱਠਾ ਬੋਲਦੇ ਸਨ। ਆਪ ਆਪਣੀ ਕਮਾਈ ਗਰੀਬਾਂ ਨੂੰ ਦਾਨ ਪੁੰਨ ਵਿੱਚ ਦੇ ਦਿੰਦੇ ਅਤੇ ਅਨਾਜ ਤੋਲਦੇ ਤੇਰਾਂ 'ਤੇ ਆ ਰੁਕ ਜਾਂਦਾ ਅਤੇ ਫਿਰ ਤੇਰਾ ਤੇਰਾ ਕਰਦਿਆਂ ਪੰਡ ਚੁਕਾ ਦਿੰਦੇ। ਮੋਦੀਖਾਨੇ ਦੇ ਮਾਲਕ ਕੋਲ ਸ਼ਿਕਾਇਤਾਂ ਦੀ ਝੜੀ ਲੱਗ ਗਈ। ਮਾਲਕ ਕ੍ਰੋਧਿਤ ਹੋਇਆ, ਉਸਨੇ ਸੋਚਿਆ ਨਾਨਕ ਨੇ ਮੋਦੀਖਾਨਾ ਤਾਂ ਲੁਟਾ ਹੀ ਦਿੱਤਾ ਹੋਣਾ।ਪੜਤਾਲੀਆ ਕਮੇਟੀ ਬੈਠ ਗਈ। ਪੁੱਛ-ਪੜਤਾਲ ਹੋਈ, ਸਾਰਾ ਹਿਸਾਬ ਕਿਤਾਬ ਠੀਕ ਨਿਕਲਿਆ। ਸ਼ਿਕਾਇਤੀ ਸ਼ਰਮਸਾਰ ਹੋਏ। ਮਾਲਕ ਨੇ ਪਸ਼ਚਾਤਾਪ ਕੀਤਾ।

**ਵੇਈ ਨਦੀ:**

ਇਕ ਦਿਨ ਗੁਰੂ ਜੀ ਰੋਜ਼ ਦੀ ਤਰ੍ਹਾਂ ਵੇਈ ਨਦੀ, ਸੁਲਤਾਨਪੁਰ ਵਿਚ ਇਸ਼ਨਾਨ ਕਰਨ ਗਏ ਪਰ ਨਦੀ ਵਿਚੋਂ ਬਾਹਰ ਨਹੀਂ ਨਿਕਲੇ। ਬੇਬੇ ਨਾਨਕੀ ਸਮੇਤ ਸਾਰਿਆਂ ਨੇ ਸੋਚਿਆ ਕਿ ਗੁਰੂ ਜੀ ਡੁੱਬ ਗਏ ਹਨ ਪਰ ਫਿਰ ਬੇਬੇ ਨਾਨਕੀ ਨੇ

ਸੋਚਿਆ ਕਿ ਉਹ ਦੁਨੀਆਂ ਨੂੰ ਤਾਰਨ ਵਾਲਾ ਹੈ, ਆਪ ਕਿਵੇਂ ਡੁੱਬ ਸਕਦਾ ਹੈ। ਉਨ੍ਹਾਂ ਸੋਚਿਆ ਕਿ ਉਹ ਕੋਈ ਕੌਤਕ ਰਚਾ ਰਹੇ ਹਨ। ਸਾਰੇ ਪਾਸੇ ਉਦਾਸੀ ਦਾ ਆਲਮ ਛਾ ਗਿਆ। ਮਾਂ-ਬਾਪ ਨੂੰ ਖ਼ਬਰ ਕਰ ਦਿੱਤੀ ਗਈ। ਕੀ ਮੁਸਲਮਾਨ, ਕੀ ਹਿੰਦੂ, ਸਭ ਦੀ ਅੱਖਾਂ ਵਿੱਚ ਅੱਥਰੂ ਸਨ। ਲੋਕ ਅਜੇ ਉਦਾਸੀ ਦੇ ਆਲਮ ਵਿੱਚ ਹੀ ਸਨ ਕਿ ਖਬਰ ਮਿਲੀ ਕਿ ਨਾਨਕ ਤਾਂ ਸ਼ਮਸ਼ਾਨ ਘਾਟ ਵਿੱਚ ਬੈਠਾ 'ਨਾ ਕੋ ਹਿੰਦੂ ਨਾ ਮੁਸਲਮਾਨ' ਦਾ ਹੋਕਾ ਦੇ ਰਿਹਾ ਹੈ। ਸਾਰੇ ਹੀ ਸ਼ਹਿਰ ਦੇ ਲੋਕ, ਨਵਾਬ ਤੇ ਕਾਜ਼ੀ ਵੀ ਗੁਰੂ ਜੀ ਕੋਲ ਗਏ। ਬਾਬਾ ਨਿਰੰਤਰ 'ਨਾ ਕੋ ਹਿੰਦੂ ਨਾ ਮੁਸਲਮਾਨ' ਦਾ ਹੋਕਾ ਦੇ ਰਹੇ ਸਨ। ਗੁਰੂ ਜੀ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਕੇਵਲ ਹਿੰਦੂ ਜਾਂ ਮੁਸਲਮਾਨ ਅਖਵਾਉਣ ਨਾਲ ਕੋਈ ਵੱਡਾ ਜਾਂ ਛੋਟਾ ਨਹੀਂ ਹੋ ਜਾਂਦਾ।

**ਭਾਈ ਲਾਲੋ ਤੇ ਮਲਕ ਭਾਗੋ:**

ਗੁਰੂ ਨਾਨਕ ਦੇਵ ਜੀ ਤਲਵੰਡੀ ਤੋਂ ਚੱਲ ਕੇ, ਚੂਹੜਕਾਣੇ ਦੇ ਰਸਤੇ ਤੋਂ ਸੈਦਪੁਰ ਪਹੁੰਚੇ। ਉੱਥੇ ਇਕ ਗਰੀਬ ਕਿਰਤੀ ਭਾਈ ਲਾਲੋ ਤਰਖਾਣ ਨੇ ਰੋਟੀ ਆਦਿਕ ਦੀ ਸੇਵਾ ਕੀਤੀ। ਸੈਦਪੁਰ ਦੇ ਪਠਾਣ ਹਾਕਮ ਦਾ ਇਕ ਅਹਿਲਕਾਰ ਮਲਕ ਭਾਗੋ ਸੀ। ਇਹ ਮਲਕ ਭਾਗੋ ਬੜਾ ਰਿਸ਼ਵਤ-ਖ਼ੋਰ ਸੀ। ਗੁਰੂ ਜੀ ਨੂੰ ਰੋਟੀ ਲਈ ਸੱਦਾ ਦਿੱਤਾ ਪਰ ਉਨ੍ਹਾਂ ਇਨਕਾਰ ਕਰ ਦਿੱਤਾ। ਮਲਕ ਭਾਗੋ ਨੂੰ ਇਸ ਗੱਲ ਦਾ ਗੁੱਸਾ ਲੱਗਿਆ। ਭਰੇ ਇਕੱਠ ਵਿਚ ਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਕਮਾਈ ਹੱਕ ਦੀ ਹੋਣੀ ਚਾਹੀਦੀ ਹੈ। ਤੈਨੂੰ ਇਹ ਗਿਲਾ ਹੈ ਕਿ ਅਸੀਂ ਭਾਈ ਲਾਲੋ ਦੇ ਘਰ ਕਿਉਂ ਰੋਟੀ ਖਾਂਦੇ ਹਾਂ। ਇਸ ਕਰਕੇ ਕਿਉਂਕਿ ਉਸ ਦੀ ਕਮਾਈ ਹੱਕ ਦੀ ਹੈ।


**ਉਦਾਸੀਆਂ:**

ਗੁਰੂ ਜੀ ਨੇ ਮੋਦੀਖਾਨੇ ਦੀ ਨੌਕਰੀ ਛੱਡ ਦਿੱਤੀ ਅਤੇ ਬਾਲ ਬੱਚਿਆਂ ਨੂੰ ਬੇਬੇ ਨਾਨਕੀ ਜੀ ਕੋਲ ਛੱਡ ਦਿੱਤਾ ਅਤੇ ਮਰਦਾਨੇ ਨੂੰ ਨਾਲ ਲੈ ਕੇ 1507 ਈ: ਨੂੰ ਸੁਲਤਾਨਪੁਰ ਤੋਂ ਦੁਨੀਆਂ ਦਾ ਭਲਾ ਕਰਨ ਲਈ ਚੱਲ ਪਏ। "ਚੜਿਆ ਸੋਧਣਿ ਧਰਤਿ ਲੁਕਾਈ"। ਗੁਰੂ ਪਾਤਸ਼ਾਹ ਨੇ ਧਰਤਿ ਲੋਕਾਈ ਸੋਧਿਣ ਹਿਤ ਪੂਰਬ, ਦੱਖਣ, ਉੱਤਰ, ਪੱਛਮ ਚਾਰੇ ਦਿਸ਼ਾਵਾਂ ਵੱਲ ਉਦਾਸੀਆਂ ਕੀਤੀਆਂ। ਉਦਾਸੀਆਂ ਦੇ ਵੇਰਵੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦੁਆਰਾ ਪ੍ਰਕਾਸ਼ਿਤ ਸਿੱਖ ਇਤਿਹਾਸ, (ਭਾਗ 1) ਨੂੰ ਮੁੱਖ ਸ੍ਰੋਤ ਵਜੋਂ ਲਿਆ ਗਿਆ ਹੈ।

**ਪਹਿਲੀ ਉਦਾਸੀ:**

ਗੁਰੂ ਜੀ ਦੀ ਪਹਿਲੀ ਉਦਾਸੀ ਪ੍ਰਸਿੱਧ ਹਿੰਦੂ ਤੀਰਥਾਂ ਵੱਲ ਸੀ, ਜਿੱਥੇ ਆਪ ਜੀ ਨੇ ਲੋਕਾਂ ਨੂੰ ਝੂਠੇ ਵਹਿਮਾਂ-ਭਰਮਾਂ ਵਿੱਚੋਂ ਕੱਢ ਕੇ ਹੱਕ ਸੱਚ ਦਾ ਰਾਹ ਵਿਖਾਇਆ, ਪਹਿਲੀ ਉਦਾਸੀ ਵਿੱਚ ਗੁਰੂ ਜੀ ਜਿੱਥੇ ਜਿੱਥੇ ਗਏ ਉਨ੍ਹਾਂ ਅਸਥਾਨਾਂ ਦਾ ਵੇਰਵਾ ਹੇਠ ਦਿੱਤੇ ਚਾਰਟ ਅਨੁਸਾਰ ਹੈ:

## ਗੁਰੂ ਨਾਨਕ ਦੇਵ ਜੀ ਦੀ ਪਹਿਲੀ ਉਦਾਸੀ





ਪਹਿਲੀ ਉਦਾਸੀ ਤੋਂ ਵਾਪਸ ਆ ਕੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਰਾਵੀ ਦੇ ਕੰਢੇ 'ਤੇ ਇਕ ਪਿੰਡ ਕਰਤਾਰਪੁਰ ਵਸਾਇਆ। ਕੁਝ ਸਮਾਂ ਗੁਰੂ ਜੀ ਨਗਰ ਵਸਾਉਣ ਦੇ ਆਹਰ ਵਿੱਚ ਰੁੱਝੇ ਰਹੇ ਪਰੰਤੂ ਛੇਤੀ ਹੀ ਦੂਜੀ ਉਦਾਸੀ ਲਈ ਚੱਲ ਪਏ।

### ਦੂਜੀ ਉਦਾਸੀ:

ਗੁਰੂ ਸਾਹਿਬ ਜੀ ਦੂਸਰੀ ਉਦਾਸੀ ਵਿੱਚ ਮੁਸਲਮਾਨਾਂ, ਫਕੀਰਾਂ, ਜੋਗੀਆਂ, ਬੋਧੀਆਂ ਤੇ ਜੈਨੀਆਂ ਦੇ ਪ੍ਰਮੁਖ ਅਸਥਾਨਾਂ ਤੇ ਗਏ, ਉਨ੍ਹਾਂ ਨਾਲ ਵਿਚਾਰ ਚਰਚਾ ਕੀਤੀ, ਉਨ੍ਹਾਂ ਨੂੰ ਪਰਮਾਤਮਾ ਦੀ ਭਗਤੀ ਦਾ ਸਹੀ ਰਾਹ ਵਿਖਾਇਆ। ਦੂਸਰੀ ਉਦਾਸੀ ਵਿੱਚ ਗੁਰੂ ਜੀ ਜਿੱਥੇ ਜਿੱਥੇ ਗਏ ਉਨ੍ਹਾਂ ਅਸਥਾਨਾ ਦਾ ਵੇਰਵਾ ਹੇਠ ਦਿੱਤੇ ਚਾਰਟ ਅਨੁਸਾਰ ਹੈ

## ਗੁਰੂ ਨਾਨਕ ਦੇਵ ਜੀ ਦੀ ਦੂਜੀ ਉਦਾਸੀ





### ਤੀਜੀ ਉਦਾਸੀ:

ਜਿਵੇਂ ਪਹਿਲੀ 'ਉਦਾਸੀ' ਸਮੇਂ ਸਤਿਗੁਰੂ ਦੀ ਪੁਰਬਾਂ ਸਮੇਂ ਤੀਰਥਾਂ ਉੱਤੇ ਇਕੱਠੇ ਹੋਏ ਯਾਤਰੂਆਂ ਨੂੰ ਅਧਿਆਤਮਿਕ ਜੀਵਨ ਦਾ ਸਹੀ ਰਸਤਾ ਵਿਖਾਉਣ ਦਾ ਯਤਨ ਕਰਦੇ ਰਹੇ ਸਨ, ਤਿਵੇਂ ਹੀ ਉਨ੍ਹਾਂ ਨੇ ਵੱਖ ਵੱਖ ਅਸਥਾਨਾਂ ਦੇ ਦਰਸ਼ਨ ਨੂੰ ਜਾ ਰਹੇ ਯਾਤਰੂਆਂ ਨੂੰ ਇਕ ਪਰਮਾਤਮਾ ਦੀ ਭਗਤੀ ਵੱਲ ਪਰੇਰਿਆ। ਇਸ ਉਦਾਸੀ ਸਮੇਂ ਗੁਰੂ ਜੀ ਭਾਈ ਮਰਦਾਨੇ ਸਮੇਤ ਜਦੋਂ ਸੁਮੇਰ ਪਰਬਤ ਪਹੁੰਚੇ, ਉੱਥੇ ਸਿੱਧਾਂ ਦੀ ਇਕ ਮੰਡਲੀ ਨਾਲ ਉਨ੍ਹਾਂ ਦੀ ਮੁਲਾਕਾਤ ਹੋਈ। ਗੁਰੂ ਜੀ ਨੇ ਸਿਧਾਂ ਨਾਲ ਗੋਸ਼ਟਿ ਕੀਤੀ, ਉਨ੍ਹਾਂ ਨੂੰ ਸਮਝਾਇਆ ਕਿ ਸਮਾਜ ਵਿੱਚ ਰਹਿ ਕੇ ਹੀ ਸਮਾਜ ਸੁਧਾਰਿਆ ਜਾ

ਸਕਦਾ ਹੈ। ਸਮਾਜਿਕ ਜੀਵਨ ਛੱਡਣਾ ਸਹੀ ਰਸਤਾ ਨਹੀਂ ਹੈ। ਕਸ਼ਮੀਰ ਵਿਚ ਉਸ ਸਮੇਂ ਬੁੱਤ-ਪੂਜਾ, ਮੂਰਤੀ-ਪੂਜਾ ਬਹੁਤ ਸੀ। ਕਸ਼ਮੀਰ ਵਿਦਵਾਨ ਪੰਡਿਤਾਂ ਦੀ ਰਿਹਾਇਸ਼ ਦਾ ਕੇਂਦਰੀ ਅਸਥਾਨ ਸੀ। ਉਨ੍ਹਾਂ ਦੇ ਪ੍ਰਭਾਵ ਹੇਠ ਕਰਮ-ਕਾਂਡ ਤੇ ਵਰਣ-ਵੰਡ ਦੇ ਕਾਰਨ ਸ਼ੂਦਰ-ਅਖਵਾਉਂਦੇ ਲੋਕ ਬਹੁਤ ਔਖੇ ਸਨ। ਗੁਰੂ ਨਾਨਕ ਦੇਵ ਜੀ ਨੇ ਕਰਮ-ਕਾਂਡ ਅਤੇ ਸ਼ੂਦਰਾਂ ਨਾਲ ਹੋ ਰਹੇ ਮਤ-ਭੇਦ ਦਾ ਖੰਡਨ ਕੀਤਾ। ਕਸ਼ਮੀਰ ਤੋਂ ਵਾਪਸ ਕਰਤਾਰਪੁਰ ਆ ਗਏ। ਅਸਥਾਨਾਂ ਦਾ ਵੇਰਵਾ ਹੇਠ ਦਿੱਤੇ ਚਾਰਟ ਅਨੁਸਾਰ ਹੈ:

**ਗੁਰੂ ਨਾਨਕ ਦੇਵ ਜੀ ਦੀ ਤੀਜੀ ਉਦਾਸੀ**





**ਚੌਥੀ ਉਦਾਸੀ:**

ਚੌਥੀ ਉਦਾਸੀ ਵਿੱਚ ਆਪ ਜੀ ਦਾ ਰੁਖ ਮੁਸਲਮਾਨੀ ਅਸਥਾਨਾਂ ਵੱਲ ਸੀ। ਕਰਤਾਰਪੁਰ ਤੋਂ ਚੱਲ ਕੇ ਵੱਖ ਵੱਖ ਥਾਵਾਂ ਨੂੰ ਭਾਗ ਲਾਉਂਦੇ ਮੱਕੇ ਪਹੁੰਚੇ। ਗੁਰੂ ਨਾਨਕ ਦੇਵ ਜੀ ਆਖ਼ਰੀ ਰਾਤ ਨੂੰ ਕਾਅਬੇ ਵੱਲ ਪੈਰ ਕਰਕੇ ਲੇਟ ਗਏ। ਹਿੰਦੁਸਤਾਨੀ ਕਾਫ਼ਲੇ ਦੇ ਇਕ ਹਾਜੀ ਜੀਊਣ ਨੇ ਗੁਰੂ ਨਾਨਕ ਦੇਵ ਜੀ ਨੂੰ ਪਏ ਵੇਖ ਆਖਿਆ ਕਿ ਇਹ ਕੌਣ ਕਾਫ਼ਰ ਹੈ ਖ਼ੁਦਾ ਦੇ ਘਰ ਵੱਲ ਪੈਰ ਕਰਕੇ ਪਿਆ ਹੈ ਸਤਿਗੁਰੂ ਜੀ ਨੇ ਧੀਰਜ ਨਾਲ ਉਸ ਨੂੰ ਆਖਿਆ ਕਿ ਮੇਰੇ ਪੈਰ ਉਸ ਪਾਸੇ ਕਰ ਦੇ, ਜਿਧਰ ਖ਼ੁਦਾ ਦਾ ਘਰ ਨਹੀਂ ਹੈ। ਜੀਊਣ ਸਮੇਤ ਸਾਰੇ ਹਾਜੀ ਵੀ ਹੈਰਾਨ ਹੋ ਗਏ। ਇਸ ਤੋਂ ਅੱਗੇ ਹਸਨ ਅਬਦਾਲ (ਪੰਜਾ ਸਾਹਿਬ) ਪਹੁੰਚੇ, ਇਥੇ ਰਹਿਣ ਵਾਲਾ ਪੀਰ ਵਲੀ ਕੰਧਾਰੀ ਹੰਕਾਰ ਵਿੱਚ ਲੋਕਾਂ ਨੂੰ ਤੰਗ ਕਰ ਰਿਹਾ ਸੀ, ਜੋ ਉਸ ਦੀ ਈਨ ਨਹੀਂ ਮੰਨਦੇ ਸਨ। ਗੁਰੂ ਜੀ ਦੀ ਮਿਹਰ ਨਾਲ ਉਹ ਮੋਮ-ਦਿਲ ਹੋ ਗਿਆ ਤੇ ਵਲੀ ਕੰਧਾਰੀ ਗੁਰੂ ਸਾਹਿਬ ਦਾ ਸ਼ਰਧਾਲੂ ਹੋ ਗਿਆ। ਉਥੇ ਸਤਿਗੁਰੂ ਜੀ ਦੇ ਆਗਮਨ ਦੀ ਯਾਦ ਵਿਚ ਆਲੀਸ਼ਾਨ ਗੁਰਦੁਆਰਾ 'ਪੰਜਾ ਸਾਹਿਬ' ਹੈ। ਹਸਨ ਅਬਦਾਲ ਤੋਂ ਸੈਦਪੁਰ (ਐਮਨਾਬਾਦ) ਆ ਗਏ। ਮੁਸਲਮਾਨ ਸ਼ਾਸ਼ਕ ਬਾਬਰ ਨੇ ਸੈਦਪੁਰ ਤੇ ਹਮਲਾ ਕਰ ਦਿੱਤਾ। ਬਾਬਰ ਦੀ ਜਿੱਤ ਹੋਈ। ਆਮ ਲੋਕਾਂ ਨਾਲ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨੇ ਨੂੰ ਵੀ ਕੈਦ ਕਰ ਲਿਆ। ਗੁਰੂ ਜੀ ਤੇ ਭਾਈ ਮਰਦਾਨਾ ਅਕਾਲ ਪੁਰਖ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਚੱਕੀਆਂ ਪੀਂਹਦੇ ਰਹੇ। ਬਾਬਰ ਤੱਕ ਇਹ ਗੱਲ ਪਹੁੰਚ ਗਈ। ਬਾਬਰ ਆ ਕੇ ਗੁਰੂ ਜੀ ਨੂੰ ਮਿਲਿਆ। ਗੁਰੂ ਜੀ ਨੇ ਉਸ ਨੂੰ ਬਿਨਾ ਕਿਸੇ ਭੈਅ ਤੋਂ ਮਨੁੱਖਤਾ ਦਾ

ਰਾਹ ਦੱਸਿਆ। ਬਾਬਰ ਨੇ ਸਾਰੇ ਕੈਦੀਆਂ ਨੂੰ ਛੱਡ ਦਿੱਤਾ ਪਰ ਉਹ ਲੋਕ ਸੈਦਪੁਰ ਵੱਲ ਵਾਪਸ ਜਾਣੋ ਡਰਦੇ ਸਨ। ਗੁਰੂ ਜੀ ਉਨ੍ਹਾਂ ਦੇ ਨਾਲ ਆਏ। ਉੱਜੜੇ, ਸਹਿਮੇ, ਡੌਰੇ-ਭੌਰੇ ਹੋਏ ਲੋਕਾਂ ਨੂੰ ਹੌਂਸਲਾ ਦੇਣ ਲਈ ਗੁਰੂ ਨਾਨਕ ਦੇਵ ਜੀ ਕੁਝ ਦਿਨ ਸੈਦਪੁਰ ਰਹੇ। ਫਿਰ ਗੁਰੂ ਜੀ ਕਰਤਾਰਪੁਰ ਆ ਪਹੁੰਚੇ।

### ਗੁਰੂ ਨਾਨਕ ਦੇਵ ਜੀ ਦੀ ਚੌਥੀ ਉਦਾਸੀ




**ਮੁਲਤਾਨ ਫੇਰੀ:**

ਗੁਰੂ ਜੀ ਨੂੰ ਕਰਤਾਰਪੁਰ ਵਿੱਚ 9 ਸਾਲ ਹੋ ਗਏ ਸਨ। ਇਸ ਸਮੇਂ ਗੁਰੂ ਨਾਨਕ ਦੇਵ ਜੀ ਦੀ ਉਮਰ 61 ਸਾਲ ਸੀ। ਅੱਚਲ ਜੋਗੀਆਂ ਦਾ ਮੰਦਰ ਸੀ। ਗੁਰੂ ਨਾਨਕ ਦੇਵ ਜੀ ਸ਼ਿਵ-ਰਾਤ੍ਰੀ ਸਮੇਂ ਭਾਈ ਮਰਦਾਨਾ ਜੀ ਨਾਲ ਅੱਚਲ ਆਏ। ਲੋਕ ਜੋਗੀਆਂ ਨੂੰ ਛੱਡ ਕੇ ਗੁਰੂ ਜੀ ਕੋਲ ਆ ਗਏ। ਜੋਗੀ ਵੀ ਗੁਰੂ ਜੀ ਕੋਲ ਆ ਕੇ ਲੱਗੇ ਕਰਾਮਾਤਾਂ ਵਿਖਾਉਣ। ਗੁਰੂ ਜੀ ਨੇ ਜੋਗੀਆਂ ਨੂੰ ਸਮਝਾਇਆ ਕਿ ਸਾਧ-ਸੰਗਤ ਕਰਨੀ ਅਤੇ ਨਾਮ ਸਿਮਰਨ ਹੀ ਅਸਲ ਕਰਾਮਾਤ ਹੈ। ਫਿਰ ਜੋਗੀਆਂ ਨਾਲ ਬੜੀ ਚਰਚਾ ਕੀਤੀ। ਗੁਰੂ ਜੀ ਭਾਈ ਮਰਦਾਨੇ ਸਮੇਤ ਅੱਚਲ ਤੋਂ ਮੁਲਤਾਨ ਪਹੁੰਚ ਗਏ। ਜਿਥੇ ਮੁਸਲਮਾਨ ਦੋ ਤਰ੍ਹਾਂ ਦੀਆਂ ਧਾਰਮਿਕ ਉਕਾਈਆਂ ਕਰ ਰਹੇ ਸਨ (1) ਕਬਰ-ਪ੍ਰਸਤੀ (2) ਆਪਣੇ ਆਪ ਨੂੰ ਖ਼ੁਦਾ ਆਖਣਾ। ਸਤਿਗੁਰੂ ਜੀ ਨੇ ਉਨ੍ਹਾਂ ਲੋਕਾਂ ਨੂੰ ਇਨ੍ਹਾਂ ਦੋਹਾਂ ਉਕਾਂਈਆਂ ਵਲੋਂ ਸੁਚੇਤ ਕੀਤਾ।ਮੁਲਤਾਨ ਤੋਂ ਫਿਰ ਗੁਰੂ ਜੀ ਕਰਤਾਰਪੁਰ ਵਾਪਸ ਆ ਗਏ ਅਤੇ ਇਥੇ ਉਹ ਖੇਤੀਬਾੜੀ ਦੇ ਨਾਲ-ਨਾਲ ਇਕ ਰੱਬ, ਇਕ ਲੋਕਾਈ ਅਤੇ ਇਕ ਸਮਾਜ ਦਾ ਉਪਦੇਸ਼ ਦਿੰਦੇ ਰਹੇ।

**ਬਾਣੀ:**

ਗੁਰੂ ਨਾਨਕ ਦੇਵ ਜੀ ਨੇ 19 ਰਾਗਾਂ ਵਿੱਚ ਬਾਣੀ ਰਚੀ ਜਿਸ ਵਿੱਚ ਮੂਲ ਮੰਤਰ, ਚਉਪਦੇ, ਅਸ਼ਟਪਦੀਆਂ, ਪਉੜੀਆਂ, ਸਲੋਕ, ਪਹਰੇ, ਅਲਾਹੁਣੀਆਂ, ਸੋਲਹੇ ਆਦਿ। ਸਿਰੀ, ਮਾਝ, ਗਾਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ , ਬਸੰਤ, ਸਾਰੰਗ, ਮਲਾਰ ਅਤੇ ਪਰਭਾਤੀ ਰਾਗ ਵਿੱਚ ਅੰਕਿਤ ਹਨ। ਇਸ ਤੋਂ ਇਲਾਵਾ

ਲੰਮੀਆਂ ਬਾਣੀਆਂ ਵਿੱਚ ਜਪੁ, ਪਹਰੇ, ਵਾਰ ਮਾਝ, ਪਟੀ, ਵਾਰ ਆਸਾ, ਅਲਾਹਣੀਆਂ, ਕੁਚਜੀ-ਸੁਚਜੀ, ਥਿਤੀ, ਓਅੰਕਾਰ, ਸਿਧ ਗੋਸਟਿ, ਬਾਰਹਮਾਹਾ ਅਤੇ ਵਾਰ ਮਲਾਰ ਹਨ।

**ਭਾਈ ਲਹਿਣਾ ਜੀ ਨੂੰ ਗੁਰਿਆਈ :**

ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਦੀਆਂ ਬੜੀਆਂ ਕਰੜੀਆਂ ਪ੍ਰੀਖਿਆਵਾਂ ਲਈਆਂ। ਗੁਰੂ ਜੀ ਦੀ ਉਮਰ ਇਸ ਸਮੇਂ ਲਗਭਗ 70 ਸਾਲ ਸੀ। ਗੁਰਿਆਈ ਦੀ ਚੋਣ ਸਮੇਂ ਯੋਗਤਾ ਨੂੰ ਮੁੱਖ ਰਖਦਿਆਂ ਆਪਣੇ ਸਾਹਿਬਜ਼ਾਦਿਆਂ, ਭਾਈ ਲਹਿਣਾ ਤੇ ਸਿੱਖਾਂ ਵਿਚੋਂ ਭਾਈ ਲਹਿਣਾ ਜੀ ਨੂੰ ਹਰ ਤਰ੍ਹਾਂ ਨਾਲ ਯੋਗ ਵੇਖ ਗੁਰਗੱਦੀ ਦੇਣ ਦਾ ਫੈਸਲਾ ਕੀਤਾ, ਸੋ ਉਨ੍ਹਾਂ 14 ਜੂਨ ਸੰਨ 1539 ਈ : ਨੂੰ ਆਪਣੇ ਪ੍ਰੇਮੀ ਬਾਬਾ ਬੁੱਢਾ ਜੀ ਨੂੰ ਬੁਲਾਇਆ।ਆਪ ਜੀ ਨੇ ਪੰਜ ਪੈਸੇ ਤੇ ਨਾਰੀਅਲ ਭਾਈ ਲਹਿਣੇ ਅੱਗੇ ਰੱਖ ਕੇ ਮੱਥਾ ਟੇਕਿਆ ਤੇ ਬਾਬੇ ਬੁੱਢੇ ਨੇ ਲਹਿਣਾ ਜੀ ਦੇ ਮੱਥੇ ਤੇ ਤਿਲਕ ਲਗਾਇਆ, ਤੇ ਇਸ ਤਰ੍ਹਾਂ ਲਹਿਣਾ ਜੀ ਗੁਰੂ ਅੰਗਦ ਦੇਵ ਜੀ ਬਣ ਗਏ। ਗੁਰਤਾ ਦੇਣ ਵੇਲੇ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਉਹ ਸਾਰੀ ਪੋਥੀ ਵੀ ਦੇ ਦਿੱਤੀ, ਜਿਸ ਉੱਤੇ ਆਪਣੀ ਸਾਰੀ ਬਾਣੀ ਲਿਖਦੇ ਰਹੇ ਸਨ। ਸੰਨ 1532 ਤੋਂ ਸੰਨ 1539 ਤੱਕ ਸੱਤ ਸਾਲ ਬਾਬਾ ਲਹਿਣਾ ਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਸੰਗਤ ਹਾਸਲ ਰਹੀ।

**ਗੁਰੂ ਜੀ ਜੋਤੀ ਜੋਤਿ ਸਮਾਏ :**

ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦੇ ਕੇ ਆਪ 1539 ਈਸਵੀ ਨੂੰ ਜੋਤੀ ਜੋਤਿ ਸਮਾ ਗਏ।

**ਗੁਰੂ ਨਾਨਕ ਦੇਵ ਜੀ ਦੀਆਂ ਮੂਲ ਸਿੱਖਿਆਵਾਂ ਜਾਂ ਉਪਦੇਸ਼ :**

1. **ਪਰਮਾਤਮਾ ਇਕ ਹੈ :** ਪਰਮਾਤਮਾ ਇਕ ਹੈ। ਇਕ ਹੀ ਪਰਮਾਤਮਾ ਦੀ ਭਗਤੀ ਕਰਨੀ ਚਾਹੀਦੀ ਹੈ। ਪਰਮਾਤਮਾ ਹਰ ਜਗ੍ਹਾ ਅਤੇ ਹਰ ਪ੍ਰਾਣੀ 'ਚ ਮੌਜੂਦ ਹੈ।
2. **ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛੱਕਣਾ :** ਗੁਰੂ ਨਾਨਕ ਦੇਵ ਜੀ ਦੀ ਮੂਲ ਸਿੱਖਿਆ ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛੱਕਣਾ ਹੈ। ਗੁਰੂ ਨਾਨਕ ਦੇਵ ਜੀ ਕਿਰਤ ਦੀ ਮਹੱਤਤਾ ਬਾਰੇ ਦੱਸਦੇ ਹਨ ਕਿ ਕਿਰਤ ਨੂੰ ਸਿਰਫ ਆਰਥਿਕ ਖੁਸ਼ਹਾਲੀ ਦਾ ਆਧਾਰ ਨਹੀਂ ਮੰਨਣਾ ਚਾਹੀਦਾ, ਸਗੋਂ ਸੱਚੀ ਕਿਰਤ ਜਿੱਥੇ ਸਮਾਜ ਦੇ ਵਿਕਾਸ ਦਾ ਮੁੱਖ ਆਧਾਰ ਹੁੰਦੀ ਹੈ, ਉੱਥੇ ਹੀ ਸੱਚ ਦਾ ਮਾਰਗ ਵੀ ਕਿਰਤ ਦੁਆਰਾ ਪਛਾਣਿਆ ਜਾ ਸਕਦਾ ਹੈ। ਗੁਰੂ ਸਾਹਿਬ ਨੇ ਖੁਦ ਮੱਝਾਂ ਚਾਰ ਕੇ, ਮੋਦੀ ਖਾਨੇ ਨੌਕਰੀ ਕਰਕੇ ਤੇ ਖੇਤੀਬਾੜੀ ਦਾ ਕਿੱਤਾ ਕਰਕੇ 'ਕਿਰਤ' ਦੀ ਮਹੱਤਤਾ ਨੂੰ ਦਰਸਾਇਆ।

3. **ਈਮਾਨਦਾਰੀ ਦੀ ਕਮਾਈ ਅਤੇ ਦਾਨ :** ਈਮਾਨਦਾਰੀ ਦੀ ਕਮਾਈ ਕਰਕੇ ਆਦਮਨ ਦਾ ਕੁਝ ਹਿੱਸਾ ਲੋੜਵੰਦਾਂ ਨੂੰ ਦਾਨ ਕਰਨਾ ਚਾਹੀਦਾ ਹੈ।
4. **ਪੰਜ ਵਿਕਾਰ :** ਗੁਰੂ ਜੀ ਨੇ ਕਾਮ, ਕ੍ਰੋਧ, ਲੋਭ, ਮੋਹ, ਮਾਇਆ ਨੂੰ ਮਨੁੱਖ ਦੇ ਸਭ ਤੋਂ ਵੱਡੇ ਦੁਸ਼ਮਣ ਕਿਹਾ ਹੈ। ਜਿਨ੍ਹਾਂ ਦਾ ਸੰਗ ਮਨੁੱਖ ਨੂੰ ਉਸ ਦੇ ਜੀਵਨ ਦੇ ਮੂਲ ਉਦੇਸ਼ ਤੋਂ ਦੂਰ ਕਰ ਦਿੰਦਾ ਹੈ।
5. **ਸੱਚ-ਆਚਾਰ :** ਗੁਰੂ ਜੀ ਸੱਚ ਨੂੰ ਸਭ ਤੋਂ ਵੱਡਾ ਮੰਨਦੇ ਹਨ ਅਤੇ ਸੱਚੇ-ਸੁੱਚੇ ਜੀਵਨ ਨੂੰ ਉਸ ਤੋਂ ਵੀ ਉੱਚਾ ਕਿਹਾ ਹੈ।
6. **ਭਾਣਾ ਮੰਨਣ :** ਗੁਰੂ ਜੀ ਨੇ ਮਨੁੱਖ ਨੂੰ ਭਾਣਾ ਮੰਨਣ ਭਾਵ ਪਰਮਾਤਮਾ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਦਾ ਉਪਦੇਸ਼ ਦਿੱਤਾ ਹੈ।
7. **ਚੜ੍ਹਦੀਕਲਾ ਅਤੇ ਸਰਬੱਤ ਦਾ ਭਲਾ :** ਮਨੁੱਖ ਨੂੰ ਹਰ ਸਥਿਤੀ ਵਿੱਚ ਚੜ੍ਹਦੀਕਲਾ ਵਿੱਚ ਰਹਿੰਦੇ ਹੋਏ ਸਰਬੱਤ ਦਾ ਭਲਾ ਮੰਗਣ ਦਾ ਉਪਦੇਸ਼ ਦਿੱਤਾ ਹੈ।
8. **ਵਿਦਿਆ ਦਾ ਅਸਲ ਮਨੋਰਥ :** ਗੁਰੂ ਜੀ ਦਾ ਸਮਾਜ ਨੂੰ ਉਪਦੇਸ਼ ਹੈ ਕਿ ਵਿਦਿਆ ਪ੍ਰਾਪਤੀ ਦਾ ਇਕੋ ਇਕ ਉਪਦੇਸ਼ ਪਰਉਪਕਾਰ ਹੋਣਾ ਚਾਹੀਦਾ ਹੈ। ਗੁਰਬਾਣੀ ਸਿਧਾਂਤ ਹੈ : ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥
9. **ਮਿੱਠਤ ਤੇ ਨਿਮਰਤਾ :** ਉਨ੍ਹਾਂ ਨੇ ਮਿੱਠਤ ਤੇ ਨਿਮਰਤਾ ਨੂੰ ਮਨੁੱਖਤਾ ਦਾ ਉੱਤਮ ਗੁਣ ਮੰਨਿਆ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਦਿੱਤਾ।
10. **ਔਰਤ ਦਾ ਸਨਮਾਨ :** 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦਾ ਉਪਦੇਸ਼ ਦਿੰਦੇ ਹੋਏ ਔਰਤ ਨੂੰ ਸਮਾਜ ਵਿੱਚ ਬਰਾਬਰਤਾ ਦਾ ਦਰਜਾ ਦਿੱਤਾ।

## ਪ੍ਰਸ਼ਨੋਤਰੀ

ਪ੍ਰਸ਼ਨ 1. ਸਿੱਖ ਧਰਮ ਦੇ ਬਾਨੀ ਗੁਰੂ ਕੌਣ ਸਨ ?

ੳ) ਗੁਰੂ ਨਾਨਕ ਦੇਵ ਜੀ　　ਅ) ਗੁਰੂ ਗੋਬਿੰਦ ਸਿੰਘ ਜੀ
ੲ) ਗੁਰੂ ਹਰਿਕ੍ਰਿਸ਼ਨ ਜੀ　　ਸ) ਗੁਰੂ ਹਰਿਰਾਇ ਜੀ

ਪ੍ਰਸ਼ਨ 2. ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਹੋਇਆ ?

ੳ) 1539 ਈ.　　ਅ) 1469 ਈ.
ੲ) 1669 ਈ.　　ਸ) 1699 ਈ.

ਪ੍ਰਸ਼ਨ 3. ਗੁਰੂ ਨਾਨਕ ਦੇਵ ਜੀ ਦੇ ਮਾਤਾ ਜੀ ਕੌਣ ਸਨ ?

ੳ) ਮਾਤਾ ਭਾਨੀ ਜੀ — ਅ) ਮਾਤਾ ਦਇਆ ਕੌਰ ਜੀ

ੲ) ਮਾਤਾ ਦਾਨੀ ਜੀ — ਸ) ਮਾਤਾ ਤ੍ਰਿਪਤਾ ਜੀ

ਪ੍ਰਸ਼ਨ 4. ਗੁਰੂ ਨਾਨਕ ਦੇਵ ਜੀ ਦੀ ਭੈਣ ਦਾ ਕੀ ਨਾਮ ਸੀ ?

ੳ) ਭਾਨੀ ਜੀ — ਅ) ਵੀਰੋ ਜੀ

ੲ) ਨਾਨਕੀ ਜੀ — ਸ) ਦਾਨੀ ਜੀ

ਪ੍ਰਸ਼ਨ 5. ਗੁਰੂ ਨਾਨਕ ਦੇਵ ਜੀ ਦੇ ਪਿਤਾ ਦਾ ਕੀ ਨਾਮ ਸੀ ?

ੳ) ਜੈ ਰਾਮ ਜੀ — ਅ) ਮੂਲ ਚੰਦ ਜੀ

ੲ) ਮਹਿਤਾ ਕਾਲੂ ਜੀ — ਸ) ਬਾਬਾ ਫੇਰੂ ਮੱਲ ਜੀ

ਪ੍ਰਸ਼ਨ 6. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਭਨਵੀਏ ਦਾ ਕੀ ਨਾਮ ਸੀ ?

ੳ) ਜੈ ਰਾਮ ਜੀ — ਅ) ਜੈ ਸ਼ਾਮ ਜੀ

ੲ) ਜੈ ਦਾਸ ਜੀ — ਸ) ਜੈ ਪ੍ਰਸਾਦ ਜੀ

ਪ੍ਰਸ਼ਨ 7. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਹਿਲ/ਸੁਪਤਨੀ ਕੌਣ ਸਨ ?

ੳ) ਮਾਤਾ ਜੀਤੋ — ਅ) ਮਾਤਾ ਗੰਗਾ

ੲ) ਮਾਤਾ ਸੁੰਦਰੀ — ਸ) ਮਾਤਾ ਸੁਲੱਖਣੀ

ਪ੍ਰਸ਼ਨ 8. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਿੰਨੇ ਪੁੱਤਰ ਸਨ ?

ੳ) 4 — ਅ) 3

ੲ) 2 — ਸ) 5

ਪ੍ਰਸ਼ਨ 9. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਦਾ ਨਾਮ ਦੱਸੋ ?

ੳ) ਬਾਬਾ ਲਸ਼ਮਣ ਦਾਸ ਜੀ — ਅ) ਬਾਬਾ ਸ੍ਰੀ ਚੰਦ ਜੀ,

ੲ) ਬਾਬਾ ਸ੍ਰੀ ਰਾਮ ਜੀ — ਸ) ਬਾਬਾ ਸ੍ਰੀ ਦਾਸ ਜੀ

ਪ੍ਰਸ਼ਨ 10. ਗੁਰੂ ਨਾਨਕ ਦੇਵ ਜੀ ਨੂੰ ਸਭ ਤੋਂ ਪਹਿਲਾਂ ਕਿਸ ਕੋਲ ਪੜ੍ਹਨ ਭੇਜਿਆ ਗਿਆ ਸੀ ?

ੳ) ਗੋਪਾਲ ਪਾਂਧਾ — ਅ) ਪੰਡਿਤ ਹਰਦਿਆਲ

ੲ) ਪੰਡਿਤ ਨਰੈਣ ਦਾਸ — ਸ) ਪੰਡਿਤ ਤਰਲੋਚਨ ਦਾਸ

ਪ੍ਰਸ਼ਨ 11. ਪਿਤਾ ਮਹਿਤਾ ਕਾਲੂ ਜੀ ਨੇ ਜਨੇਊ ਦੀ ਰਸਮ ਨਿਭਾਉਣ ਲਈ ਕਿਸ ਨੂੰ ਘਰ ਬੁਲਾਇਆ ?

ੳ) ਪੰਡਿਤ ਤਰਲੋਚਨ ਦਾਸ ਅ) ਗੋਪਾਲ ਪਾਂਧਾ

ੲ) ਪੰਡਿਤ ਹਰਦਿਆਲ ਸ) ਪੰਡਿਤ ਤਾਰਾ ਰਾਮ

ਪ੍ਰਸ਼ਨ 12. ਗੁਰੂ ਨਾਨਕ ਦੇਵ ਜੀ ਦੇ ਪਿਤਾ ਜੀ ਕਿਸ ਕੋਲ ਨੌਕਰੀ ਕਰਦੇ ਸਨ ?

ੳ) ਰਾਏ ਬੁਲਾਰ ਅ) ਜੈ ਰਾਮ

ੲ) ਨਵਾਬ ਸ) ਦੌਲਤ ਖਾਨ

ਪ੍ਰਸ਼ਨ 13. ਗੁਰੂ ਨਾਨਕ ਦੇਵ ਜੀ ਨੇ 'ਨਾ ਕੋ' ਹਿੰਦੂ ਨਾ ਮੁਸਲਮਾਨੋ ਦਾ ਹੋਕਾ ਕਿਸ ਜਗ੍ਹਾ ਦਿੱਤਾ ਸੀ ?

ੳ) ਸੁਲਤਾਨਪੁਰ ਅ) ਤਲਵੰਡੀ

ੲ) ਹਰਿਦੁਆਰ ਸ) ਮੱਕੇ

ਪ੍ਰਸ਼ਨ 14. ਗੁਰੂ ਨਾਨਕ ਦੇਵ ਜੀ ਜਦੋਂ ਕੀਰਤਨ ਕਰਦੇ ਸਨ ਤਾ ਰਬਾਬ ਕੌਣ ਵਜਾਉਂਦਾ ਸੀ ?

ੳ) ਭਾਈ ਲਾਲੋ ਜੀ ਅ) ਬਾਬਾ ਬੁੱਢਾ ਜੀ

ੲ) ਭਾਈ ਬਾਲਾ ਜੀ ਸ) ਭਾਈ ਮਰਦਾਨਾ ਜੀ

ਪ੍ਰਸ਼ਨ 15. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਤਾ ਨੇ ਉਨ੍ਹਾਂ ਨੂੰ ਵਪਾਰ ਲਈ ਕਿਤਨੇ ਰੁਪਏ ਦਿੱਤੇ ਸਨ।

ੳ) 10 ਰੁਪਏ ਅ) 20 ਰੁਪਏ

ੲ) 40 ਰੁਪਏ ਸ) 50 ਰੁਪਏ

ਪ੍ਰਸ਼ਨ 16. ਗੁਰੂ ਨਾਨਕ ਦੇਵ ਜੀ ਬੇਬੇ ਨਾਨਕੀ ਜੀ ਕੋਲ ਕਿੱਥੇ ਰਹਿੰਦੇ ਸਨ ?

ੳ) ਸੁਲਤਾਨਪੁਰ ਅ) ਅੰਮ੍ਰਿਤਸਰ

ੲ) ਲਾਹੌਰ ਸ) ਤਲਵੰਡੀ

ਪ੍ਰਸ਼ਨ 17. ਮਲਕ ਭਾਗੋ ਅਤੇ ਭਾਈ ਲਾਲੋ ਕਿੱਥੋਂ ਦੇ ਰਹਿਣ ਵਾਲੇ ਸਨ ?

ੳ) ਐਮਨਾਬਾਦ ਅ) ਲਾਹੌਰ

ੲ) ਸੈਦਪੁਰ ਸ) ਕਰਤਾਰਪੁਰ

ਪ੍ਰਸ਼ਨ 18. ਭਾਈ ਲਾਲੋ ਦਾ ਕਿੱਤਾ ਕੀ ਸੀ ?

ੳ) ਲੋਹਾਰਾ  ਅ) ਰਾਜਗੀਰੀ

ੲ)ਕਿਸਾਨੀ  ਸ) ਤਰਖਾਣ

ਪ੍ਰਸ਼ਨ 19. ਵਖਰੇ ਦੀ ਚੋਣ ਕਰੋ :

ੳ) ਸੱਜਣ ਠੱਗ  ਅ) ਕੌਡਾ ਰਾਖਸ਼

ੲ) ਵਲੀ ਕੰਧਾਰੀ  ਸ) ਭਾਈ ਮਰਦਾਨਾ

ਪ੍ਰਸ਼ਨ 20. ਗੁਰੂ ਨਾਨਕ ਦੇਵ ਜੀ ਦੇ ਧਰਮ ਪ੍ਰਚਾਰ ਲਈ ਕੀਤੇ ਦੌਰਿਆਂ ਨੂੰ ਕੀ ਕਿਹਾ ਜਾਂਦਾ ਹੈ

ੳ) ਉਦਾਸੀਆਂ  ਅ) ਫੇਰੀਆਂ

ੲ) ਯਾਤਰਾਵਾਂ  ਸ) ਚੁੱਬੀਆਂ

ਪ੍ਰਸ਼ਨ 21. ਭਾਈ ਮਰਦਾਨਾ ਜੀ ਕਿਸ ਗੁਰੂ ਸਾਹਿਬ ਨਾਲ ਉਦਾਸੀਆਂ ਤੇ ਗਏ?

ੳ) ਗੁਰੂ ਨਾਨਕ ਦੇਵ ਜੀ  ਅ) ਗੁਰੂ ਹਰਿਕ੍ਰਿਸ਼ਨ ਜੀ

ੲ) ਗੁਰੂ ਗੋਬਿੰਦ ਸਿੰਘ ਜੀ  ਸ) ਕਿਸੇ ਨਾਲ ਵੀ ਨਹੀਂ

ਪ੍ਰਸ਼ਨ 22. ਗੁਰੂ ਨਾਨਕ ਦੇਵ ਜੀ ਨੇ ਪਹਿਲੀ ਉਦਾਸੀ ਕਿੱਥੋਂ ਸ਼ੁਰੂ ਕੀਤੀ ?

ੳ) ਕਰਤਾਰਪੁਰ ਤੋਂ  ਅ) ਤਲਵੰਡੀ ਤੋਂ

ੲ) ਪੰਜਾ ਸਾਹਿਬ ਤੋਂ  ਸ) ਸੁਲਤਾਨਪੁਰ ਤੋਂ

ਪ੍ਰਸ਼ਨ 23. ਦੂਸਰੀ ਉਦਾਸੀ ਵੇਲੇ ਗੁਰੂ ਨਾਨਕ ਦੇਵ ਜੀ ਕਿਸ ਪਾਸੇ ਗਏ ?

ੳ) ਜੋਗੀਆਂ, ਫਕੀਰਾਂ ਵੱਲ  ਅ) ਸਿੱਧਾਂ ਵੱਲ

ੲ) ਹਿੰਦੂ ਤੀਰਥਾਂ ਵੱਲ  ਸ) ਮੱਕੇ

ਪ੍ਰਸ਼ਨ 24. ਕਿਹੜੇ ਗੁਰੂ ਵੇਈਂ ਵਿੱਚ ਡੁੱਬਕੀ ਲਗਾ ਕੇ ਤਿੰਨ ਦਿਨਾਂ ਲਈ ਅਲੋਪ ਹੋ ਗਏ ਸਨ?

ੳ) ਗੁਰੂ ਗੋਬਿੰਦ ਸਿੰਘ ਜੀ  ਅ) ਗੁਰੂ ਨਾਨਕ ਦੇਵ ਜੀ

ੲ) ਗੁਰੂ ਅਰਜਨ ਦੇਵ ਜੀ  ਸ) ਗੁਰੂ ਅਮਰਦਾਸ ਜੀ

ਪ੍ਰਸ਼ਨ 25. ਸੁਮੇਰ ਪਰਬਤ ਪਹੁੰਚ ਕੇ ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਕਿਨ੍ਹਾਂ ਨਾਲ ਹੋਈ ?

ੳ) ਸਿੱਧਾ ਨਾਲ — ਅ) ਜੋਗੀਆਂ ਨਾਲ

ੲ) ਨਾਥਾ ਨਾਲ — ਸ) ਪੰਡਤਾਂ ਨਾਲ

ਪ੍ਰਸ਼ਨ 26. ਗੁਰੂ ਨਾਨਕ ਦੇਵ ਜੀ ਨੇ ਕਿਹੜਾ ਨਗਰ ਵਸਾਇਆ ਸੀ ?

ੳ) ਗੋਇੰਦਵਾਲ — ਅ) ਅੰਮ੍ਰਿਤਸਰ

ੲ) ਕਰਤਾਰਪੁਰ — ਸ) ਤਰਨਤਾਰਨ

ਪ੍ਰਸ਼ਨ 27. ਗੁਰੂ ਨਾਨਕ ਦੇਵ ਜੀ ਦੀ ਬਾਣੀ ਕਿੰਨੇ ਰਾਗਾਂ ਵਿੱਚ ਹੈ ?

ੳ) 31 — ਅ) 19

ੲ) 22 — ਸ) 21

ਪ੍ਰਸ਼ਨ 28. ਗੁਰੂ ਨਾਨਕ ਸਾਹਿਬ ਨੇ ਗੁਰਗੱਦੀ ਕਿਸਨੂੰ ਸੌਂਪੀ?

ੳ) ਸ੍ਰੀ ਚੰਦ ਜੀ — ਅ) ਭਾਈ ਗੁਰਦਾਸ ਜੀ

ੲ) ਬਾਬਾ ਬੁੱਢਾ ਜੀ — ਸ) ਭਾਈ ਲਹਿਣਾ ਜੀ

ਪ੍ਰਸ਼ਨ 29. ਗੁਰੂ ਨਾਨਕ ਦੇਵ ਜੀ ਖੇਤੀਬਾੜੀ ਕਿੱਥੇ ਕਰਦੇ ਰਹੇ ?

ੳ) ਸੁਲਤਾਨਪੁਰ ਲੋਧੀ — ਅ) ਕਰਤਾਰਪੁਰ ਸਾਹਿਬ

ੲ) ਬਟਾਲੇ — ਸ) ਨਨਕਾਣਾ ਸਾਹਿਬ


ਪ੍ਰਸ਼ਨ 30. ਗੁਰੂ ਨਾਨਕ ਦੇਵ ਜੀ ਜੋਤੀ ਜੋਤਿ ਕਦੋਂ ਸਮਾਏ ?

ੳ) 1469 ਈ. — ਅ) 1569 ਈ.

ੲ) 1539 ਈ. — ਸ) 1529 ਈ.

## ਉੱਤਰਮਾਲਾ

ਉੱਤਰ:- 1.(ੳ), 2. (ਅ), 3. (ਸ), 4. (ੲ), 5. (ੲ), 6. (ੳ), 7.(ਸ), 8.(ੲ), 9.(ਅ), 10.(ੳ), 11.(ੲ), 12.(ਸ), 13.(ੳ), 14.(ਸ), 15.(ਅ),16.(ੳ), 17.(ੲ),18.(ਸ), 19.(ਸ), 20.(ੳ), 21.(ੳ), 22.(ਸ),23.(ੳ),24.(ਅ),25.(ੳ),26.(ੲ),27.(ਅ),28.(ਸ), 29.(ਅ), 30.(ੲ)


ਪਿਤਾ ਫੇਰੂ ਮੱਲ ਜੀ, ਮਾਤਾ ਦਇਆ ਕੌਰ ਜੀ
ਸ੍ਰੀ ਗੁਰੂ ਅੰਗਦ ਦੇਵ ਜੀ (ਦੂਜੀ ਪਾਤਸ਼ਾਹੀ)
ਬਾਬਾ ਦਾਤੂ ਜੀ
ਬਾਬਾ ਦਾਸੂ ਜੀ
ਬੀਬੀ ਅਮਰੋ ਜੀ
ਬੀਬੀ ਅਨੋਖੀ ਜੀ

# ਸ੍ਰੀ ਗੁਰੂ ਅੰਗਦ ਦੇਵ ਜੀ



**ਜਨਮ:**

ਗੁਰੂ ਅੰਗਦ ਦੇਵ ਜੀ ਸਿੱਖਾਂ ਦੇ ਦੂਜੇ ਗੁਰੂ ਹੋਏ ਹਨ। ਆਪ ਜੀ ਦਾ ਪ੍ਰਕਾਸ਼ 18 ਅਪ੍ਰੈਲ 1504 ਈਸਵੀ ਨੂੰ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ 'ਮੱਤੇ ਦੀ ਸਰਾਂ' ਵਿਖੇ ਹੋਇਆ।

**ਮਾਤਾ ਪਿਤਾ :**

ਗੁਰੂ ਅੰਗਦ ਦੇਵ ਜੀ ਦੇ ਮਾਤਾ ਦਇਆ ਕੌਰ ਅਤੇ ਪਿਤਾ ਬਾਬਾ ਫੇਰੂ ਮੱਲ ਜੀ ਸਨ। ਗੁਰੂ ਅੰਗਦ ਦੇਵ ਜੀ ਦੇ ਬਚਪਨ ਦਾ ਨਾਮ 'ਲਹਿਣਾ' ਸੀ। ਬਾਬਾ ਫੇਰੂ ਮੱਲ ਜੀ ਦੁਕਾਨਦਾਰੀ ਦਾ ਕੰਮ ਕਰਦੇ ਸਨ। ਇਹ ਪਿੰਡ ਦੇ ਚੌਧਰੀ ਤਖਤੂਮੱਲ ਅਤੇ ਫਿਰੋਜ਼ਪੁਰ ਦੇ ਸਥਾਨਕ ਪਠਾਣ ਹਾਕਮ ਦਾ ਹਿਸਾਬ ਕਿਤਾਬ ਵੀ ਸੰਭਾਲਦੇ ਸਨ ਪਰ ਜਦੋਂ ਬਾਬਰ ਨੇ ਹਿੰਦੁਸਤਾਨ ਉੱਤੇ ਹਮਲੇ ਕਰਨੇ ਸ਼ੁਰੂ ਕੀਤੇ ਤਾਂ ਇਨ੍ਹਾਂ ਦਾ ਪਿੰਡ ਮੱਤੇ ਦੀ ਸਰਾਂ (ਸਰਾਏ ਨਾਮਗਾ) ਉਜਾੜ ਦਿੱਤਾ ਗਿਆ। ਬਾਬਾ ਫੇਰੂ ਮੱਲ ਜੀ ਆਪਣੇ ਪਰਿਵਾਰ ਨਾਲ ਪਹਿਲਾਂ ਹਰੀਕੇ ਪੱਤਣ, ਫਿਰ ਪਿੰਡ ਸੰਘਰ ਅਤੇ ਫਿਰ ਖਡੂਰ ਸਾਹਿਬ ਆ ਕੇ ਵਸ ਗਏ। ਆਪ ਦੇਵੀ ਭਗਤ ਸਨ ਅਤੇ ਹਰ ਸਾਲ ਦੇਵੀ-ਭਗਤਾਂ ਦਾ ਜਥਾ ਲੈ ਕੇ ਦੇਵੀ ਦੇ ਦਰਸ਼ਨਾ ਨੂੰ ਜਾਇਆ ਕਰਦੇ ਸਨ। ਘਰ ਦੇ ਇਸ ਧਾਰਮਿਕ ਮਾਹੌਲ ਦਾ ਅਸਰ ਇਨ੍ਹਾਂ ਦੇ ਸਪੁੱਤਰ ਭਾਈ ਲਹਿਣਾ ਜੀ ਤੇ ਵੀ ਪਿਆ।

**ਵਿਆਹ:**

ਮੱਤੇ ਦੀ ਸਰਾਂ ਵਿਖੇ ਹੀ ਭਾਈ ਲਹਿਣਾ ਜੀ ਦਾ ਵਿਆਹ ਮਾਤਾ ਖੀਵੀ ਨਾਲ ਹੋ ਗਿਆ ਅਤੇ ਉਨ੍ਹਾਂ ਦੇ ਦੋ ਪੁੱਤਰ ਦਾਸੂ ਤੇ ਦਾਤੂ ਤੇ ਦੋ ਧੀਆਂ ਬੀਬੀ ਅਮਰੋ ਅਤੇ ਬੀਬੀ ਅਣੋਖੀ ਹੋਈਆਂ।

**ਗੁਰੂ ਨਾਨਕ ਦੇਵ ਜੀ ਨਾਲ ਮੁਲਾਕਾਤ:**

ਖਡੂਰ ਦੇ ਸਾਰੇ ਵਸਨੀਕ ਜਵਾਲਾ ਮਾਤਾ ਦੇ ਪੁਜਾਰੀ ਸਨ ਅਤੇ ਨੇਮ ਨਾਲ ਉੱਥੇ ਜਾਂਦੇ ਰਹਿੰਦੇ ਸਨ। ਲਹਿਣਾ ਜੀ ਆਪਣੇ ਪਿਤਾ ਦੇ ਦੇਹਾਂਤ ਤੋਂ ਬਾਅਦ ਦੇਵੀ ਭਗਤਾਂ ਦਾ ਜਥਾ ਜਵਾਲਾ ਜੀ ਲਿਜਾਣ ਲੱਗ ਪਏ। ਖਡੂਰ ਸਾਹਿਬ ਵਿੱਚ ਗੁਰੂ ਨਾਨਕ ਦੇਵ ਜੀ ਦਾ ਸਿੱਖ ਭਾਈ ਜੋਧ ਰਹਿੰਦਾ ਸੀ ਜੋ ਗੁਰੂ ਨਾਨਕ ਦੇਵ ਜੀ ਦੀ ਬਾਣੀ ਪੜ੍ਹਦਾ ਸੀ। ਲਹਿਣਾ ਜੀ ਉਸ ਤੋਂ ਬਾਣੀ ਸੁਣ ਕੇ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਕਰਤਾਰਪੁਰ ਜਾ ਕੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਦਾ ਫੈਸਲਾ ਕਰ ਲਿਆ। 1532 ਈ: ਵਿੱਚ ਦੇਵੀ ਦੇ ਦਰਸ਼ਨਾ ਲਈ ਜਾਂਦੇ ਹੋਏ ਭਾਈ ਲਹਿਣਾ ਜੀ ਕਰਤਾਰਪੁਰ ਰੁਕੇ। ਉਹ ਆਪਣੇ ਸਾਥੀਆਂ ਨੂੰ ਦੱਸਕੇ, ਘੋੜੀ ਉੱਪਰ ਸਵਾਰ ਹੋ ਕੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਲਈ ਕਰਤਾਰਪੁਰ ਪਿੰਡ ਵੱਲ ਚੱਲ ਪਏ। ਰਸਤੇ ਵਿੱਚ ਇੱਕ ਬੰਦਾ ਮਿਲਿਆ। ਲਹਿਣਾ ਜੀ ਨੇ ਉਨ੍ਹਾਂ ਪਾਸੋਂ ਗੁਰੂ ਨਾਨਕ ਦੇਵ ਜੀ ਦੀ ਧਰਮਸ਼ਾਲਾ ਦਾ ਰਸਤਾ ਪੁੱਛਿਆ। ਗੁਰੂ ਨਾਨਕ ਦੇਵ ਜੀ ਲਹਿਣਾ ਜੀ ਦੀ ਘੋੜੀ ਦੇ ਅੱਗੇ-ਅੱਗੇ ਪੈਦਲ ਚੱਲ ਕੇ ਉਨ੍ਹਾਂ ਨੂੰ ਲੈ ਆਏ ਅਤੇ ਆਪ ਪਿਛਲੇ ਪਾਸੇ ਦੀ ਜਾ ਕੇ ਗੱਦੀ ਉੱਤੇ ਬੈਠ ਗਏ। ਭਾਈ ਲਹਿਣਾ ਜੀ ਨੂੰ ਇਹ ਵੇਖ ਕੇ ਬੜਾ ਪਛਤਾਵਾ ਹੋਇਆ ਕਿਉਂਕਿ ਆਪ ਘੋੜੀ ਉੱਤੇ ਬੈਠ ਕੇ ਆਏ ਸਨ ਤੇ ਗੁਰੂ ਨਾਨਕ ਜੀ ਅੱਗੇ-ਅੱਗੇ ਪੈਦਲ ਚੱਲ ਕੇ ਆਏ ਸਨ। ਲਹਿਣਾ ਜੀ ਨੂੰ ਗੁਰੂ ਜੀ ਨੇ ਪੁੱਛਿਆ, "ਭਾਈ ਤੇਰਾ ਨਾਮ ਕੀ ਹੈ" ਲਹਿਣਾ ਜੀ ਨੇ ਉੱਤਰ ਦਿੱਤਾ, "ਮੇਰਾ ਨਾਮ ਲਹਿਣਾ ਹੈ ਤੇ ਪਿੰਡ ਦੇ ਲੋਕਾਂ ਦਾ ਜਥਾ ਦੇਵੀ ਦੇ ਦਰਸ਼ਨਾਂ ਲਈ ਲੈ ਕੇ ਜਾ ਰਿਹਾ ਹਾਂ।" ਗੁਰੂ ਜੀ ਨੇ ਕਿਹਾ, ਭਾਈ ਲਹਿਣਾ, ਤੂੰ ਲੈਣਾ ਹੈ ਤੇ ਅਸੀਂ ਦੇਣਾ ਹੈ। ਇਸ ਦੁਨੀਆਂ ਦੇ ਦੇਵੀ-ਦੇਵਤੇ ਜਿਸ ਪਾਸੋਂ ਲੈ ਕੇ ਦਿੰਦੇ ਹਨ, ਉਸ ਮਾਲਕ ਦੀ ਸੇਵਾ ਕਰਨੀ ਸ਼ੋਭਦੀ ਹੈ, " ਲਹਿਣਾ ਜੀ ਨੇ ਗੁਰੂ ਦੇ ਬਚਨ ਸੁਣ ਕੇ ਦੇਵੀ ਦੇ ਦਰਸ਼ਨਾਂ ਦਾ ਖ਼ਿਆਲ ਮਨ ਵਿੱਚੋਂ ਤਿਆਗ ਦਿੱਤਾ। ਉਨ੍ਹਾਂ ਨੇ ਨਾਲ ਆਏ ਜਥੇ ਨੂੰ ਕਹਿ ਦਿੱਤਾ, ਮੈਨੂੰ ਦੇਵੀ ਦੇ ਜਾਣ ਦੀ ਲੋੜ ਨਹੀਂ ਰਹੀ। ਜੋ ਕੁੱਝ ਮੈਨੂੰ ਚਾਹੀਦਾ ਸੀ ਮਿਲ ਗਿਆ ਹੈ।" ਉਹ ਵਾਪਸ ਖਡੂਰ ਆ ਗਏ।

**ਗੁਰਿਆਈ ਦੀਆਂ ਪ੍ਰੀਖਿਆਵਾਂ:**

ਭਾਈ ਲਹਿਣਾ ਜੀ ਗੁਰੂ ਜੀ ਦੀਆਂ ਨਿਗਾਹਾਂ ਵਿਚ ਪਰਪੱਕਤਾ ਪ੍ਰਾਪਤ ਕਰ ਚੁੱਕੇ ਸਨ ਪਰ ਉਹ ਆਪਣੇ ਪੁੱਤਰਾਂ ਅਤੇ ਹੋਰ ਸਿੱਖਾਂ ਨੂੰ ਇਹ ਯਕੀਨ ਦਿਵਾਉਣਾ ਚਾਹੁੰਦੇ ਸਨ ਕਿ ਸਿਰਫ਼ ਲਹਿਣਾ ਜੀ ਹੀ ਕਾਬਲੀਅਤ ਦੇ ਆਧਾਰ ਤੇ ਉਨ੍ਹਾਂ ਦੇ

ਉੱਤਰਾਧਿਕਾਰੀ ਬਣਨ ਦੇ ਯੋਗ ਸਨ। ਗੁਰੂ ਜੀ ਇਹ ਸਿੱਧ ਕਰਨ ਲਈ ਪ੍ਰੀਖਿਆਵਾਂ ਲੈਂਦੇ ਰਹਿੰਦੇ ਸਨ, ਜਿਨ੍ਹਾਂ ਵਿਚ ਬਾਬਾ ਸ੍ਰੀ ਚੰਦ ਜੀ, ਬਾਬਾ ਲਖਮੀ ਦਾਸ ਜੀ ਅਤੇ ਬਾਕੀ ਸਿੱਖ ਪਿੱਛੇ ਰਹਿ ਜਾਂਦੇ ਤੇ ਲਹਿਣਾ ਜੀ ਹਮੇਸ਼ਾ ਪੂਰੇ ਉਤਰਦੇ ਸਨ।

**ਸਿੱਖ ਰਵਾਇਤ ਅਨੁਸਾਰ ਗੁਰੂ ਸਾਹਿਬ ਵੱਲੋਂ ਲਈਆਂ ਪ੍ਰਮੁੱਖ ਪ੍ਰੀਖਿਆਵਾਂ:**

1. ਇੱਕ ਬਿੱਲੀ, ਅੱਧ ਚੱਬੀ ਹੋਈ ਚੂਹੀ ਰਸਤੇ ਵਿੱਚ ਸੁੱਟ ਗਈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਵੱਡੇ ਪੁੱਤਰ ਸ੍ਰੀ ਚੰਦ ਨੂੰ ਚੂਹੀ ਚੁੱਕ ਕੇ ਪਰ੍ਹੇ ਸੁੱਟਣ ਦਾ ਹੁਕਮ ਦਿੱਤਾ ਪਰ ਉਸ ਨੇ ਗੁਰੂ ਜੀ ਦੀ ਆਗਿਆ ਨੂੰ ਟਾਲ ਦਿੱਤਾ। ਉਸ ਤੋਂ ਬਾਅਦ ਗੁਰੂ ਜੀ ਨੇ ਆਪਣੇ ਛੋਟੇ ਪੁੱਤਰ ਲਖਮੀ ਦਾਸ ਨੂੰ ਕਿਹਾ ਕਿ ਇਹ ਚੂਹੀ ਪਰ੍ਹੇ ਸੁੱਟ ਆਵੋ ਤਾਂ ਉਸ ਨੇ ਕਿਹਾ ਕਿ ਮੈਂ ਹੋਰ ਕਿਸੇ ਕੋਲੋਂ ਚੁਕਵਾ ਦਿੰਦਾ ਹਾਂ। ਫਿਰ ਗੁਰੂ ਸਾਹਿਬ ਨੇ ਭਾਈ ਲਹਿਣਾ ਜੀ ਨੂੰ ਆਖਿਆ ਕਿ ਚੂਹੀ ਪਰ੍ਹੇ ਸੁੱਟ ਦੇਵੋ ਤਾਂ ਉਨ੍ਹਾਂ ਨੇ ਉਸੇ ਪਲ ਗੁਰੂ ਸਾਹਿਬ ਦਾ ਕਹਿਣਾ ਮੰਨਿਆ ਤੇ ਉਸ ਅੱਧ ਚੱਬੀ ਹੋਈ ਚੂਹੀ ਨੂੰ ਦੂਰ ਸੁੱਟ ਦਿੱਤਾ।

2. ਇੱਕ ਵਾਰੀ ਅੱਧੀ ਰਾਤ ਵੇਲੇ ਗੁਰੂ ਜੀ ਨੇ ਸ੍ਰੀ ਚੰਦ ਨੂੰ ਚਾਦਰ ਧੋ ਕੇ ਲਿਆਉਣ ਲਈ ਕਿਹਾ ਪਰ ਉਸ ਨੇ ਆਪਣੀ ਅਸਮਰੱਥਾ ਪ੍ਰਗਟ ਕੀਤੀ। ਇਸੇ ਤਰ੍ਹਾਂ ਲਖਮੀਦਾਸ ਨੇ ਵੀ ਜੁਆਬ ਦੇ ਦਿੱਤਾ। ਲਹਿਣਾ ਜੀ ਉਸੇ ਵੇਲੇ ਚਾਦਰ ਲੈ ਗਏ ਅਤੇ ਥੋੜ੍ਹੇ ਸਮੇਂ ਵਿੱਚ ਹੀ ਧੋ ਕੇ ਸੁਕਾ ਕੇ ਲੈ ਆਏ।

3. ਇਕ ਵਾਰ ਠੰਡ ਦੀ ਰੁੱਤ ਵਿੱਚ ਝੜੀ ਲੱਗੀ ਹੋਈ ਸੀ, ਬਰਸਾਤ ਜਿਆਦਾ ਹੋਣ ਕਾਰਨ ਰਾਤ ਨੂੰ ਡੇਰੇ ਦੀ ਇੱਕ ਕੰਧ ਦਾ ਕੁਝ ਹਿੱਸਾ ਡਿੱਗ ਪਿਆ। ਗੁਰੂ ਜੀ ਕਹਿਣ ਲੱਗੇ ਕਿ ਕੰਧ ਦਾ ਢਹਿਆ ਹਿੱਸਾ ਹੁਣੇ ਹੀ ਉਸਾਰਿਆ ਜਾਵੇ। ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ ਨੇ ਕਿਹਾ ਦਿਨ ਚੜ੍ਹੇ ਤੋਂ ਰਾਜ ਮਿਸਤਰੀ ਸੱਦ ਕੇ ਠੀਕ ਕਰਵਾ ਦਿਆਂਗੇ। ਗੁਰੂ ਜੀ ਦੇ ਕਹਿਣ ਤੇ ਹੋਰ ਸਿੱਖਾਂ ਵਿੱਚੋਂ ਵੀ ਕਿਸੇ ਨੇ ਹੌਂਸਲਾ ਨਾ ਕੀਤਾ ਕਿ ਉਹ ਉੱਠ ਕੇ ਕੰਮ ਅਰੰਭ ਕਰਨ, ਤਾਂ ਗੁਰੂ ਜੀ ਨੇ ਲਹਿਣਾ ਜੀ ਨੂੰ ਕਿਹਾ। ਉਹ ਸਤਿਨਾਮ ਕਹਿ ਉੱਠੇ ਅਤੇ ਕੰਧ ਬਨਾਉਣ ਲੱਗ ਪਏ। ਸਵੇਰ ਤੱਕ ਲਹਿਣਾ ਜੀ ਨੇ ਇਕੱਲੇ ਹੀ ਕਾਫੀ ਹਿੱਸਾ ਕੰਧ ਉਸਾਰ ਲਈ। ਗੁਰੂ ਜੀ ਨੇ ਕਿਹਾ ਕੰਧ ਸਹੀ ਨਹੀਂ ਬਣੀ। ਲਹਿਣਾ ਜੀ ਨੇ ਢਾਹ ਕੇ ਫਿਰ ਉਸਾਰੀ ਸ਼ੁਰੂ ਕਰ ਦਿੱਤੀ। ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲਖਮੀ ਦਾਸ ਜੀ ਨੇ ਲਹਿਣਾ ਜੀ ਨੂੰ ਆਖਿਆ ਕਿ ਤੁਸੀਂ ਮੂਰਖ ਹੋ ਜੋ ਇਹ ਫਾਲਤੂ ਕੰਮ ਕਰ ਰਹੇ ਹੋ, ਪਰ ਲਹਿਣਾ ਜੀ ਨੇ ਹੱਥ ਜੋੜ ਕੇ ਕਿਹਾ, "ਸੇਵਕ ਦਾ ਕੰਮ ਹੈ ਹੁਕਮ ਮੰਨਣਾ"।

4. ਇਕ ਵਾਰ ਗੁਰੂ ਜੀ ਇਸ਼ਨਾਨ ਕਰਕੇ ਆ ਰਹੇ ਸਨ। ਇਕ ਕਟੋਰਾ ਗੁਰੂ ਜੀ ਦੇ ਹੱਥੋਂ ਵਿੱਚੋਂ ਇਕ ਚਿੱਕੜ ਵਾਲੇ ਟੋਏ ਵਿਚ ਡਿੱਗ ਪਿਆ। ਗੁਰੂ ਜੀ ਨੇ ਵਾਰੀ ਵਾਰੀ ਦੋਵੇਂ ਸਾਹਿਬਜ਼ਾਦਿਆਂ ਨੂੰ ਕਿਹਾ ਕਿ ਕਟੋਰਾ ਬਾਹਰ ਕੱਢ ਦੇਵੋ ਪਰ ਦੋਵਾਂ

ਪੁੱਤਰਾਂ ਨੇ ਚਿੱਕੜ ਵਿਚ ਵੜਨੋਂ ਨਾਂਹ ਕਰ ਦਿੱਤੀ ਤਾਂ ਗੁਰੂ ਜੀ ਨੇ ਲਹਿਣਾ ਜੀ ਵੱਲ ਵੇਖਿਆ ਤੇ ਉਹ ਝੱਟ ਕੱਪੜਿਆਂ ਸਮੇਤ ਚਿੱਕੜ ਵਾਲੇ ਟੋਏ ਵਿੱਚ ਉਤਰੇ ਅਤੇ ਵਿਚੋਂ ਕਟੋਰਾ ਕੱਢ ਲਿਆਏ।

5. ਗੁਰੂ ਜੀ ਨੇ ਇਕ ਵਾਰ ਇਕ ਰੁੱਖ ਵੱਲ ਇਸ਼ਾਰਾ ਕਰਕੇ ਆਪਣੇ ਸਾਹਿਬਜ਼ਾਦਿਆਂ ਨੂੰ ਕਿਹਾ ਕਿ ਤੁਸੀ ਰੁੱਖ ਦੇ ਉੱਪਰ ਚੜ੍ਹੋ ਤੇ ਇਸ ਨੂੰ ਹਿਲਾਓ ਮਠਿਆਈ ਡਿੱਗੇਗੀ। ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲਖਮੀ ਦਾਸ ਜੀ ਨੇ ਗੱਲ ਨਹੀਂ ਮੰਨੀ। ਗੁਰੂ ਜੀ ਨੇ ਜਦ ਲਹਿਣਾ ਜੀ ਵੱਲ ਇਸ਼ਾਰਾ ਕੀਤਾ ਤਾਂ ਉਹ ਨਾਲ ਦੀ ਨਾਲ ਰੁੱਖ ਉੱਪਰ ਚੜ੍ਹ ਗਏ। ਗੁਰੂ ਜੀ ਦੇ ਪੁੱਤਰ ਲਹਿਣਾ ਜੀ ਨੂੰ ਆਖਣ ਲੱਗੇ ਕਿ ਰੁੱਖਾਂ ਨੂੰ ਮਠਿਆਈ ਨਹੀਂ ਲਗਦੀ। ਲਹਿਣਾ ਜੀ ਨੇ ਉੱਤਰ ਦਿੱਤਾ, "ਸੇਵਕ ਦਾ ਕੰਮ ਹੁਕਮ ਮੰਨਣਾ ਹੈ, ਹੁਕਮ ਬਾਰੇ ਕਿੰਤੂ ਪ੍ਰੰਤੂ ਕਰਨਾ ਨਹੀਂ"।

6. ਇਕ ਵਾਰ ਦੀ ਗੱਲ ਹੈ ਕਿ ਗੁਰੂ ਜੀ ਨੇ ਜਾਂਗਲੀਆਂ ਵਾਂਗ ਮੈਲੇ ਅਤੇ ਪਾਟੇ ਪੁਰਾਣੇ ਕੱਪੜੇ ਪਹਿਨ ਲਏ, ਛੁਰਾ ਲੱਕ ਨਾਲ ਬੰਨ੍ਹ ਲਿਆ, ਕੁੱਤੇ ਮਗਰ ਲਾ ਲਏ। ਬੜਾ ਡਰਾਉਣਾ ਰੂਪ ਧਾਰ ਜੰਗਲ ਵੱਲ ਨੂੰ ਤੁਰ ਪਏ।ਲਗਦਾ ਸੀ ਜਿਵੇਂ ਸ਼ਿਕਾਰ ਖੇਡਣ ਜਾ ਰਹੇ ਸਨ।ਕਈ ਸਿੱਖ ਤਾਂ ਭੇਸ ਵੇਖ ਡਰ ਗਏ ਅਤੇ ਭੱਜ ਗਏ, ਬਾਕੀ ਸਿੱਖ ਪਿੱਛੇ ਨਾਲ ਨਾਲ ਤੁਰ ਰਹੇ ਸਨ। ਤੁਰਦੇ ਤੁਰਦੇ ਅੱਗੇ ਪੈਸੇ ਖਿਲਰੇ ਵੇਖਕੇ ਕਈ ਪੈਸੇ ਚੁੱਕ ਕੇ ਵਾਪਸ ਮੁੜ ਆਏ। ਅੱਗੇ ਗਏ ਤਾਂ ਕਈ ਚਾਂਦੀ ਦੇ ਸਿੱਕੇ ਚੁੱਕ ਕੇ ਵਾਪਸ ਮੁੜ ਆਏ।ਬਾਕੀ ਸਿੱਖਾਂ ਚੋਂ ਕੁਝ ਨਾਲ ਅੱਗੇ ਗਏ ਤਾਂ ਸੋਨੇ ਦੀਆਂ ਮੋਹਰਾਂ ਖਿਲਰੀਆਂ ਵੇਖ, ਚੁੱਕ ਲਿਆਏ। ਅਖੀਰ ਵਿਚ ਲਹਿਣਾ ਜੀ ਤੇ ਦੋ ਸਿੱਖ ਹੀ ਰਹਿ ਗਏ।ਅੱਗੇ ਗਏ ਇਕ ਮੁਰਦਾ ਪਿਆ ਦਿਸਿਆ ਜੋ ਚਿੱਟੀ ਚਾਦਰ ਨਾਲ ਢਕਿਆ ਪਿਆ ਸੀ, ਗੁਰੂ ਜੀ ਮੁਰਦੇ ਪਾਸ ਖਲੋਤੇ ਤੇ ਆਖਿਆ, "ਇਹ ਮੁਰਦਾ ਖਾਓ", ਬਾਬਾ ਬੁੱਢਾ ਜੀ ਤੇ ਅਤੇ ਭਾਈ ਦੁਨੀ ਚੰਦ ਜੀ ਪਿੱਛੇ ਹੱਟ ਗਏ। ਲਹਿਣਾ ਜੀ ਨੇ ਝੱਟ ਨਾਲ ਪੁੱਛਿਆ, ਹਜ਼ੂਰ, ਕਿਹੜੇ ਪਾਸਿਓਂ ਖਾਵਾਂ ? ਪੈਰਾਂ ਵੱਲੋਂ ਕਿ ਸਿਰ ਵੱਲੋਂ ?ਗੁਰੂ ਜੀ ਨੇ ਆਖਿਆ, ਵਿਚਕਾਰੋਂ।ਲਹਿਣਾ ਜੀ ਨੇ ਜਦੋਂ ਚਾਦਰ ਪਿਛਾਂਹ ਖਿੱਚੀ ਤਾਂ ਵੇਖਿਆ ਹੇਠਾਂ ਕੜਾਹ ਪ੍ਰਸ਼ਾਦਿ ਸੀ।ਗੁਰੂ ਜੀ ਨੇ ਲਹਿਣਾ ਜੀ ਨੂੰ ਪੁੱਛਿਆ, ਜਦੋਂ ਸਾਰੇ ਵਾਪਸ ਘਰਾਂ ਨੂੰ ਮੁੜ ਰਹੇ ਸਨ ਤਾਂ ਤੁਸੀਂ ਕਿਉਂ ਨਹੀਂ ਮੁੜੇ ? ਲਹਿਣਾ ਜੀ ਨੇ ਕਿਹਾ, ਸੱਚੇ ਪਾਤਸ਼ਾਹ ਜੀ ਹਰ ਕਿਸੇ ਦਾ ਕੋਈ ਥਾਂ, ਟਿਕਾਣਾ ਹੈ ਪਰ ਮੇਰਾ ਤਾਂ ਆਪ ਜੀ ਤੋਂ ਬਿਨਾਂ ਕੋਈ ਨਹੀਂ, ਕੋਈ ਥਾਂ ਨਹੀਂ, ਕੋਈ ਟਿਕਾਣਾ ਨਹੀਂ। ਗੁਰੂ ਜੀ ਬਹੁਤ ਖੁਸ਼ ਹੋਏ।

ਇਸ ਤਰ੍ਹਾਂ ਭਾਈ ਲਹਿਣਾ ਜੀ ਗੁਰੂ ਹੁਕਮ ਦੀ ਪਾਲਣਾ ਕਰ, ਨਿਸ਼ਕਾਮ ਸੇਵਾ ਭਾਵਨਾ, ਕਿਰਤ ਤੇ ਨਾਮ ਜਪਣ, ਆਪਣੇ ਪਿਆਰ ਭਰੇ ਤੇ ਮਿੱਠੇ ਸੁਭਾਅ ਅਤੇ ਗੁਰੂ ਪ੍ਰਤੀ ਸ਼ਰਧਾ ਸਦਕਾ ਸਭ ਪ੍ਰੀਖਿਆਵਾਂ ਪਾਸ ਕਰ ਗਏ। ਗੁਰੂ ਜੀ ਨੇ ਲਹਿਣਾ ਜੀ ਨੂੰ ਗਲ ਨਾਲ ਲਾਇਆ ਅਤੇ ਫਰਮਾਇਆ, ਅੱਜ ਤੋਂ ਤੁਸੀਂ ਮੇਰਾ ਅੰਗ ਹੀ ਬਣ ਗਏ

ਹੋ। ਲਹਿਣਾ ਜੀ ਦਾ ਨਾਂ ਵੀ 'ਅੰਗਦ ਦੇਵ' ਰੱਖ ਦਿੱਤਾ।

**ਸੰਦੇਸ਼ :** ਉਪਰੋਕਤ ਪ੍ਰੀਖਿਆਵਾਂ ਵਿੱਚ ਸਮੋਇਆ ਸੰਦੇਸ਼ ਸਾਡੇ ਸਾਹਮਣੇ 'ਹੁਕਮ ਦੇ ਸੰਕਲਪ' ਨੂੰ ਰੂਪਮਾਨ ਕਰਦਾ ਹੈ। ਭਾਵ ਕਿ ਗੁਰੂ ਹੁਕਮ ਨੂੰ ਮੰਨਣਾ ਹੀ ਸਭ ਤੋ ਵੱਡਾ ਕਰਮ ਹੈ।

**ਗੁਰਿਆਈ:**

ਇਸ ਤਰ੍ਹਾਂ ਭਾਈ ਲਹਿਣਾ ਜੀ ਸੱਤ ਸਾਲ (1532-1539) ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸੰਗਤਾਂ ਦੀ ਸੇਵਾ ਵਿੱਚ ਰਹੇ। ਆਪ ਜੀ ਨੇ ਪੂਰਨ ਸਮਰਪਤਾ ਅਤੇ ਨਿਸ਼ਕਾਮ ਭਾਵਨਾ ਨਾਲ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸੰਗਤਾਂ ਦੀ ਅਜਿਹੀ ਸੇਵਾ ਕੀਤੀ ਕਿ ਆਪ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਹੀ ਰੂਪ ਹੋ ਗਏ। ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਜੀ ਨੇ ਆਪਣੀ ਜੋਤ ਨੂੰ ਭਾਈ ਲਹਿਣੇ ਵਿੱਚ ਟਿਕਾ ਕੇ ਉਨ੍ਹਾਂ ਨੂੰ ਗੁਰੂ ਅੰਗਦ ਦੇਵ ਜੀ ਦੇ ਰੂਪ ਵਿੱਚ ਆਪਣੀ ਥਾਂ ਤੇ ਸਥਾਪਿਤ ਕਰ ਦਿੱਤਾ।

**ਅਮਰਦਾਸ ਜੀ ਨੂੰ ਗੁਰਿਆਈ:**

ਬਾਸਰਕੇ ਪਿੰਡ ਦੇ ਅਮਰਦਾਸ ਜੀ, ਗੁਰੂ ਅੰਗਦ ਦੇਵ ਜੀ ਦੀ ਪੁੱਤਰੀ ਬੀਬੀ ਅਮਰੋ ਦੇ ਸਹੁਰਾ ਜੀ ਦੇ ਭਰਾ ਸਨ। ਬੀਬੀ ਅਮਰੋ ਤੋਂ ਗੁਰੂ ਜੀ ਦੀ ਬਾਣੀ ਦੇ ਸ਼ਬਦ ਸੁਣ ਕੇ ਉਨ੍ਹਾਂ ਦੇ ਦਿਲ ਵਿੱਚ ਗੁਰੂ ਜੀ ਨੂੰ ਮਿਲਣ ਦੀ ਤਾਂਘ ਉਪਜੀ ਸੀ। ਜਦੋਂ ਉਹ ਗੁਰੂ ਅੰਗਦ ਦੇਵ ਜੀ ਨੂੰ ਮਿਲੇ ਤਾਂ ਉਨ੍ਹਾਂ ਨੂੰ ਲੱਗਾ ਕਿ ਉਨ੍ਹਾਂ ਨੂੰ ਸਭ ਕੁੱਝ ਮਿਲ ਗਿਆ ਹੈ। ਅਮਰਦਾਸ ਜੀ ਨੇ ਬਿਰਧ ਅਵਸਥਾ ਵਿੱਚ ਗੁਰੂ ਅੰਗਦ ਦੇਵ ਜੀ ਦੀ ਪੂਰੀ ਲਗਨ ਨਾਲ ਸੇਵਾ ਕੀਤੀ। ਗੁਰੂ ਨਾਨਕ ਦੇਵ ਜੀ ਦੀ ਤਰ੍ਹਾਂ ਗੁਰੂ ਅੰਗਦ ਦੇਵ ਜੀ ਨੇ ਵੀ ਆਪਣੇ ਪੁੱਤਰਾਂ ਦਾਤੂ ਅਤੇ ਦਾਸੂ ਨੂੰ ਛੱਡ ਕੇ ਆਪਣੇ ਸੇਵਕ ਸਿੱਖ ਅਮਰਦਾਸ ਜੀ ਨੂੰ ਆਪਣਾ ਉੱਤਰਾਧਿਕਾਰੀ ਚੁਣਿਆ। ਉਨ੍ਹਾਂ ਨੇ ਕਿਹਾ ਕਿ ਗੁਰੂ ਦੀ ਗੁਰਿਆਈ ਨਿਮਰਤਾ, ਭਗਤੀ ਤੇ ਸੇਵਾ ਦਾ ਫਲ ਹੈ ਅਤੇ ਅਮਰਦਾਸ ਜੀ ਨੇ ਆਪਣੀ ਅਟੁੱਟ ਘਾਲਣਾ ਅਤੇ ਭਗਤੀ ਦੇ ਫ਼ਲਸਰੂਪ ਉੱਚੀ ਪਦਵੀ ਪਾ ਲਈ ਹੈ। ਉਨ੍ਹਾਂ ਨੇ ਗੁਰੂ ਅਮਰਦਾਸ ਜੀ ਨੂੰ ਇਹ ਹੁਕਮ ਦਿੱਤਾ ਕਿ ਉਹ ਗੋਇੰਦਵਾਲ ਜਾ ਕੇ ਰਹਿਣ ਤੇ ਉੱਥੇ ਆਪਣੀ ਸਿੱਖਿਆ ਨਾਲ ਲੋਕਾਂ ਦਾ ਉਧਾਰ ਕਰਨ ਅਤੇ ਮਰਯਾਦਾ ਪੂਰਵਕ ਗੁਰਿਆਈ ਦੀ ਗੱਦੀ ਗੁਰੂ ਅਮਰਦਾਸ ਜੀ ਨੂੰ ਸੌਂਪ ਦਿੱਤੀ।

**ਜੋਤੀ ਜੋਤਿ:**

ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਸੌਂਪ 1552 ਈਸਵੀ ਨੂੰ ਗੁਰੂ ਅੰਗਦ ਦੇਵ ਜੀ 48 ਸਾਲ ਦੀ ਉਮਰ ਵਿੱਚ ਖਡੂਰ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ।

### ਗੁਰੂ ਜੀ ਵੱਲੋਂ ਕੀਤੇ ਵਿਸ਼ੇਸ਼ ਕਾਰਜ:

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਥਾਪਿਤ ਕੀਤੇ ਸਿਧਾਂਤ ਅਨੁਸਾਰ ਗੁਰੂ ਅੰਗਦ ਦੇਵ ਜੀ ਦੁਆਰਾ ਕੀਤੇ ਪ੍ਰਮੁਖ ਕਾਰਜ ਹੇਠ ਲਿਖੇ ਅਨੁਸਾਰ ਹਨ :

**1. ਖਡੂਰ ਸਾਹਿਬ ਪ੍ਰਚਾਰ ਕੇਂਦਰ ਸਥਾਪਿਤ ਕਰਨਾ**

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਨੂੰ ਸਿੱਖੀ ਦੇ ਪ੍ਰਚਾਰ ਦਾ ਕੇਂਦਰ ਸਥਾਪਿਤ ਕੀਤਾ। ਖਡੂਰ ਸਾਹਿਬ ਰਹਿੰਦਿਆਂ ਆਪ ਨੇ ਗੁਰੂ ਨਾਨਕ ਦੇਵ ਜੀ ਦੀ ਚਲਾਈ ਮਰਯਾਦਾ ਸੰਗਤ-ਪੰਗਤ ਤੇ ਸ਼ਬਦ-ਕੀਰਤਨ, ਸ਼ਬਦ-ਵੀਚਾਰ ਨੂੰ ਪ੍ਰਪੱਕ ਕੀਤਾ। ਆਪ ਨਿਤਾ-ਪ੍ਰਤੀ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਉਪਦੇਸ਼ ਦਿੰਦੇ ਅਤੇ ਅਮਲੀ ਜੀਵਨ ਵਿੱਚ ਚੰਗੇ ਤੇ ਸ਼ੁਭ ਗੁਣਾਂ ਨੂੰ ਗ੍ਰਹਿਣ ਕਰਨ ਦੀ ਪ੍ਰੇਰਨਾ ਦੇਂਦੇ। ਖਡੂਰ ਸਾਹਿਬ ਵਿਖੇ ਆਈਆਂ ਸੰਗਤਾਂ ਦੀ ਦੇਖ ਭਾਲ ਅਤੇ ਉਨ੍ਹਾਂ ਦੇ ਸੁੱਖ-ਆਰਾਮ ਦਾ ਧਿਆਨ ਉਨ੍ਹਾਂ ਦੀ ਪਤਨੀ ਮਾਤਾ ਖੀਵੀ ਜੀ ਰੱਖਦੇ ਸਨ।

**2. ਗੁਰਮੁਖੀ ਲਿਪੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕਾਰਜ**

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿੱਪੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਬੜਾ ਕੰਮ ਕੀਤਾ। ਪੰਜਾਬੀ ਦੇ ਪੈਂਤੀ ਅੱਖਰਾਂ ਨੂੰ ਤਰਤੀਬ ਨਾਲ ਜੋੜ ਕੇ ਵਰਣਮਾਲਾ ਤਿਆਰ ਕਰਵਾਈ। ਗੁਰਮੁਖੀ ਲਿੱਪੀ ਦਾ ਮੁੱਢ ਬੰਨਿਆ, ਬੱਚਿਆਂ ਲਈ ਬਾਲ-ਬੋਧ ਤਿਆਰ ਕਰਵਾਏ ਅਤੇ ਖਡੂਰ ਸਾਹਿਬ ਵਿਖੇ ਪੰਜਾਬੀ ਪਾਠਸ਼ਾਲਾ ਸਥਾਪਿਤ ਕੀਤੀ। ਆਪ ਦਿਨ ਦਾ ਬਹੁਤ ਸਮਾਂ ਬੱਚਿਆਂ ਨਾਲ ਬਿਤਾਇਆ ਕਰਦੇ ਸਨ।

**3. ਮੱਲ ਅਖਾੜੇ ਸਥਾਪਿਤ ਕਰਵਾਏ**

ਆਪ ਜੀ ਨੇ ਪ੍ਰਭੂ-ਭਗਤੀ ਅਤੇ ਨਾਮ-ਸਿਮਰਨ ਦੇ ਨਾਲ-ਨਾਲ ਸਰੀਰਕ ਤੌਰ ਤੇ ਨਿਰੋਆ ਰਹਿਣ ਲਈ ਮੱਲ ਅਖਾੜੇ ਦੀ ਵੀ ਸਥਾਪਨਾ ਕੀਤੀ। ਸਮਾਂ ਪਾ ਕੇ ਸਿੱਖ ਚੰਗੇ ਸ਼ਾਹਸਵਾਰ, ਸ਼ਸਤਰਧਾਰੀ ਅਤੇ ਨਿਰਭੈ ਯੋਧੇ ਬਣ ਗਏ।

**4. ਬਾਣੀ ਇਕੱਤਰ ਕਰਨਾ**

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਇਕੱਤ੍ਰ ਕਰਕੇ ਅਤੇ ਲਿੱਪੀ-ਬੱਧ ਕਰਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੱਲ ਪਹਿਲਾ ਵੱਡਾ ਕਦਮ ਚੁੱਕਿਆ।

**5. ਲੰਗਰ**

ਲੰਗਰ, ਜੋ ਗੁਰੂ ਨਾਨਕ ਦੇਵ ਜੀ ਨੇ 20 ਰੁਪਏ ਨਾਲ ਕੀਤੇ ਸੱਚੇ ਸੌਦੇ ਦੇ ਰੂਪ ਵਿੱਚ ਸ਼ੁਰੂ ਕੀਤਾ ਸੀ, ਲੰਗਰ ਪੰਗਤ ਦੀ ਉਸੇ ਪ੍ਰਥਾ ਨੂੰ ਅੱਗੇ ਤੋਰਿਆ ਅਤੇ ਦਿਨ ਰਾਤ ਲੰਗਰ ਚਲਦਾ ਰੱਖਿਆ। ਗੁਰੂ ਸਾਹਿਬ ਨੇ ਆਪਣੇ ਸੁਪਤਨੀ ਮਾਤਾ ਖੀਵੀ ਜੀ ਨੂੰ ਗੁਰੂ ਕੇ ਲੰਗਰ ਦਾ ਮੁਖੀਆ ਥਾਪਿਆ।

## 6. ਬਾਣੀ ਰਚਨਾ

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦਾ ਪ੍ਰਭਾਵ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿੱਚੋਂ ਪ੍ਰਤੱਖ ਵੇਖਿਆ ਜਾ ਸਕਦਾ ਹੈ। ਆਪ ਜੀ ਦੀ ਕੁੱਲ ਬਾਣੀ ਕੇਵਲ 63 ਸਲੋਕ ਹੀ ਹਨ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ 22 ਬਾਰਾਂ ਵਿੱਚੋਂ ਦਸ ਵਾਰਾਂ ਵਿੱਚ ਦਰਜ ਹਨ।

### ਪ੍ਰਸ਼ਨੋਤਰੀ

ਪ੍ਰਸ਼ਨ 1. ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ ਕੀ ਸੀ ?

(ੳ) ਜੇਠਾ (ਅ) ਲਹਿਣਾ
(ੲ) ਗੋਪਾਲਾ (ਸ) ਅੰਗਦ

ਪ੍ਰਸ਼ਨ 2. ਗੁਰੂ ਅੰਗਦ ਦੇਵ ਜੀ ਦੀ ਮਾਤਾ ਦਾ ਕੀ ਨਾਮ ਸੀ?

(ੳ) ਮਾਤਾ ਦਇਆ ਕੌਰ ਜੀ (ਅ) ਮਾਤਾ ਅਮਰ ਕੌਰ ਜੀ
(ੲ) ਮਾਤਾ ਕ੍ਰਿਸ਼ਨ ਕੌਰ ਜੀ (ਸ) ਮਾਤਾ ਨਿਹਾਲ ਕੌਰ ਜੀ

ਪ੍ਰਸ਼ਨ 3. ਗੁਰੂ ਅੰਗਦ ਦੇਵ ਜੀ ਦੀ ਪਿਤਾ ਜੀ ਦਾ ਕੀ ਨਾਮ ਸੀ?

(ੳ) ਬਾਬਾ ਸੂਰਜ ਮੱਲ ਜੀ (ਅ) ਬਾਬਾ ਫੇਰੂ ਮੱਲ ਜੀ
(ੲ) ਗੁਰੂ ਨਾਨਕ ਦੇਵ ਜੀ ਜੀ (ਸ) ਬਾਬਾ ਹਰਿਦਾਸ ਜੀ

ਪ੍ਰਸ਼ਨ 4. ਗੁਰੂ ਅੰਗਦ ਦੇਵ ਜੀ ਦੀ ਸੁਪਤਨੀ ਦਾ ਕੀ ਨਾਮ ਸੀ?

(ੳ) ਮਾਤਾ ਸੁਲੱਖਣੀ ਜੀ (ਅ) ਮਾਤਾ ਦਯਾ ਜੀ
(ੲ) ਮਾਤਾ ਗੁਜਰੀ ਜੀ (ਸ) ਮਾਤਾ ਖੀਵੀ ਜੀ

ਪ੍ਰਸ਼ਨ 5. ਗੁਰੂ ਅੰਗਦ ਦੇਵ ਜੀ ਦੇ ਕਿੰਨੇ ਬੱਚੇ ਸਨ?

(ੳ) ਛੇ (ਅ) ਤਿੰਨ
(ੲ) ਦੋ (ਸ) ਚਾਰ

ਪ੍ਰਸ਼ਨ 6. ਗੁਰੂ ਅੰਗਦ ਦੇਵ ਜੀ ਦੇ ਕਿੰਨੇ ਸਪੁੱਤਰ ਸਨ?

(ੳ) ਚਾਰ (ਅ) ਤਿੰਨ
(ੲ) ਦੋ (ਸ) ਪੰਜ

ਪ੍ਰਸ਼ਨ 7. ਲਹਿਣਾ ਜੀ ਕਿਸ ਦੇਵੀ ਦੇ ਦਰਸ਼ਨਾ ਲਈ ਜਾਂਦੇ ਸਨ ?

(ੳ) ਨੈਨਾ ਦੇਵੀ (ਅ) ਜਵਾਲਾ ਜੀ
(ੲ) ਸਤੀ ਦੇਵੀ (ਸ) ਮਾਤਾ ਗੰਗਾ

ਪ੍ਰਸ਼ਨ 8. ਗੁਰੂ ਅੰਗਦ ਦੇਵ ਜੀ ਨੇ ਲੰਗਰ ਦੀ ਜ਼ਿੰਮੇਂਵਾਰੀ ਕਿਨ੍ਹਾਂ ਨੂੰ ਸੌਂਪੀ ?

(ੳ) ਬੀਬੀ ਅਮਰੋ (ਅ) ਮਾਤਾ ਖੀਵੀ ਜੀ

(ੲ) ਬੀਬੀ ਅਨੋਖੀ (ਸ) ਬੀਬੀ ਭਾਨੀ

ਪ੍ਰਸ਼ਨ 9. ਗੁਰੂ ਅੰਗਦ ਦੇਵ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਕਿੱਥੇ ਮਿਲੇ ਸਨ?

(ੳ) ਕਰਤਾਰਪੁਰ (ਅ) ਅੰਮ੍ਰਿਤਸਰ

(ੲ) ਅਨੰਦਪੁਰ (ਸ) ਕੀਰਤਪੁਰ

ਪ੍ਰਸ਼ਨ 10. ਗੁਰੂ ਅੰਗਦ ਦੇਵ ਜੀ ਕਿੰਨਾ ਸਮਾਂ ਗੁਰਗੱਦੀ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ ਸੇਵਾ ਕੀਤੀ ?

(ੳ) 5 ਸਾਲ (ਅ) 2 ਸਾਲ

(ੲ) 7 ਸਾਲ (ਸ) 25 ਸਾਲ

ਪ੍ਰਸ਼ਨ 11. ਗੁਰੂ ਅੰਗਦ ਦੇਵ ਜੀ ਨੇ ਕਿਸ ਨਗਰ ਨੂੰ ਸਿੱਖੀ ਦੇ ਪ੍ਰਚਾਰ ਦਾ ਕੇਂਦਰ ਬਣਾਇਆ?

(ੳ) ਖਡੂਰ ਸਾਹਿਬ (ਅ) ਗੋਇੰਦਵਾਲ

(ੲ) ਤਰਨਤਾਰਨ (ਸ) ਕਰਤਾਰਪੁਰ

ਪ੍ਰਸ਼ਨ 12. ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਵਿੱਚ ਸੁਧਾਰ ਕਰ ਕੇ ਕੀ ਤਿਆਰ ਕੀਤਾ ?

(ੳ) ਬੱਚਿਆਂ ਲਈ ਬਾਲ-ਬੋਧ (ਅ) ਨਵੀਂ ਭਾਸ਼ਾ

(ੲ) ਨਵੀਂ ਲਿਪੀ (ਸ) ਪੁਸਤਕ

ਪ੍ਰਸ਼ਨ 13. ਗੁਰੂ ਨਾਨਕ ਦੇਵ ਜੀ ਦੇ ਕਹਿਣ ਤੇ ਰੁੱਖ ਤੇ ਕੌਣ ਚੜ੍ਹਿਆ ਸੀ ?

(ੳ) ਬਾਬਾ ਸ੍ਰੀ ਚੰਦ ਜੀ (ਅ) ਬਾਬਾ ਲਖਮੀ ਦਾਸ ਜੀ

(ੲ) ਬਾਬਾ ਬੁੱਢਾ ਜੀ (ਸ) ਭਾਈ ਲਹਿਣਾ ਜੀ

ਪ੍ਰਸ਼ਨ 14. ਗੁਰੂ ਨਾਨਕ ਦੇਵ ਜੀ ਸਭ ਤੋਂ ਪਹਿਲਾਂ ਕਿਸ ਨੂੰ ਮਰੀ ਚੂਹੀ ਪਰੇ ਸੁੱਟਣ ਲਈ ਕਿਹਾ?

(ੳ) ਭਾਈ ਲਹਿਣਾ ਜੀ ਨੂੰ (ਅ) ਬਾਬਾ ਲਖਮੀ ਦਾਸ ਜੀ ਨੂੰ

(ੲ) ਭਾਈ ਮਰਦਾਨਾ ਜੀ ਨੂੰ (ਸ) ਸ੍ਰੀ ਚੰਦ ਜੀ ਨੂੰ

ਪ੍ਰਸ਼ਨ 15. ਗੁਰੂ ਅੰਗਦ ਦੇਵ ਜੀ ਦੇ ਕੁਲ ਕਿੰਨੇ ਸਲੋਕ ਹਨ?

(ੳ) 60 ਸਲੋਕ (ਅ) 40 ਸਲੋਕ

(ੲ) 53 ਸਲੋਕ (ਸ) 63 ਸਲੋਕ

ਪ੍ਰਸ਼ਨ 16. ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਕਦੋਂ ਮਿਲੀ?

(ੳ) 1539 ਈ: (ਅ) 1704 ਈ:

(ੲ) 1469 ਈ: (ਸ) 1569 ਈ:

ਪ੍ਰਸ਼ਨ 17. ਗੁਰੂ ਅੰਗਦ ਦੇਵ ਜੀ ਜੋਤੀ ਜੋਤਿ ਸਮਾਉਣ ਸਮੇਂ ਕਿੰਨੇ ਸਾਲ ਦੇ ਸਨ?

(ੳ) 50 ਸਾਲ (ਅ) 48 ਸਾਲ

(ੲ) 58 ਸਾਲ (ਸ) 65 ਸਾਲ

ਪ੍ਰਸ਼ਨ 18. ਸਿੱਖ ਧਰਮ ਦੇ ਦੂਜੇ ਗੁਰੂ ਕੌਣ ਸਨ?

(ੳ) ਸ੍ਰੀ ਗੁਰੂ ਹਰਿਕ੍ਰਿਸ਼ਨ ਜੀ (ਅ) ਸ੍ਰੀ ਗੁਰੂ ਹਰਿਰਾਇ ਜੀ

(ੲ) ਸ੍ਰੀ ਗੁਰੂ ਅੰਗਦ ਦੇਵ ਜੀ (ਸ) ਸ੍ਰੀ ਗੁਰੂ ਹਰਿਗੋਬਿੰਦ ਜੀ

ਪ੍ਰਸ਼ਨ 19. ਗੁਰੂ ਅੰਗਦ ਦੇਵ ਜੀ ਕਿੱਥੇ ਜੋਤੀ-ਜੋਤਿ ਸਮਾਏ ਸਨ?

(ੳ) ਕਰਤਾਰਪੁਰ ਸਾਹਿਬ (ਅ) ਆਨੰਦਪੁਰ ਸਾਹਿਬ

(ੲ) ਖਡੂਰ ਸਾਹਿਬ (ਸ) ਤਰਨਤਾਰਨ ਸਾਹਿਬ


ਪ੍ਰਸ਼ਨ 20. ਗੁਰੂ ਅੰਗਦ ਦੇਵ ਜੀ ਕਦੋਂ ਜੋਤੀ-ਜੋਤਿ ਸਮਾਏ ?

(ੳ) 1553 ਈ. (ਅ) 1551 ਈ.

(ੲ) 1552 ਈ. (ਸ) 1550 ਈ.

**ਉੱਤਰ:**-1.(ਅ), 2.(ੳ), 3.(ਅ), 4.(ਸ), 5.(ਸ), 6.(ੲ), 7.(ਅ), 8.(ਅ), 9.(ੳ), 10.(ੲ), 11.(ੳ), 12.(ੳ), 13.(ਸ), 14.(ਸ), 15.(ਸ), 16.(ੳ), 17.(ਅ), 18.(ੲ), 19.(ੲ), 20.(ੲ)

# ਸ੍ਰੀ ਗੁਰੂ ਅਮਰਦਾਸ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ



# ਸ੍ਰੀ ਗੁਰੂ ਅਮਰਦਾਸ ਜੀ



**ਜਨਮ:**

ਸਿੱਖਾਂ ਦੇ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਹੋਏ ਹਨ। ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਜ਼ਿਲਾ ਅੰਮ੍ਰਿਤਸਰ ਪਿੰਡ ਬਾਸਰਕੇ ਵਿਖੇ 5 ਮਈ ਸੰਨ 1479 ਈ. ਨੂੰ ਹੋਇਆ।

**ਮਾਤਾ ਪਿਤਾ:**

ਆਪ ਜੀ ਦੇ ਪਿਤਾ ਜੀ ਦਾ ਨਾਮ ਸ੍ਰੀ ਤੇਜਭਾਨ ਜੀ ਅਤੇ ਮਾਤਾ ਜੀ ਦਾ ਨਾਮ ਬੀਬੀ ਲਛਮੀ ਜੀ ਸੀ। ਆਪ ਦੇ ਪਿਤਾ ਜੀ ਖੇਤੀ ਅਤੇ ਵਪਾਰ ਦਾ ਕੰਮ ਕਰਦੇ ਸਨ ।

**ਵਿਆਹ:**

24 ਸਾਲ ਦੀ ਉਮਰ ਵਿਚ ਆਪ ਜੀ ਦਾ ਵਿਆਹ ਸਣਖਤਰੇ ਪਿੰਡ ਦੇ ਸ੍ਰੀ ਦੇਵੀ ਚੰਦ ਜੀ ਦੀ ਸਪੁੱਤਰੀ ਬੀਬੀ ਰਾਮ ਕੌਰ ਜੀ ਨਾਲ ਹੋਇਆ। ਆਪ ਜੀ ਦੇ ਦੋ ਲੜਕੇ ਬਾਬਾ ਮੋਹਨ ਜੀ ਅਤੇ ਬਾਬਾ ਮੋਹਰੀ ਜੀ ਅਤੇ ਦੋ ਬੇਟੀਆਂ ਬੀਬੀ ਭਾਨੀ ਜੀ ਅਤੇ ਬੀਬੀ ਦਾਨੀ ਜੀ ਸਨ।

**ਗੁਰੂ ਪ੍ਰਤੀ ਤਾਂਘ ਅਤੇ ਗੁਰੂ ਦੀ ਭਾਲ:**

ਲਗਭੱਗ ਵੀਹ ਸਾਲ ਲਗਾਤਾਰ ਆਪ ਗੰਗਾ ਇਸ਼ਨਾਨ ਲਈ ਜਾਂਦੇ ਰਹੇ ਪਰ ਆਤਮਿਕ ਤ੍ਰਿਪਤੀ ਨਾ ਹੋਈ। ਗੁਰੂ ਅੰਗਦ ਦੇਵ ਜੀ ਦੀ ਪੁੱਤਰੀ ਅਮਰੋ ਦਾ ਵਿਆਹ ਬਾਬਾ ਅਮਰਦਾਸ ਜੀ ਦੇ ਭਤੀਜੇ ਜੱਸੂ ਜੀ ਨਾਲ ਕੁਝ ਸਮਾਂ ਪਹਿਲਾਂ ਹੀ ਹੋਇਆ ਸੀ। ਬੀਬੀ ਅਮਰੋ ਭਗਤੀ ਭਾਵ ਵਾਲੀ ਅਤੇ ਬਾਣੀ ਦੀ ਪ੍ਰੇਮਣ ਸੀ। ਇਕ

ਦਿਨ ਅੰਮ੍ਰਿਤ ਵੇਲੇ ਬੀਬੀ ਅਮਰੋ ਦੀ ਮਿਠਾਸ ਭਰੀ ਆਵਾਜ਼ ਵਿਚ ਪੜ੍ਹੀ ਜਾਂਦੀ ਬਾਣੀ ਨੇ ਮਨ ਨੂੰ ਧੂਹ ਪਾਈ। ਆਪਣੀ ਬੋਲੀ ਵਿਚ ਪ੍ਰਭੂ ਦੀ ਸਿਫਤ ਸਾਲਾਹ ਸੁਣ ਕੇ ਮਨ ਵਿਚ ਬਾਣੀ ਦੇ ਰਚਣਹਾਰੇ ਨੂੰ ਮਿਲਣ ਦਾ ਚਾਅ ਉਪਜਿਆ ਅਤੇ ਆਪ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਲਈ ਖਡੂਰ ਸਾਹਿਬ ਪਹੁੰਚ ਗਏ। ਗੁਰੂ ਜੀ ਕੁੜਮ ਆਇਆ ਜਾਣ ਕੇ ਸਤਿਕਾਰ ਵਜੋਂ ਉੱਠੇ ਪਰ ਆਪ ਉਨ੍ਹਾਂ ਦੇ ਚਰਨਾ 'ਤੇ ਢਹਿ ਪਏ ਅਤੇ ਪ੍ਰਭੂ ਪ੍ਰੇਮ ਦੀ ਦਾਤ ਮੰਗੀ। ਮਨ ਸ਼ਾਂਤੀ ਵਿਚ ਆ ਗਿਆ ਅਤੇ ਆਪ ਨੇ ਉੱਥੇ ਹੀ ਟਿਕਣ ਦਾ ਫੈਸਲਾ ਕਰ ਲਿਆ। ਇਸ ਸਮੇਂ ਆਪ ਦੀ ਉਮਰ 62 ਸਾਲ ਦੀ ਸੀ।

ਆਪ ਦਿਨ ਵੇਲੇ ਲੰਗਰ ਦੀ ਸੇਵਾ ਕਰਦੇ ਅਤੇ ਰੋਜ ਜੰਗਲ ਵਿਚੋਂ ਲੰਗਰ ਲਈ ਲੱਕੜਾਂ ਵੀ ਵੱਢ ਕੇ ਲਿਆਉਂਦੇ। ਉਸ ਸਮੇਂ ਘਰਾਂ ਵਿਚ ਨਲਕੇ ਨਹੀਂ ਹੁੰਦੇ ਸਨ ਅਤੇ ਲੋੜ ਲਈ ਪਾਣੀ ਖੂਹਾਂ ਅਤੇ ਦਰਿਆਵਾਂ ਤੋਂ ਘੜਿਆਂ ਅਤੇ ਗਾਗਰਾਂ ਵਿਚ ਭਰ ਕੇ ਲਿਆਂਦਾ ਜਾਂਦਾ ਸੀ। ਅਮਰਦਾਸ ਜੀ ਅੱਧੀ ਰਾਤ ਵੇਲੇ ਉੱਠ ਕੇ ਗਾਗਰ ਲੈ ਕੇ ਖਡੂਰ ਸਾਹਿਬ ਤੋਂ ਕੁਝ ਮੀਲ ਦੂਰ ਵਹਿੰਦੇ ਬਿਆਸ ਦਰਿਆ ਤੋਂ ਪਾਣੀ ਲਿਆ ਕੇ ਅੰਮ੍ਰਿਤ ਵੇਲੇ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਵਾਉਂਦੇ ਸਨ। ਆਪ ਕਿਉਂਕਿ ਵਡੇਰੀ ਉਮਰ ਦੇ ਸਨ, ਇਸ ਕਰਕੇ ਆਪ ਜੀ ਲਈ ਪਾਣੀ ਦੀ ਭਰੀ ਹੋਈ ਗਾਗਰ ਸਿਰ ਤੇ ਚੁੱਕ ਕੇ ਲਿਆਉਣੀ ਕੋਈ ਸੌਖਾ ਕੰਮ ਨਹੀ ਸੀ।

**ਨਿਥਾਵਿਆਂ ਦੀ ਥਾਂ:**

ਇਤਿਹਾਸ ਦਸਦਾ ਹੈ ਕਿ ਇਕ ਵਾਰੀ ਸਰਦੀਆਂ ਦੀ ਹਨੇਰੀ ਰਾਤ ਵਰ੍ਹਦੇ ਮੀਂਹ ਵਿਚ ਆਪ ਗਾਗਰ ਚੁੱਕੀ ਆ ਰਹੇ ਸੀ ਤਾਂ ਅਚਾਨਕ ਜੁਲਾਹੇ ਦੀ ਕਿੱਲੀ ਨਾਲ ਠੇਡਾ ਖਾ ਕੇ ਡਿੱਗ ਗਏ ਪਰ ਪਾਣੀ ਦੀ ਗਾਗਰ ਨਾ ਡਿੱਗਣ ਦਿੱਤੀ। ਖੜਾਕ ਸੁਣ ਕੇ ਜੁਲਾਹੇ ਨੇ ਆਪਣੀ ਪਤਨੀ ਨੂੰ ਕਿਹਾ ਕਿ ਲਗਦਾ ਏ ਕੋਈ ਖੱਡੀ ਵਿਚ ਡਿੱਗ ਪਿਆ ਹੈ। ਪਤਨੀ ਬੋਲੀ 'ਹੋਣਾ ਏ ਅਮਰੂ ਨਿਥਾਵਾਂ। ਨਾ ਦਿਨੇ ਚੈਨ ਤੇ ਨਾ ਰਾਤ ਨੂੰ। ਘਰੋਂ ਘਾਟੋਂ ਗਿਆ ਗੁਜ਼ਰਿਆ ਪੇਟ ਦੀ ਖਾਤਰ ਗੁਰੂ ਦਾ ਪਾਣੀ ਭਰਦਾ ਹੈ'। ਗੁਰੂ ਅਮਰਦਾਸ ਜੀ ਬੋਲੇ, "ਜਿਸ ਨੂੰ ਦੀਨ ਦੁਨੀ ਦੇ ਗੁਰੂ ਦਾ ਆਸਰਾ ਮਿਲ ਗਿਆ ਉਹ ਨਿਥਾਵਾਂ ਕਿਉਂ? ਮੇਰਾ ਥਾਂ ਹੈ ਗੁਰੂ ਆਪ'। ਉਸ ਸਮੇਂ ਆਪ ਦੀ ਉਮਰ 73 ਸਾਲ ਦੀ ਹੋ ਗਈ ਸੀ।

**ਗੁਰਿਆਈ:**

ਇਹ ਗੱਲ ਗੁਰੂ ਅੰਗਦ ਦੇਵ ਜੀ ਤੱਕ ਵੀ ਪਹੁੰਚੀ। ਗੁਰੂ ਅੰਗਦ ਸਾਹਿਬ ਤਾਂ ਪਹਿਲਾਂ ਹੀ ਅਮਰਦਾਸ ਜੀ ਦੀ ਸੇਵਾ ਅਤੇ ਘਾਲ, ਗੁਰੂ ਬਚਨਾਂ ਪ੍ਰਤੀ ਦ੍ਰਿੜਤਾ ਅਤੇ ਲੋਕਾਂ ਦੇ ਤਾਹਨਿਆਂ ਤੋਂ ਬੇਪਰਵਾਹ ਅਤੇ ਸ਼ਾਤਮਈ ਸੁਭਾ ਤੋਂ ਪ੍ਰਭਾਵਿਤ ਹੋ ਫੈਸਲਾ ਕਰ ਚੁੱਕੇ ਸਨ ਕਿ ਆਪ ਹੀ ਗੁਰਗੱਦੀ ਦੀ ਜਿੰਮੇਵਾਰੀ ਸੰਭਾਲਣ ਯੋਗ ਹਨ।

ਸੋ ਆਪ ਨੇ ਫੈਸਲਾ ਲੈ ਲਿਆ ਬਾਬਾ ਅਮਰਦਾਸ ਜੀ ਨੂੰ ਗੁਰੂ ਅਮਰਦਾਸ ਜੀ ਬਣਾਉਣ ਦਾ। ਆਪ ਨੇ ਜਨਵਰੀ 1552 ਈ. ਵਿਚ ਗੁਰਗੱਦੀ ਦੀ ਸਾਰੀ ਜਿੰਮੇਵਾਰੀ ਬਾਬਾ ਅਮਰਦਾਸ ਜੀ ਦੇ ਹਵਾਲੇ ਕਰ ਕੇ ਬਚਨ ਕੀਤਾ ਕਿ ਗੁਰੂ ਅਮਰਦਾਸ ਜੀ ਨਿਥਾਵਿਆਂ ਦੀ ਥਾਂ ਅਤੇ ਨਿਆਸਰਿਆਂ ਦੇ ਆਸਰੇ ਹਨ।

**ਪ੍ਰਚਾਰ ਕੇਂਦਰ ਨਗਰ ਗੋਇੰਦਵਾਲ:**

ਗੁਰਗੱਦੀ ਦੀ ਸਾਰੀ ਜਿੰਮੇਵਾਰੀ ਗੁਰੂ ਅਮਰਦਾਸ ਜੀ ਨੇ ਸੰਭਾਲ ਲਈ ਅਤੇ ਗੁਰੂ ਅੰਗਦ ਦੇਵ ਜੀ ਦੇ ਹੁਕਮ ਨਾਲ ਵਸਾਏ ਨਗਰ ਗੋਇੰਦਵਾਲ ਨੂੰ ਆਪ ਨੇ ਪ੍ਰਚਾਰ ਦਾ ਕੇਂਦਰ ਬਣਾ ਲਿਆ। ਸੰਗਤਾਂ ਦੀ ਗਿਣਤੀ ਦਿਨੋ ਦਿਨ ਵੱਧਣ ਲੱਗੀ।

**ਦਾਤੂ ਜੀ ਦਾਸੂ ਜੀ ਵੱਲੋ ਗੁਰਿਆਈ ਦਾ ਵਿਰੋਧ:**

ਗੁਰੂ ਜੀ ਦਾ ਸਤਿਕਾਰ ਅਤੇ ਵਡਿਆਈ ਦੇਖ ਕੇ ਦਾਤੂ ਜੀ ਦੇ ਮਨ ਵਿਚ ਈਰਖਾ ਜਾਗ ਪਈ। ਬੇਸ਼ੱਕ ਸਾਰੀ ਸੰਗਤ ਨੇ ਗੁਰੂ ਅੰਗਦ ਦੇਵ ਜੀ ਦੇ ਹੁਕਮ ਅਨੁਸਾਰ ਬਾਬਾ ਅਮਰਦਾਸ ਜੀ ਨੂੰ ਗੁਰੂ ਮੰਨ ਲਿਆ ਪਰ ਗੁਰੂ ਜੀ ਦੇ ਪੁੱਤਰ ਦਾਤੂ ਜੀ ਅਤੇ ਦਾਸੂ ਜੀ ਦੇ ਮਨ ਇਸ ਗੱਲ ਨੂੰ ਪ੍ਰਵਾਨ ਨਾ ਕਰ ਸਕੇ ਕਿ ਗੁਰੂ ਘਰ ਦਾ ਸੇਵਕ ਹੀ ਗੁਰੂ ਬਣ ਜਾਏ। ਮਾਤਾ ਖੀਵੀ ਜੀ ਨੇ ਵੀ ਉਨ੍ਹਾਂ ਨੂੰ ਸਮਝਾਇਆ ਕਿ ਅਜਿਹਾ ਉਨ੍ਹਾਂ ਵਲੋਂ ਗੁਰੂ ਪਿਤਾ ਦੀ ਹੁਕਮ ਅਦੂਲੀ ਕਰਕੇ ਹੋਇਆ ਹੈ। ਮਾਤਾ ਜੀ ਦੇ ਸਮਝਾਉਣ ਤੇ ਦਾਸੂ ਜੀ ਗੋਇੰਦਵਾਲ ਗਏ, ਗੁਰੂ ਅਮਰਦਾਸ ਜੀ ਕੋਲੋਂ ਮਾਫੀ ਮੰਗੀ ਅਤੇ ਫਿਰ ਕਦੀ ਮਨ ਵਿਚ ਅਜਿਹਾ ਵਿਚਾਰ ਨਹੀਂ ਲਿਆਂਦਾ।

ਪਰ ਦਾਤੂ ਜੀ ਦੇ ਮਨ ਵਿਚ ਗੁਰਗੱਦੀ ਦੀ ਲਾਲਸਾ ਖਤਮ ਨਹੀਂ ਸੀ ਹੋਈ। ਉਹ ਆਪਣੇ ਕੁਝ ਸਮਰਥਕਾਂ ਨੂੰ ਲੈ ਕੇ ਗੋਇੰਦਵਾਲ ਆਏ ਅਤੇ ਗੁਰੂ ਜੀ ਨੂੰ ਉੱਚਾ ਨੀਵਾਂ ਬੋਲਣ ਲੱਗੇ। ਪਰੰਤੂ ਗੁਰੂ ਜੀ ਨੇ ਰਤਾ ਵੀ ਗੁੱਸਾ ਨਾ ਕੀਤਾ ਤਾਂ ਅੱਗ ਬਬੂਲਾ ਹੋਏ ਦਾਤੂ ਜੀ ਨੇ ਭਰੇ ਹੋਏ ਦੀਵਾਨ ਵਿਚ ਗੁਰੂ ਜੀ ਨੂੰ ਲੱਤ ਕੱਢ ਮਾਰੀ। ਆਪਣੇ ਆਪ ਨੂੰ ਸੰਭਾਲ ਕੇ ਗੁਰੂ ਜੀ ਦਾਤੂ ਜੀ ਦੇ ਪੈਰ ਘੁੱਟਣ ਲੱਗੇ ਅਤੇ ਕਿਹਾ ਕਿ ਬੁਢੇਪੇ ਵਿਚ ਉਨ੍ਹਾਂ ਦੇ ਹੱਡ ਸਖਤ ਹੋ ਗਏ ਹਨ ਅਤੇ ਇਸ ਕਰਕੇ ਦਾਤੂ ਜੀ ਦੇ ਨਰਮ ਪੈਰਾਂ ਤੇ ਸੱਟ ਵੱਜ ਗਈ ਹੋਵੇਗੀ। ਮੌਕੇ ਦੀ ਨਜ਼ਾਕਤ ਦੇਖਦਿਆਂ ਗੁਰੂ ਜੀ ਗੋਇੰਦਵਾਲ ਛੱਡ ਕੇ ਬਾਸਰਕੇ ਚਲੇ ਗਏ ਅਤੇ ਪਿੰਡੋਂ ਬਾਹਰ ਇਕ ਕਮਰੇ ਵਿਚ ਜਾ ਡੇਰਾ ਲਾਇਆ ਅਤੇ ਕਿਸੇ ਨੂੰ ਵੀ ਆਪਣੇ ਆਉਣ ਦੀ ਖਬਰ ਨਹੀਂ ਕੀਤੀ। ਇਸ ਤਰਾਂ ਗੁਰੂ ਜੀ ਨੇ ਦਾਤੂ ਜੀ ਨੂੰ ਗੁਰੂ ਬਨਣ ਦਾ ਖੁੱਲ੍ਹਾ ਮੌਕਾ ਦੇ ਦਿੱਤਾ ਪਰ ਸੰਗਤ ਵਿਚੋਂ ਕਿਸੇ ਨੇ ਦਾਤੂ ਜੀ ਨੂੰ ਮੂੰਹ ਨਹੀਂ ਲਾਇਆ। ਸ਼ਰਮਿੰਦਾ ਹੋਕੇ ਦਾਤੂ ਜੀ ਖਡੂਰ ਵਾਪਸ ਚਲੇ ਗਏ।

**ਗੁਰਦੁਆਰਾ ਸੰਨ੍ਹ ਸਾਹਿਬ:**

ਉੱਧਰ ਸੰਗਤਾਂ ਗੁਰੂ ਜੀ ਦੇ ਦਰਸ਼ਨਾ ਲਈ ਵਿਆਕੁਲ ਸਨ। ਕਿਸੇ ਨੂੰ ਪਤਾ

ਨਹੀ ਸੀ ਲੱਗ ਰਿਹਾ ਕਿ ਗੁਰੂ ਜੀ ਕਿੱਥੇ ਹਨ। ਆਖਰ ਬਾਬਾ ਬੁੱਢਾ ਜੀ ਸਿੱਖਾਂ ਦੇ ਨਾਲ ਗੁਰੂ ਜੀ ਦੀ ਭਾਲ ਕਰਦੇ ਕਰਦੇ ਬਾਸਰਕੇ ਪਹੁੰਚ ਗਏ। ਜਿਸ ਘੋੜੀ ਉੱਪਰ ਗੁਰੂ ਜੀ ਸਵਾਰੀ ਕਰਿਆ ਕਰਦੇ ਸਨ ਉਸ ਨੂੰ ਖੁੱਲੀ ਛੱਡ ਦਿਤਾ ਤੇ ਸਾਰੇ ਸਿੱਖ ਉਸ ਦੇ ਪਿੱਛੇ ਤੁਰ ਪਏ। ਘੋੜੀ ਹੌਲੀ ਹੌਲੀ ਤੁਰਦੀ ਉੱਥੇ ਪਹੁੰਚ ਗਈ ਜਿੱਥੇ ਗੁਰੂ ਅਮਰਦਾਸ ਜੀ ਨੇ ਟਿਕਾਣਾ ਕੀਤਾ ਸੀ। ਪਰ ਸੰਗਤ ਦਰਵਾਜ਼ੇ ਉਤੇ ਲਿਖਿਆ ਹੁਕਮ ਪੜ੍ਹ ਕੇ ਕੰਬ ਗਈ। ਲਿਖਿਆ ਸੀ "ਜੋ ਕੋਈ ਇਥੇ ਆ ਕੇ ਇਹ ਦਰਵਾਜ਼ਾ ਖੋਲ੍ਹੇਗਾ ਉਹ ਸਾਡਾ ਸਿੱਖ ਨਹੀਂ ਹੋਵੇਗਾ ਅਤੇ ਅਸੀਂ ਉਸ ਦੇ ਗੁਰੂ ਨਹੀਂ ਰਹਾਂਗੇ।" ਸਿੱਖ ਕਰਨ ਤਾਂ ਕੀ ਕਰਨ! ਆਖਰ ਬਾਬਾ ਬੁੱਢਾ ਜੀ ਨੂੰ ਵਿਚਾਰ ਆਇਆ। ਉਨ੍ਹਾਂ ਨੇ ਦਰਵਾਜ਼ਾ ਤਾਂ ਨਹੀਂ ਖੋਲ੍ਹਿਆ ਪਰ ਪਿਛਲੇ ਪਾਸਿਓਂ ਕੰਧ ਵਿਚ ਸੰਨ੍ਹ ਲਾ ਕੇ ਅੰਦਰ ਪਹੁੰਚ ਗਏ। ਸੰਨ੍ਹ ਤੋਂ ਭਾਵ ਹੈ ਕੰਧ ਵਿਚ ਮੋਰੀ ਕਰਨਾ। ਉਸ ਮੋਰੀ ਵਿਚੋਂ ਲੰਘ ਕੇ ਬਾਬਾ ਬੁੱਢਾ ਜੀ ਅੰਦਰ ਆ ਗਏ ਅਤੇ ਗੁਰੂ ਜੀ ਨੂੰ ਮੱਥਾ ਟੇਕ ਕੇ ਸੰਗਤਾਂ ਨੂੰ ਦਰਸ਼ਨ ਦੇਣ ਲਈ ਬੇਨਤੀ ਕੀਤੀ ਅਤੇ ਨਾਲ ਹੀ ਕਿਹਾ, "ਜੇ ਕੋਈ ਭੁੱਲ ਹੋ ਗਈ ਹੋਵੇ ਤਾਂ ਬਖਸ਼ ਦੇਣਾ! ਪਰ ਆਪ ਦੀ ਆਗਿਆ ਨਹੀਂ ਭੰਗ ਕੀਤੀ ਸੱਚੇ ਪਾਤਸ਼ਾਹ! ਦੇਖ ਲਵੋ ਦਰਵਾਜ਼ਾ ਉਸੇ ਤਰ੍ਹਾਂ ਬੰਦ ਹੈ।" ਗੁਰੂ ਜੀ ਹੱਸ ਪਏ ਅਤੇ ਬਾਬਾ ਬੁੱਢਾ ਜੀ ਦੇ ਪ੍ਰੇਮ ਅਤੇ ਸਿਆਣਪ ਦੀ ਸ਼ਲਾਘਾ ਕੀਤੀ। ਇਸ ਥਾਂ ਤੇ ਹੁਣ ਗੁਰਦੁਆਰਾ ਸੰਨ੍ਹ ਸਾਹਿਬ ਬਣਿਆ ਹੈ। ਇਸ ਤਰ੍ਹਾਂ ਸਿੱਖ ਗੁਰੂ ਜੀ ਨੂੰ ਬੇਨਤੀ ਕਰਕੇ ਵਾਪਸ ਗੋਇੰਦਵਾਲ ਲੈ ਆਏ, ਜਿਥੇ ਉਨ੍ਹਾਂ ਨੇ ਗੁਰਗੱਦੀ ਦੀ ਜ਼ਿੰਮੇਵਾਰੀਆਂ ਨੂੰ ਮੁੜ ਸੰਭਾਲ ਲਿਆ।

**ਬਾਉਲੀ ਦਾ ਨਿਰਮਾਣ:**

ਉੱਚੀ ਜਾਤ ਦੇ ਲੋਕਾਂ ਨੇ ਜਦੋਂ ਸਾਂਝੇ ਖੂਹ ਤੋਂ ਲੰਗਰ ਲਈ ਪਾਣੀ ਲਿਆਉਂਦੇ ਸਿੱਖਾਂ ਦੇ ਘੜੇ ਵੱਟੇ ਮਾਰ ਕੇ ਤੋੜਨੇ ਸ਼ੁਰੂ ਕਰ ਦਿਤੇ ਤਾਂ ਗੁਰੂ ਜੀ ਨੇ ਫੈਸਲਾ ਕੀਤਾ ਕਿ ਸ਼ਾਂਤੀ ਬਣਾਈ ਰੱਖਣ ਲਈ ਪਾਣੀ ਦਾ ਵੱਖਰਾ ਪ੍ਰਬੰਧ ਕੀਤਾ ਜਾਏ। ਸੋ ਉਨ੍ਹਾਂ ਨੇ ਅਜਿਹੀ ਬਾਉਲੀ ਬਣਾਉਣ ਦਾ ਫੈਸਲਾ ਕੀਤਾ ਜਿੱਥੇ ਖੁੱਲ੍ਹਾ ਪਾਣੀ ਹੋਵੇ। ਹਰ ਜੀਵ ਨੂੰ ਖੁੱਲ੍ਹਾ ਪਾਣੀ ਮਿਲੇ, ਖੁੱਲ੍ਹਾ ਇਸ਼ਨਾਨ ਹੋ ਸਕੇ ਅਤੇ ਬੰਦਗੀ ਲਈ ਸ਼ਾਂਤ ਵਾਤਾਵਰਣ ਹੋਵੇ। ਬਾਉਲੀ ਦੀ ਤਿਆਰੀ ਵਿਚ ਹਰੇਕ ਸਿੱਖ ਨੇ ਖੁਸ਼ੀ ਨਾਲ ਹਿੱਸਾ ਲਿਆ। ਦੂਰੋਂ ਦੂਰੋਂ ਸਿੱਖ ਸੇਵਾ ਲਈ ਆਉਣ ਲੱਗ ਪਏ। ਬਾਬਾ ਬੁੱਢਾ ਜੀ ਕੋਲੋਂ ਪਹਿਲਾ ਟੱਕ ਲਗਵਾਇਆ ਗਿਆ। ਜੇਠਾ ਜੀ ਵੀ ਪੂਰੀ ਭਾਵਨਾ ਨਾਲ ਅਣਥੱਕ ਸੇਵਾ ਕਰਦੇ ਰਹੇ। ਬਾਉਲੀ ਦੀਆਂ ੮੪ ਪਉੜੀਆਂ ਨੇ ਹੌਲੀ ਹੌਲੀ ਸਿੱਖਾਂ ਵਿਚ ਇਹ ਵਿਚਾਰ ਵੀ ਪੈਦਾ ਕਰ ਦਿੱਤਾ ਕਿ ਇੱਥੇ ਇਸ਼ਨਾਨ ਕਰਨ ਨਾਲ ਮਨੁੱਖ ਦੀ ਚੁਰਾਸੀ ਕੱਟੀ ਜਾਂਦੀ ਹੈ। ਇਹ ਬਾਉਲੀ 1559 ਈ. ਵਿਚ ਬਣਾਈ ਗਈ ਸੀ।

### ਸਮਾਜਿਕ ਕਾਰਜ:

ਗੁਰੂ ਅਮਰਦਾਸ ਜੀ ਸਮਝਦੇ ਸਨ ਕਿ ਵਹਿਮਾਂ ਭਰਮਾਂ ਅਤੇ ਹੋਰ ਸਮਾਜਕ ਬੁਰਾਈਆਂ ਵਿਚ ਜਕੜਿਆ ਸਮਾਜ ਕਦੀ ਵੀ ਅੱਗੇ ਵੱਧ ਨਹੀਂ ਸਕਦਾ। ਇਸੇ ਲਈ ਗੁਰੂ ਅਮਰਦਾਸ ਜੀ ਨੇ ਸਾਰੀਆਂ ਸਮਾਜਿਕ ਬੁਰਾਈਆਂ ਨੂੰ ਜੜੋਂ ਪੁੱਟਣ ਲਈ ਯਤਨ ਸ਼ੁਰੂ ਕਰ ਦਿੱਤੇ।

ਲੰਗਰ ਦੀ ਪ੍ਰਥਾ ਜੋ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਚੱਲ ਰਹੀ ਸੀ, ਉਸ ਦਾ ਉਪਯੋਗ ਸਮਾਜ ਸੁਧਾਰ ਦੇ ਸਾਧਨ ਵਜੋਂ ਕਰਨ ਲਈ ਆਪ ਨੇ 'ਪਹਿਲੇ ਪੰਗਤ ਪਾਛੈ ਸੰਗਤ' ਦਾ ਨਿਯਮ ਬਣਾਇਆ। ਕੋਈ ਕਿੰਨੇ ਵੀ ਉੱਚੇ ਰੁਤਬੇ ਦਾ ਮਾਲਕ ਹੁੰਦਾ, ਨਿਯਮ ਹਰੇਕ ਲਈ ਇਕੋ ਸੀ। ਬਾਦਸ਼ਾਹ ਅਕਬਰ ਨੂੰ ਵੀ ਇਸ ਤੋਂ ਛੋਟ ਨਹੀਂ ਮਿਲੀ। ਇਸ ਤਰ੍ਹਾਂ ਹੌਲੀ ਹੌਲੀ ਅਜਿਹਾ ਵਾਤਾਵਰਣ ਸਿਰਜਿਆ ਗਿਆ ਜਿਸ ਨਾਲ ਆਮ ਲੋਕਾਂ ਵਿਚੋਂ ਆਪਸੀ ਦੂਰੀਆਂ ਖਤਮ ਹੋਣ ਲੱਗੀਆਂ ਅਤੇ ਸਾਰੇ ਬਰਾਬਰ ਦੇ ਭਾਈਵਾਲ ਬਣ ਕੇ ਰਹਿਣ ਲੱਗੇ। ਛੂਤ-ਛਾਤ ਅਤੇ ਊਚ-ਨੀਚ ਅਤੇ ਜਾਤਪਾਤ ਦੇ ਭੇਦਭਾਵ ਨੂੰ ਖਤਮ ਕਰਨ ਲਈ ਇਹ ਮੁਢਲਾ ਕਦਮ ਸੀ। ਇਸਤਰੀ ਜਾਤੀ ਵਿਚ ਘੁੰਡ ਦੀ ਰਸਮ ਨੂੰ ਦੂਰ ਕੀਤਾ ਅਤੇ ਸਤੀ ਪ੍ਰਥਾ ਦਾ ਪ੍ਰਬਲ ਖੰਡਨ ਕੀਤਾ। ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਅਨੁਸਾਰ ਗੁਰੂ ਜੀ ਦੁਆਰਾ ਇਸਤਰੀ ਜਾਤੀ ਨਾਲ ਹੋ ਰਹੇ ਵਿਤਕਰੇ ਵਾਲੇ ਵਰਤਾਰੇ ਨੂੰ ਦੂਰ ਕਰਨਾ ਸਭ ਤੋਂ ਮਹੱਤਵਪੂਰਨ ਕਦਮ ਸੀ। ਆਪ ਜੀ ਨੇ ਉਸ ਸਮੇਂ ਘਰ ਵਿਚ ਮੌਤ ਸਮੇਂ ਦੀ ਸਾਰੀਆਂ ਫਜ਼ੂਲ ਖਰਚੀ ਵਾਲੀਆਂ ਰਸਮਾਂ ਨੂੰ ਛੱਡ ਕੇ ਪ੍ਰਾਣੀ ਦੀ ਮੌਤ ਤੋਂ ਬਾਦ ਕੇਵਲ ਅਤੇ ਕੇਵਲ ਪ੍ਰਭੂ ਦੇ ਨਾਮ-ਸਿਮਰਨ ਅਤੇ ਕੀਰਤਨ ਕਰਨ ਦੀ ਰੀਤ ਚਲਾਈ।

### ਭਾਈ ਜੇਠਾ ਜੀ:

ਵਿਵਾਹਿਕ ਰਿਸ਼ਤੇ ਤਹਿ ਕਰਨ ਲਗਿਆਂ ਕੇਵਲ ਗੁਣਾਂ ਨੂੰ ਹੀ ਆਧਾਰ ਬਣਾਉਣ ਦੀ ਆਪ ਨੇ ਸਿੱਖਿਆ ਦਿੱਤੀ ਅਤੇ ਇਸ ਸਿੱਖਿਆ ਤੇ ਅਮਲ ਕਰਦਿਆਂ ਆਪ ਨੇ ਸ਼ਹਿਰ ਵਿਚ ਘੁੰਗਣੀਆਂ ਵੇਚ ਕੇ ਆਪਣਾ ਅਤੇ ਆਪਣੀ ਨਾਨੀ ਦਾ ਪੇਟ ਭਰਨ ਵਾਲੇ ਗਰੀਬ ਪਰਿਵਾਰ ਦੇ ਅਨਾਥ ਭਾਈ ਜੇਠਾ ਜੀ, ਜਿਨ੍ਹਾਂ ਦੀ ਲਗਨ ਅਤੇ ਸੇਵਾ ਭਾਵ ਤੋਂ ਆਪ ਬਹੁਤ ਪ੍ਰਭਾਵਿਤ ਸਨ, ਦਾ ਵਿਆਹ ਆਪਣੀ ਪੁੱਤਰੀ ਭਾਨੀ ਜੀ ਨਾਲ ਕਰ ਦਿੱਤਾ।

### 22 ਮੰਜੀਆਂ 52 ਪੀਹੜੇ:

ਆਪ ਜੀ ਨੇ ਸਾਰੇ ਇਲਾਕੇ ਨੂੰ 22 ਹਿਸਿਆਂ ਵਿਚ ਵੰਡ ਕੇ ਇਨ੍ਹਾਂ ਨੂੰ ਮੰਜੀਆਂ ਦਾ ਨਾਮ ਦਿੱਤਾ ਅਤੇ ਅੱਗੇ 52 ਹਿੱਸਿਆਂ ਵਿੱਚ ਵੰਡ ਕੇ ਪੀਹੜਿਆਂ ਦਾ ਨਾਮ ਦਿੱਤਾ, ਹਰ ਮੰਜੀ ਅਤੇ ਪੀਹੜੇ ਨੂੰ ਇੱਕ ਪ੍ਰਬੰਧਕ ਸਿੱਖ ਦੇ ਹਵਾਲੇ ਕਰਕੇ

ਪ੍ਰਚਾਰ ਦੀ ਜ਼ਿੰਮੇਵਾਰੀ ਲਗਾਈ। ਪ੍ਰਚਾਰ ਦੇ ਇਹ ਕੇਂਦਰ ਹਿੰਦੁਸਤਾਨ ਤੋਂ ਬਾਹਰ ਦੂਰ ਦੁਰਾਡੇ ਟਾਪੂਆਂ ਵਿਚ ਵੀ ਸਨ। ਇਸਤਰੀਆਂ ਨੂੰ ਵੀ ਇਨ੍ਹਾਂ ਪ੍ਰਚਾਰ ਕੇਦਰਾਂ ਦਾ ਮੁਖੀ ਥਾਪਿਆ ਗਿਆ। ਸੰਸਾਰ ਦੇ ਇਤਿਹਾਸ ਵਿੱਚ ਇਹ ਪਹਿਲਾ ਮੌਕਾ ਸੀ ਜਦੋਂ ਇਸਤਰੀਆਂ ਨੂੰ ਇਹ ਜ਼ਿੰਮੇਵਾਰੀ ਦਿੱਤੀ ਗਈ ਹੋਵੇ।

**ਗੁਰੂ ਕਾ ਚੱਕ:**

ਸਿੱਖੀ ਦਾ ਇਕ ਹੋਰ ਕੇਂਦਰ ਕਾਇਮ ਕਰਨ ਲਈ ਆਪ ਨੇ ਜੇਠਾ ਜੀ ਨੂੰ ਹੁਕਮ ਕੀਤਾ, ਜਿਸ ਦਾ ਨਾਮ ਗੁਰੂ ਕਾ ਚੱਕ ਰੱਖਿਆ। ਬਾਅਦ ਵਿਚ ਇਸੇ ਸ਼ਹਿਰ ਦਾ ਨਾਮ ਅੰਮ੍ਰਿਤਸਰ ਰੱਖਿਆ ਗਿਆ ਜੋ ਸਿੱਖੀ ਦਾ ਕੇਂਦਰੀ ਸਥਾਨ ਬਣਿਆ।

**ਬਾਣੀ ਰਚਨਾ:**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਦੇ 172 ਸ਼ਬਦ, 91 ਅਸਟਪਦੀਆਂ ਅਤੇ 20 ਛੰਤ ਹਨ। ਇਸ ਤੋਂ ਇਲਾਵਾ ਆਪ ਦੀਆਂ ਚਾਰ ਵਾਰਾਂ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਜਿਨ੍ਹਾਂ ਦੀਆਂ ਪਉੜੀਆਂ ਦੀ ਗਿਣਤੀ 84 ਹੈ। ਵਾਰਾਂ ਦੀਆਂ ਪਉੜੀਆਂ ਦੇ ਨਾਲ ਦਰਜ ਹੋਏ ਸਲੋਕਾਂ ਦੀ ਗਿਣਤੀ 343 ਹੈ। ਵਾਰਾਂ ਤੇ ਵਧੀਕ ਵਿਚ ਵੀ ਆਪ ਜੀ ਦੇ 67 ਸਲੋਕ ਦਰਜ ਹਨ। ਇਸ ਤੋਂ ਇਲਾਵਾ ਆਪ ਨੇ ਹੋਰ ਬਾਣੀਆਂ ਵੀ ਰਚੀਆਂ। ਰਾਗ ਆਸਾ ਦੀ ਬਾਣੀ 'ਪੱਟੀ' ਵਿਚ ਆਪ ਜੀ ਦੀਆਂ 18 ਪਉੜੀਆਂ ਹਨ, ਵਡਹੰਸ ਰਾਗ ਵਿਚ ਅਲਾਹੁਣੀਆਂ ਦੇ ਚਾਰ ਸ਼ਬਦ, ਬਿਲਾਵਲ ਰਾਗ ਵਿਚ ਵਾਰ ਸਤ, ਦਸ ਦਸ ਬੰਦਾਂ ਦੇ ਦੋ ਸ਼ਬਦ, ਰਾਮਕਲੀ ਰਾਗ ਵਿਚ ਅਨੰਦ ਸਾਹਿਬ ਅਤੇ ਮਾਰੂ ਸੋਲਹੇ ਵਿਚ 24 ਸ਼ਬਦ ਹਨ। ਆਪ ਜੀ ਦੀ ਕੁੱਲ ਬਾਣੀ 17 ਰਾਗਾਂ ਵਿਚ ਰਚੀ ਗਈ।

**ਭਾਈ ਜੇਠਾ ਜੀ ਨੂੰ ਗੁਰਿਆਈ ਤੇ ਜੋਤੀ-ਜੋਤਿ ਸਮਾਉਣਾ :**

ਆਪਣਾ ਅੰਤ ਸਮਾਂ ਨੇੜੇ ਜਾਣ ਗੁਰੂ ਅਮਰਦਾਸ ਜੀ ਨੇ ਆਪਣੇ ਛੋਟੇ ਜੁਆਈ ਜੇਠਾ (ਗੁਰੂ ਰਾਮਦਾਸ) ਜੀ ਨੂੰ ਸਭ ਤਰ੍ਹਾਂ ਯੋਗ ਜਾਣ ਗੁਰਗੱਦੀ ਦੀ ਸੇਵਾ ਉਨ੍ਹਾਂ ਨੂੰ ਬਖਸ਼ ਕੇ ਆਪ 85 ਸਾਲ ਦੀ ਉਮਰ ਵਿੱਚ 1574 ਈ. ਨੂੰ ਜੋਤੀ-ਜੋਤਿ ਸਮਾ ਗਏ।

**ਵਿਸ਼ੇਸ਼ ਕਾਰਜ:**

1. ਗੋਇੰਦਵਾਲ ਨਗਰ ਵਸਾਇਆ।
2. ਬਾਉਲੀ ਦਾ ਨਿਰਮਾਣ ਕਰਵਾਇਆ।
3. ਜਾਤ-ਪਾਤ ਅਤੇ ਊਚ-ਨੀਚ ਦੂਰ ਕਰਨ ਲਈ 'ਪਹਿਲੇ ਪੰਗਤ ਪਾਛੇ ਸੰਗਤ' ਦਾ ਨਿਯਮ ਬਣਾਇਆ।
4. ਸਤੀ ਪ੍ਰਥਾ ਦਾ ਖੰਡਨ ਕੀਤਾ।

5. ਧਰਮ ਪ੍ਰਚਾਰ ਲਈ 22 ਮੰਜੀਆਂ ਅਤੇ 52 ਪੀਹੜਿਆਂ ਦੀ ਸਥਾਪਨਾ ਕੀਤੀ।
6. ਮ੍ਰਿਤਕ ਸੰਸਕਾਰ ਸੰਬੰਧੀ ਗੁਰ ਮਰਿਆਦਾ ਕਾਇਮ ਕੀਤੀ।
7. ਕਈ ਧਰਮਸ਼ਾਲਾਵਾਂ ਦਾ ਨਿਰਮਾਣ ਕੀਤਾ।

## ਪ੍ਰਸ਼ਨੋਤਰੀ

ਪ੍ਰਸ਼ਨ 1. ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਕਦੋਂ ਹੋਇਆ ?

(ੳ) 1475 ਈ. (ਅ) 1479 ਈ.

(ੲ) 1579 ਈ. (ਸ) 1570 ਈ.

ਪ੍ਰਸ਼ਨ 2. ਗੁਰੂ ਅਮਰਦਾਸ ਜੀ ਦੇ ਪਿਤਾ ਜੀ ਦਾ ਕੀ ਨਾਮ ਸੀ ?

(ੳ) ਸਰੂਪ ਦਾਸ (ਅ) ਤੇਜਭਾਨ

(ੲ) ਹਰਜੀ ਦਾਸ (ਸ) ਭਜਨ ਦਾਸ

ਪ੍ਰਸ਼ਨ 3. ਗੁਰੂ ਅਮਰਦਾਸ ਜੀ ਕਿਸ ਨਦੀ ਤੇ ਇਸ਼ਨਾਨ ਕਰਨ ਲਈ ਜਾਂਦੇ ਸਨ ?

(ੳ) ਗੋਮਤੀ (ਅ) ਗੋਦਾਵਰੀ

(ੲ) ਗੰਗਾ (ਸ) ਜਮਨਾ

ਪ੍ਰਸ਼ਨ 4. ਕਿਸ ਬੀਬੀ ਦੀ ਪੜ੍ਹੀ ਬਾਣੀ ਨੇ ਗੁਰੂ ਅਮਰਦਾਸ ਜੀ ਦੇ ਮਨ ਵਿਚ ਗੁਰੂ ਮਿਲਾਪ ਲਈ ਤਾਂਘ ਪੈਦਾ ਕੀਤੀ ?

(ੳ) ਬੀਬੀ ਭਾਨੀ ਜੀ (ਅ) ਬੀਬੀ ਅਮਰੋ ਜੀ

(ੲ) ਬੀਬੀ ਅਨੋਖੀ ਜੀ (ਸ) ਬੀਬੀ ਦਾਨੀ ਜੀ

ਪ੍ਰਸ਼ਨ 5. ਗੁਰੂ ਅਮਰਦਾਸ ਜੀ ਨੂੰ ਗੁਰਿਆਈ ਕਿੰਨੀ ਉਮਰ ਵਿਚ ਪ੍ਰਾਪਤ ਹੋਈ ?

(ੳ) 73 ਸਾਲ (ਅ) 50 ਸਾਲ

(ੲ) 62 ਸਾਲ (ਸ) 55 ਸਾਲ

ਪ੍ਰਸ਼ਨ 6. ਗੁਰੂ ਅਮਰਦਾਸ ਜੀ ਨੇ ਕਿਹੜਾ ਨਗਰ ਵਸਾਇਆ ?

(ੳ) ਕਰਤਾਰਪੁਰ (ਅ) ਗੋਇੰਦਵਾਲ

(ੲ) ਖਡੂਰ ਸਾਹਿਬ (ਸ) ਫਤਿਹਗੜ੍ਹ ਸਾਹਿਬ

ਪ੍ਰਸ਼ਨ 7. ਗੁਰੂ ਅਮਰਦਾਸ ਜੀ ਨੇ ਕਿੰਨੀਆਂ ਮੰਜੀਆਂ ਦੀ ਸਥਾਪਨਾ ਕੀਤੀ ?

(ੳ) 12 (ਅ) 22

(ੲ) 10 (ਸ) 52

ਪ੍ਰਸ਼ਨ 8. ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦਾ ਨਿਰਮਾਣ ਕਿਸ ਗੁਰੂ ਸਾਹਿਬ ਨੇ ਕਰਵਾਇਆ?

(ੳ) ਗੁਰੂ ਰਾਮਦਾਸ ਜੀ (ਅ) ਗੁਰੂ ਹਰਗੋਬਿੰਦ ਜੀ

(ੲ) ਗੁਰੂ ਅਰਜਨ ਦੇਵ ਜੀ (ਸ) ਗੁਰੂ ਅਮਰਦਾਸ ਜੀ

ਪ੍ਰਸ਼ਨ 9. ਬਾਉਲੀ ਦੇ ਨਿਰਮਾਣ ਦਾ ਕਾਰਜ ਕਦੋਂ ਸੰਪੂਰਣ ਹੋਇਆ ?

(ੳ) 1559 ਈ. (ਅ) 1569 ਈ.

(ੲ) 1573 ਈ. (ਸ) 1560 ਈ.

ਪ੍ਰਸ਼ਨ 10. ਲੰਗਰ ਪ੍ਰਥਾ ਦੇ ਨਿਯਮ ਵਿਚ ਗੁਰੂ ਸਾਹਿਬ ਨੇ ਕੀ ਪਰਿਵਰਤਨ ਕੀਤਾ ?

(ੳ) ਪਹਿਲਾਂ ਸੰਗਤ ਫਿਰ ਲੰਗਰ (ਅ) ਪਹਿਲਾਂ ਪੰਗਤ ਫਿਰ ਸੰਗਤ

(ੲ) ਪਹਿਲਾਂ ਸੰਗਤ ਫਿਰ ਪੰਗਤ (ਸ) ਕੋਈ ਨਹੀਂ

ਪ੍ਰਸ਼ਨ 11. ਗੁਰੂ ਅਮਰਦਾਸ ਜੀ ਦੁਆਰਾ ਰਚਿਤ ਬਾਣੀ ਕਿਹੜੀ ਹੈ?

(ੳ) ਅਲਾਹੁਣੀਆਂ (ਅ) ਜਾਪ ਸਾਹਿਬ

(ੲ) ਜਪੁਜੀ ਸਾਹਿਬ (ਸ) ਸੁਖਮਨੀ ਸਾਹਿਬ

ਪ੍ਰਸ਼ਨ 12. ਗੁਰੂ ਅਮਰਦਾਸ ਜੀ ਨੇਂ ਕੁੱਲ ਕਿੰਨੇ ਰਾਗਾਂ ਵਿਚ ਬਾਣੀ ਰਚੀ ?

(ੳ) 18 (ਅ) 22

(ੲ) 20 (ਸ) 17

ਪ੍ਰਸ਼ਨ13. ਗੁਰੂ ਅਮਰਦਾਸ ਜੀ ਦੇ ਕਿੰਨੇ ਬੱਚੇ ਸਨ ?

(ੳ) ਚਾਰ (ਅ) ਇੱਕ

(ੲ) ਦੋ (ਸ) ਤਿੰਨ

ਪ੍ਰਸ਼ਨ14. ਗੁਰੂ ਅਮਰਦਾਸ ਜੀ ਦਾ ਜਨਮ ਕਿੱਥੇ ਹੋਇਆ ?

(ੳ) ਕਰਤਾਰਪੁਰ (ਅ) ਬਾਸਰਕੇ

(ੲ) ਗੋਇੰਦਵਾਲ (ਸ) ਤਰਨਤਾਰਨ

ਪ੍ਰਸ਼ਨ15. ਗੁਰੂ ਅਮਰਦਾਸ ਜੀ ਦੇ ਮਾਤਾ ਜੀ ਕੌਣ ਸਨ ?

(ੳ) ਬੀਬੀ ਮਨਸ਼ਾ ਦੇਵੀ ਜੀ (ਅ) ਬੀਬੀ ਦਾਨੀ ਜੀ

(ੲ) ਬੀਬੀ ਸੁਲੱਖਣੀ ਜੀ (ਸ) ਬੀਬੀ ਲਛਮੀ ਜੀ

ਪ੍ਰਸ਼ਨ16. ਗੁਰੂ ਅਮਰਦਾਸ ਜੀ ਦੇ ਸੁਪਤਨੀ ਦਾ ਕੀ ਨਾਮ ਸੀ ?

(ੳ) ਦਯਾ ਕੌਰ (ਅ) ਵੀਰ ਕੌਰ

(ੲ) ਰਾਮ ਕੌਰ (ਸ) ਚਰਨ ਕੌਰ

ਪ੍ਰਸ਼ਨ17. ਗੁਰੂ ਅਮਰਦਾਸ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਵਾਉਣ ਵਾਸਤੇ ਕਿਸ ਦਰਿਆ ਤੋਂ ਪਾਣੀ ਲਿਆਉਂਦੇ ਸਨ?

(ੳ) ਰਾਵੀ ਦਰਿਆ (ਅ) ਸਤਲੁਜ ਦਰਿਆ

(ੲ) ਜੇਹਲਮ ਦਰਿਆ (ਸ) ਬਿਆਸ ਦਰਿਆ

ਪ੍ਰਸ਼ਨ18. ਮੰਜੀ ਪ੍ਰਥਾ ਦੀ ਸਥਾਪਨਾ ਕਿਹੜੇ ਗੁਰੂ ਜੀ ਨੇ ਕੀਤੀ?

(ੳ) ਸ੍ਰੀ ਗੁਰੂ ਨਾਨਕ ਦੇਵ ਜੀ (ਅ) ਸ੍ਰੀ ਗੁਰੂ ਅਰਜਨ ਦੇਵ ਜੀ

(ੲ) ਸ੍ਰੀ ਗੁਰੂ ਅਮਰਦਾਸ ਜੀ (ਸ) ਸ੍ਰੀ ਗੁਰੂ ਤੇਗ਼ ਬਹਾਦਰ ਜੀ

ਪ੍ਰਸ਼ਨ19. ਗੁਰੂ ਅਮਰਦਾਸ ਜੀ ਕਿੰਨੀ ਉਮਰ ਵਿੱਚ ਜੋਤੀ-ਜੋਤਿ ਸਮਾਏ।

(ੳ) 72 ਸਾਲ (ਅ) 50 ਸਾਲ

(ੲ) 60 ਸਾਲ (ਸ) 85 ਸਾਲ

20. ਗੁਰੂ ਅਮਰਦਾਸ ਜੀ ਕਦੋਂ ਜੋਤੀ-ਜੋਤਿ ਸਮਾਏ?

(ੳ) 1469 ਈ: (ਅ) 1570 ਈ:

(ੲ) 1574 ਈ: (ਸ) 1608 ਈ:

**ਉੱਤਰ:-** 1. (ਅ), 2. (ਅ), 3. (ੲ), 4. (ਅ), 5. (ੳ), 6. (ਅ), 7. (ਅ), 8. (ਸ), 9. (ੳ), 10. (ਅ), 11. (ੳ), 12. (ਸ), 13. (ੳ), 14. (ਅ), 15. (ਸ), 16. (ੲ), 17. (ਸ), 18. (ੲ), 19. (ਸ), 20. (ੲ)

# ਸ੍ਰੀ ਗੁਰੂ ਰਾਮਦਾਸ ਜੀ



**ਜਨਮ:**

ਗੁਰੂ ਰਾਮਦਾਸ ਜੀ ਸਿੱਖਾਂ ਦੇ ਚੌਥੇ ਗੁਰੂ ਸਨ। ਇਨ੍ਹਾਂ ਦਾ ਜਨਮ 24 ਸਤੰਬਰ 1534 ਈ: ਵਿੱਚ ਚੂਨਾ ਮੰਡੀ ਲਾਹੌਰ ਵਿਖੇ ਹੋਇਆ।

**ਮਾਤਾ ਪਿਤਾ:**

ਆਪ ਜੀ ਦੇ ਪਿਤਾ ਜੀ ਦਾ ਨਾਮ ਸ੍ਰੀ ਹਰਿਦਾਸ ਸੀ ਜੋ ਸੋਢੀ ਖੱਤਰੀ ਸਨ। ਮਾਤਾ ਜੀ ਦਾ ਨਾਮ ਦਇਆ ਕੌਰ ਸੀ। ਆਪ ਜੀ ਦੇ ਬਚਪਨ ਦਾ ਨਾਮ 'ਜੇਠਾ' ਜੀ ਸੀ, ਜਿਸ ਦਾ ਅਰਥ ਹੈ–ਸਭ ਤੋਂ ਪਹਿਲਾਂ ਪੈਦਾ ਹੋਣ ਵਾਲਾ ਬੱਚਾ ਜਾਂ ਪੁੱਤਰ।

**ਬਚਪਨ:**

ਬਚਪਨ ਤੋਂ ਹੀ ਭਾਈ ਜੇਠਾ ਜੀ ਮਿੱਠ ਬੋਲੜੇ ਅਤੇ ਧਾਰਮਿਕ ਪ੍ਰਵਿਰਤੀ ਦੇ ਮਾਲਕ ਸਨ। ਦਇਆ, ਨਿਮਰਤਾ, ਪ੍ਰੇਮ ਅਤੇ ਉਦਾਰਤਾ ਆਦਿ ਆਪ ਜੀ ਦੇ ਸੁਭਾਅ ਦੇ ਵਿਸ਼ੇਸ਼ ਗੁਣ ਸਨ।ਅਜੇ ਭਾਈ ਜੇਠਾ ਜੀ ਦੋ ਕੁ ਵਰ੍ਹਿਆਂ ਦੇ ਹੋਏ ਕਿ ਮਾਤਾ ਜੀ ਦਾ ਦੇਹਾਂਤ ਹੋ ਗਿਆ।ਨਾਨਾ ਜੀ ਨੇ ਬਾਸਰਕੇ ਤੋਂ ਲਾਹੌਰ ਆ ਕੇ ਇਨ੍ਹਾਂ ਦਾ ਪਾਲਣ–ਪੋਸ਼ਣ ਕੀਤਾ।ਜਦੋ ਆਪ ਸੱਤ ਸਾਲ ਦੇ ਹੋਏ ਤਾਂ ਆਪ ਦੇ ਪਿਤਾ ਜੀ ਦਾ ਵੀ ਦੇਹਾਂਤ ਹੋ ਗਿਆ। ਨਾਨਾ ਜੀ ਉਨ੍ਹਾਂ ਨੂੰ ਆਪਣੇ ਪਿੰਡ ਬਾਸਰਕੇ ਲੈ ਆਏ। ਜਿੱਥੇ ਸੰਗਤਾਂ ਦੇ ਨਾਲ ਗੁਰੂ ਅਮਰਦਾਸ ਜੀ ਦਾ ਅਸ਼ੀਰਵਾਦ ਪ੍ਰਾਪਤ ਹੋਇਆ।

**ਘੁੰਗਣੀਆਂ ਵੇਚਣਾ:**

ਨਾਨਕੇ ਘਰ ਦੀ ਗਰੀਬੀ ਕਾਰਨ ਜੇਠਾ ਜੀ ਛੋਟੀ ਉਮਰ ਤੋਂ ਹੀ

ਕਿਰਤ-ਕਮਾਈ ਕਰਨ ਲਈ ਜੁੱਟ ਗਏ। ਆਪ ਛੋਲਿਆਂ ਦੀਆਂ ਘੁੰਗਣੀਆਂ ਵੇਚਿਆ ਕਰਦੇ ਸਨ ਅਤੇ ਇਸ ਤਰ੍ਹਾਂ ਘਰ ਦੇ ਕਾਰੋਬਾਰ ਵਿੱਚ ਹਿੱਸਾ ਪਾਇਆ ਕਰਦੇ ਸਨ। ਸਾਹਸੀ ਅਤੇ ਦਾਨੀ ਸੁਭਾ ਦੇ ਹੋਣ ਕਰਕੇ ਉਹ ਕਈ ਵਾਰ ਗਰੀਬਾਂ ਅਤੇ ਸਾਧਾਂ-ਫਕੀਰਾਂ ਨੂੰ ਘੁੰਗਣੀਆਂ ਮੁਫ਼ਤ ਵੀ ਵਰਤਾ ਦਿਆ ਕਰਦੇ ਸਨ।

**ਗੁਰੂ ਅਮਰਦਾਸ ਜੀ ਨਾਲ ਗੋਇੰਦਵਾਲ ਆਉਣਾ:**

1546 ਈ. ਵਿੱਚ ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਸਾਹਿਬ ਦੇ ਹੁਕਮ ਨਾਲ ਗੋਇੰਦਵਾਲ ਵਸਾਇਆ ਤਾਂ ਗੁਰੂ ਅਮਰਦਾਸ ਜੀ ਆਪ ਦੇ ਬਹੁਤ ਸਾਰੇ ਰਿਸ਼ਤੇਦਾਰਾਂ ਨੂੰ ਗੋਇੰਦਵਾਲ ਲੈ ਆਏ। ਜੇਠਾ ਜੀ ਵੀ ਆਪਣੀ ਨਾਨੀ ਸਮੇਤ ਗੋਇੰਦਵਾਲ ਆ ਵਸੇ। ਉਸ ਸਮੇਂ ਆਪ ਜੀ ਦੀ ਉਮਰ 12 ਸਾਲ ਦੀ ਸੀ। ਗੋਇੰਦਵਾਲ ਆ ਕੇ ਵੀ ਘੁੰਗਣੀਆਂ ਵੇਚਣ ਦਾ ਕੰਮ ਜਾਰੀ ਰਿਹਾ ਤੇ ਆਪਣਾ ਗੁਜ਼ਾਰਾ ਘੁੰਗਣੀਆਂ ਵੇਚ ਕੇ ਹੀ ਕਰਦੇ ਰਹੇ। ਆਪ ਬੜੇ ਪ੍ਰੇਮ ਨਾਲ ਗੁਰ-ਸੰਗਤ ਦੀ ਸੇਵਾ ਕਰਦੇ। ਗੁਰੂ ਅਮਰਦਾਸ ਜੀ ਨਾਲ ਆਪ ਜੀ ਦੀ ਨੇੜਤਾ ਵਧਦੀ ਗਈ।

**ਬੀਬੀ ਭਾਨੀ ਜੀ ਨਾਲ ਵਿਆਹ:**

ਗੁਰੂ ਅਮਰਦਾਸ ਜੀ ਦੀਆਂ ਦੋ ਸਪੁੱਤਰੀਆਂ ਸਨ। ਵੱਡੀ ਧੀ ਬੀਬੀ ਦਾਨੀ ਦਾ ਵਿਆਹ ਸ੍ਰੀ ਰਾਮਾ ਜੀ ਨਾਲ ਹੋ ਗਿਆ। ਇੱਕ ਦਿਨ ਮਾਤਾ ਜੀ ਨੇ ਕਿਹਾ ਕਿ ਬੀਬੀ ਭਾਨੀ ਜੀ ਲਈ ਯੋਗ ਵਰ ਦੀ ਭਾਲ ਕਰਨੀ ਚਾਹੀਦੀ ਹੈ। ਭਾਈ ਜੇਠਾ ਜੀ ਨੂੰ ਵੇਖਕੇ ਮਾਤਾ ਜੀ ਨੇ ਕਿਹਾ ਕਿ ਬੀਬੀ ਭਾਨੀ ਜੀ ਦਾ ਵਰ ਇਸ ਕਾਕੇ ਵਰਗਾ ਹੋਣਾ ਚਾਹੀਦਾ ਹੈ। ਗੁਰੂ ਜੀ ਨੇ ਉੱਤਰ ਦਿੱਤਾ ਕਿ ਇਸ ਜਿਹਾ ਤਾਂ ਇਹੋ ਹੀ ਹੈ। ਬੱਸ, ਬਿਨਾ ਜਾਤ-ਪਾਤ ਜਾਂ ਨਾਨਕੇ ਦਾਦਕੇ ਦੀ ਪੜਤਾਲ ਕੀਤਿਆਂ ਬਹੁਤੀ ਗਰੀਬੀ ਹੋਣ ਦੇ ਬਾਵਜੂਦ ਵੀ ਬੀਬੀ ਭਾਨੀ ਜੀ ਦੀ ਮੰਗਣੀ ਭਾਈ ਜੇਠਾ ਜੀ ਨਾਲ ਕਰ ਦਿੱਤੀ ਅਤੇ 1553 ਈ: ਨੂੰ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿੱਤਾ। ਉਸ ਵਕਤ ਉਨ੍ਹਾਂ ਦੀ ਉਮਰ 19 ਸਾਲਾਂ ਦੀ ਸੀ। ਬੀਬੀ ਭਾਨੀ ਜੀ ਦੀ ਕੁੱਖ ਤੋਂ ਤਿੰਨ ਪੁੱਤਰਾਂ ਨੇ ਜਨਮ ਲਿਆ। ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ ਦੇਵ ਜੀ। ਵਿਆਹ ਤੋਂ ਬਾਅਦ ਸ੍ਰੀ ਗੁਰੂ ਅਮਰਦਾਸ ਜੀ ਨੇ (ਗੁਰੂ ਰਾਮਦਾਸ) ਭਾਈ ਜੇਠਾ ਜੀ ਨੂੰ ਆਪਣੇ ਵੱਡੇ ਜਵਾਈ ਰਾਮਾ ਜੀ ਵਾਂਗ, ਆਪਣੇ ਘਰ ਹੀ ਰੱਖ ਲਿਆ। ਗੁਰੂ ਜੀ ਪੂਰੀ ਤਨਦੇਹੀ ਨਾਲ ਗੁਰੂ ਜੀ ਅਤੇ ਸਾਧ ਸੰਗਤ ਦੀ ਸੇਵਾ ਕਰਨ ਲੱਗੇ। ਆਪ ਰਿਸ਼ਤੇ ਵਿੱਚ ਗੁਰੂ ਅਮਰਦਾਸ ਜੀ ਦੇ ਜਵਾਈ ਲੱਗਦੇ ਸੀ ਪਰ ਸਭ ਦੁਨਿਆਵੀ ਰਿਸ਼ਤੇ ਭੁਲਾ ਕੇ ਗੁਰੂ ਜੀ ਦੇ ਨਿਮਾਣੇ ਸਿੱਖ ਹੋ ਕੇ ਸੇਵਾ ਕਰਦੇ ਰਹੇ। ਗੁਰੂ ਅਮਰਦਾਸ ਜੀ, ਭਾਈ ਜੇਠਾ ਜੀ ਦੀ ਸੇਵਾ ਭਾਵਨਾ ਅਤੇ ਅਣਥੱਕ ਘਾਲ ਵੇਖ ਕੇ ਬਹੁਤ ਪ੍ਰਸੰਨ ਹੁੰਦੇ। ਉਹ ਉਨ੍ਹਾਂ ਨੂੰ ਰਾਮਦਾਸ ਕਹਿ ਕੇ ਹੀ ਬੁਲਾਉਂਦੇ ਸਨ। ਇਸ ਤਰ੍ਹਾਂ ਜੇਠਾ ਜੀ ਦਾ ਨਾਮ ਰਾਮਦਾਸ ਹੀ ਪੈ ਗਿਆ।

**ਗੁਰਿਆਈ ਲਈ ਪ੍ਰੀਖਿਆਵਾਂ:**

ਇੱਕ ਵਾਰ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਵੱਡੇ ਦਾਮਾਦ ਭਾਈ ਰਾਮਾ ਜੀ ਅਤੇ ਛੋਟੇ ਜਵਾਈ ਜੇਠਾ ਜੀ ਨੂੰ ਕਿਹਾ ਮੈਂ ਥੜ੍ਹੇ ਉੱਤੇ ਬੈਠ ਕੇ ਬਾਉਲੀ ਸਾਹਿਬ ਦੀ ਸੇਵਾ ਦੇਖਣਾ ਚਾਹੁੰਦਾ ਹਾਂ, ਤੁਸੀਂ ਦੋਵੇਂ ਵੱਖ-ਵੱਖ ਥਾਵਾਂ ਤੇ ਦੋ ਥੜ੍ਹੇ ਉਸਾਰ ਦੇਵੋ। ਇਹ ਇੱਕ ਸਿੱਖੀ ਸਿਦਕ, ਆਗਿਆਕਾਰਤਾ ਅਤੇ ਸੇਵਾ ਭਾਵਨਾ ਦੀ ਬਹੁਤ ਵੱਡੀ ਪ੍ਰੀਖਿਆ ਸੀ। ਤੀਸਰੇ ਗੁਰੂ ਸਾਹਿਬ ਨੇ ਦੋਹਾਂ ਨੂੰ ਬਾਰ-ਬਾਰ ਥੜ੍ਹੇ ਢਾਹ ਕੇ ਨਵੇਂ ਉਸਾਰਨ ਦਾ ਹੁਕਮ ਦਿੱਤਾ। ਇਹ ਪ੍ਰਕਿਰਿਆ ਪੰਜ-ਛੇ ਦਿਨ ਚਲਦੀ ਰਹੀ, ਜਿਸ ਵਿੱਚ ਭਾਈ ਜੇਠਾ ਜੀ (ਰਾਮਦਾਸ ਜੀ), ਸ਼ਰਧਾ, ਗੁਰ-ਪ੍ਰੇਮ, ਸਿਦਕ ਅਤੇ ਆਗਿਆਕਾਰੀ ਸਖ਼ਸ਼ੀਅਤ ਦੇ ਮਾਲਕ ਹੋਣ ਕਾਰਨ ਪੂਰਨ ਤੌਰ ਤੇ ਸਫਲ ਹੋਏ। ਇਸ ਤਰ੍ਹਾਂ ਗੁਰੂ ਅਮਰਦਾਸ ਜੀ ਵੱਲੋਂ ਗੁਰਿਆਈ ਦੀ ਬਖਸ਼ਿਸ਼ ਭਾਈ ਜੇਠਾ ਜੀ ਨੂੰ ਹੋਈ, ਬਾਬਾ ਬੁੱਢਾ ਜੀ ਨੇ ਗੁਰਿਆਈ ਦਾ ਟਿੱਕਾ ਲਗਾਇਆ। ਗੁਰਿਆਈ ਸਮੇਂ ਗੁਰੂ ਰਾਮਦਾਸ ਜੀ ਉਮਰ 40 ਸਾਲ ਸੀ।

**ਚੱਕ ਰਾਮਦਾਸ:**

ਜਿਵੇਂ ਗੁਰੂ ਅਮਰਦਾਸ ਜੀ ਨੇ ਖਡੂਰ ਸਾਹਿਬ ਛੱਡ ਕੇ ਗੋਇੰਦਵਾਲ ਨਗਰ ਵਸਾਇਆ ਸੀ, ਉਸੇ ਤਰ੍ਹਾਂ ਉਨ੍ਹਾਂ ਨੇ ਰਾਮਦਾਸ ਜੀ ਨੂੰ ਹੁਕਮ ਕੀਤਾ ਕਿ ਉਹ ਬਾਬਾ ਬੁੱਢਾ ਜੀ ਦੇ ਸਹਿਯੋਗ ਨਾਲ ਨਵੇਂ ਨਗਰ ਦੀ ਸਥਾਪਨਾ ਕਰਨ। ਗੁਰੂ ਅਮਰਦਾਸ ਜੀ ਨੇ ਜਗ੍ਹਾ ਦੀ ਨਿਸ਼ਾਨੀ ਦੱਸਦਿਆਂ ਕਿਹਾ ਕਿ ਇਹ ਸਥਾਨ ਤੁੰਗ ਪਿੰਡ ਤੋਂ ਪਹਿਲੇ ਗਿਲਵਾਲੀ ਤੋਂ ਹੱਟ ਕੇ, ਸੁਲਤਾਨਪੁਰ ਤੋਂ ਪੱਛਮ ਵਿੱਚ ਹੈ। ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੁਆਰਾ ਦੱਸੀ ਨਿਸ਼ਾਨੀ ਲੱਭ ਕੇ ਸਰੋਵਰ ਬਣਾਉਣ ਦੀ ਨਿਸ਼ਾਨਦੇਹੀ ਕਰ ਦਿੱਤੀ ਤੇ ਸੰਤੋਖਸਰ ਤੋਂ ਕੁੱਝ ਫ਼ਾਸਲੇ ਦੀ ਦੂਰੀ ਤੇ ਇੱਕ ਪਿੰਡ ਦੀ ਨੀਂਹ ਰੱਖੀ ਭਾਵ ਮੋੜ੍ਹੀ ਗੱਡੀ। ਇਸ ਨਗਰ ਦਾ ਨਾਮ ਆਪ ਨੇ (ਗੁਰੂ ਕਾ ਚੱਕ) ਰੱਖਿਆ। ਬਾਅਦ ਵਿੱਚ ਇਸ ਦਾ ਨਾਮ (ਰਾਮਦਾਸਪੁਰਾ ਜਾਂ ਚੱਕ ਰਾਮਦਾਸ) ਹੋ ਗਿਆ। ਇਸ ਕੰਮ ਲਈ 52 ਕਿੱਤਾਕਾਰਾਂ, ਜਿਨ੍ਹਾਂ ਵਿਚ ਸਿੱਖ, ਹਿੰਦੂ ਅਤੇ ਮੁਸਲਮਾਨ ਸ਼ਾਮਿਲ ਸਨ, ਨੂੰ ਉਥੇ ਬੁਲਾਇਆ ਗਿਆ।

**ਗੁਰੂ ਕੇ ਮਹਿਲ:**

ਆਪ ਜੀ ਨੇ ਆਪਣੇ ਨਿਵਾਸ ਲਈ ਮਕਾਨ ਬਣਵਾਇਆ, ਜਿਸਦਾ ਨਾਮ "ਗੁਰੂ ਕੇ ਮਹਿਲ" ਪਿਆ। ਲੋਕਾਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਇੱਕ ਬਾਜ਼ਾਰ ਬਣਵਾਇਆ, ਜਿਸ ਦਾ ਨਾਮ "ਗੁਰੂ ਕਾ ਬਾਜ਼ਾਰ" ਪੈ ਗਿਆ, ਵਰਤਮਾਨ ਵਿਚ ਵੀ ਇਹ ਬਜ਼ਾਰ ਇਸੇ ਨਾਮ ਨਾਲ ਪ੍ਰਸਿੱਧ ਹੈ।

**ਅੰਮ੍ਰਿਤਸਰ ਸਾਹਿਬ:**

ਉਸੇ ਸਾਲ 1577 ਈ: ਨੂੰ ਗੁਰੂ ਰਾਮਦਾਸ ਜੀ ਨੇ ਦੁੱਖ ਭੰਜਨੀ ਬੇਰੀ ਵਾਲੀ

ਥਾਂ 'ਤੇ ਇੱਕ ਸਰੋਵਰ ਦੀ ਖੁਦਾਈ ਸ਼ੁਰੂ ਕੀਤੀ, ਜਿਸ ਦਾ ਟੱਕ ਬਾਬਾ ਬੁੱਢਾ ਜੀ ਤੋਂ ਲਗਵਾਇਆ। ਇਸ ਸਰੋਵਰ ਨੂੰ ਬਾਅਦ ਵਿੱਚ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪੂਰਾ ਕੀਤਾ, ਇਸ ਦਾ ਨਾਮ "ਅੰਮ੍ਰਿਤਸਰ" ਰੱਖਿਆ ਗਿਆ। ਇਸੇ ਸਰੋਵਰ ਦੇ ਨਾਮ ਤੇ ਸ਼ਹਿਰ ਦਾ ਨਾਮ ਵੀ ਅੰਮ੍ਰਿਤਸਰ ਪੈ ਗਿਆ ।

**ਮਸੰਦ ਪ੍ਰਥਾ:**

ਗੁਰੂ ਅਮਰਦਾਸ ਜੀ ਦੁਆਰਾ ਸਥਾਪਿਤ 22 ਮੰਜੀਆਂ ਜੋ ਕਿ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਥਾਪੀਆਂ ਗਈਆਂ ਸੀ, ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਦੂਰ-ਦੁਰਾਡੇ ਦੇ ਸਿੱਖਾਂ ਤੋਂ ਉਹ ਮਾਇਆ ਲਿਆਉਣ ਲਈ ਜੋ ਉਨ੍ਹਾਂ ਨੇ ਆਪਣੀ ਖੁਸ਼ੀ ਨਾਲ ਕੱਢ ਕੇ ਰੱਖੀ ਹੁੰਦੀ ਸੀ, ਲਈ ਮਸੰਦ ਪ੍ਰਥਾ ਵੀ ਸਥਾਪਿਤ ਕੀਤੀ।

**ਬਾਣੀ ਰਚਨਾ:**

ਗੁਰੂ ਰਾਮਦਾਸ ਜੀ ਦੇ 679 ਸ਼ਬਦ 30 ਰਾਗਾਂ ਵਿਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਆਪ ਜੀ ਦੀਆਂ ਵਿਸ਼ੇਸ਼ ਰਚਨਾਵਾਂ ਅੱਠ ਵਾਰਾਂ ਅਤੇ ਛੱਕੇ ਛੰਤ ਹਨ। ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੇ ਸਮੇਂ ਵਿੱਚ ਹੀ (ਸੂਹੀ ਰਾਗ) ਵਿੱਚ ਚਾਰ ਲਾਵਾਂ ਦੇ ਪਾਠ ਦੀ ਰਚਨਾ ਕਰਕੇ ਸਿੱਖਾਂ ਵਿੱਚ ਵਿਆਹ ਸਮੇਂ (ਅਨੰਦ ਕਾਰਜ) ਦੀ ਪ੍ਰਥਾ ਪ੍ਰਚੱਲਤ ਕਰ ਦਿੱਤੀ ਸੀ।

**ਅਰਜਨ ਦੇਵ ਜੀ ਨੂੰ ਗੁਰਿਆਈ ਦੀ ਬਖਸ਼ਿਸ:**

ਗੁਰਿਆਈ ਗੁਰੂ ਰਾਮਦਾਸ ਜੀ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਭਾਨੀ ਦੇ ਪੁੱਤਰਾਂ ਵਿੱਚੋਂ ਕਿਸੇ ਇੱਕ ਨੂੰ ਮਿਲਣੀ ਸੀ। ਪ੍ਰਿਥੀ ਚੰਦ ਸਭ ਤੋਂ ਵੱਡਾ ਪੁੱਤਰ ਅਤਿ ਲੋਭੀ, ਝਗੜਾਲੂ, ਈਰਖਾਲੂ ਅਤੇ ਮੀਣਾ ਸੀ ਅਤੇ ਦੂਸਰਾ ਪੁੱਤਰ ਮਹਾਂਦੇਵ ਮਸਤ, ਸੰਨਿਆਸੀ ਅਤੇ ਸਾਧੂ ਸੁਭਾ ਦਾ ਮਾਲਕ ਸੀ। ਇਸ ਲਈ ਗੁਰਗੱਦੀ ਦੇ ਅਸਲੀ ਵਾਰਿਸ ਅਤੇ ਯੋਗ ਅਧਿਕਾਰੀ ਅਰਜਨ ਦੇਵ ਹੀ ਸਨ। ਇੱਕ ਵਾਰੀ ਲਾਹੌਰ ਤੋਂ ਗੁਰੂ ਰਾਮਦਾਸ ਜੀ ਦੇ ਕੁੱਝ ਰਿਸ਼ਤੇਦਾਰ ਅੰਮ੍ਰਿਤਸਰ ਆਏ ਅਤੇ ਵਿਆਹ ਦਾ ਸੱਦਾ ਪੱਤਰ ਦਿੰਦੇ ਹੋਏ ਲਾਹੌਰ ਜਾਣ ਵਾਸਤੇ ਕਿਹਾ। ਗੁਰੂ ਰਾਮਦਾਸ ਜੀ ਨੇ ਆਪਣੇ ਸਭ ਤੋਂ ਛੋਟੇ ਪੁੱਤਰ ਅਰਜਨ ਦੇਵ ਨੂੰ ਲਾਹੌਰ ਭੇਜ ਦਿੱਤਾ ਨਾਲ ਹੀ ਕਿਹਾ ਜਦੋਂ ਅਸੀਂ ਸੱਦੀਏ ਤਾਂ ਹੀ ਆਉਣਾ। ਵਿਆਹ ਤੋਂ ਬਾਦ ਇੱਕ-ਦੋ ਮਹੀਨੇ ਹੋ ਗਏ, ਗੁਰੂ ਰਾਮਦਾਸ ਜੀ ਨੇ ਸੱਦਾ ਨਾ ਭੇਜਿਆ ਤਾਂ ਅਰਜਨ ਦੇਵ ਜੀ ਨੇ ਗੁਰੂ ਪਿਤਾ ਜੀ ਨੂੰ ਗੁਰੂ ਪ੍ਰੇਮ ਵਿਚ ਤਿੰਨ ਚਿੱਠੀਆਂ ਲਿਖੀਆਂ ਜੋ ਪ੍ਰਿਥੀ ਚੰਦ ਕਰਕੇ ਗੁਰੂ ਸਾਹਿਬ ਨੂੰ ਬਾਅਦ ਵਿਚ ਮਿਲੀਆ ਤੇ ਗੁਰੂ ਸਾਹਿਬ ਪੜ੍ਹ ਕੇ ਬਹੁਤ ਖੁਸ਼ ਹੋਏ ਅਤੇ ਫੈਸਲਾ ਕਰ ਲਿਆ ਕਿ ਗੁਰਿਆਈ 'ਤੇ ਅਰਜਨ ਦੇਵ ਦਾ ਹੀ ਹੱਕ ਹੈ ਇਸ ਤਰ੍ਹਾਂ ਗੁਰੂ ਰਾਮਦਾਸ ਜੀ ਨੇ ਅਰਜਨ ਦੇਵ ਜੀ ਨੂੰ ਗੁਰਿਆਈ ਬਖਸ਼ਿਸ਼ ਕੀਤੀ।

**ਜੋਤੀ-ਜੋਤਿ:**

ਅਖੀਰ ਨੂੰ ਆਪਣਾ ਅੰਤ ਸਮਾਂ ਨੇੜੇ ਜਾਣ ਕਰਕੇ, ਗੁਰੂ ਰਾਮਦਾਸ ਜੀ ਪਰਿਵਾਰ ਸਮੇਤ ਗੋਇੰਦਵਾਲ ਚਲੇ ਗਏ ਅਤੇ 1 ਸਤੰਬਰ 1581 ਈ: ਨੂੰ 47 ਸਾਲ ਦੀ ਉਮਰ ਵਿਚ ਜੋਤੀ-ਜੋਤਿ ਸਮਾ ਗਏ।

**ਵਿਸ਼ੇਸ਼ ਕਾਰਜ:**

1. ਗੁਰੂ ਕਾ ਚੱਕ ਭਾਵ ਚੱਕ ਰਾਮਦਾਸ ਨਗਰ ਵਸਾਇਆ।
2. ਗੁਰੂ ਕੇ ਮਹਿਲ ਦਾ ਨਿਰਮਾਣ ਕਰਵਾਇਆ।
3. ਇਕ ਬਾਜ਼ਾਰ ਬਣਵਾਇਆ, ਜੋ 'ਗੁਰੂ ਕਾ ਬਾਜ਼ਾਰ' ਨਾਮ ਨਾਲ ਪ੍ਰਸਿੱਧ ਹੈ।
4. ਮਸੰਦ ਪ੍ਰਥਾ ਲਾਗੂ ਕੀਤੀ।
5. ਰਾਮਸਰ ਸਰੋਵਰ ਦੀ ਖੁਦਾਈ ਸ਼ੁਰੂ ਕਰਵਾਈ।

## ਪ੍ਰਸ਼ਨੋਤਰੀ

ਪ੍ਰਸ਼ਨ 1. ਸ੍ਰੀ ਗੁਰੂ ਰਾਮਦਾਸ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਸਨ ?

(ੳ) ਦੂਜੇ — (ਅ) ਚੌਥੇ

(ੲ) ਪੰਜਵੇਂ — (ਸ) ਤੀਜੇ

ਪ੍ਰਸ਼ਨ 2. ਸ੍ਰੀ ਗੁਰੂ ਰਾਮਦਾਸ ਜੀ ਦਾ ਮੁੱਢਲਾ ਨਾਮ ਕੀ ਸੀ ?

(ੳ) ਭਾਈ ਰਾਮਾ ਜੀ — (ਅ) ਭਾਈ ਜੇਠਾ ਜੀ

(ੲ) ਭਾਈ ਦਿਆਲਾ ਜੀ — (ਸ) ਭਾਈ ਲਹਿਣਾ ਜੀ

ਪ੍ਰਸ਼ਨ 3. ਛੋਟੇ ਹੁੰਦਿਆਂ ਗੁਰੂ ਰਾਮਦਾਸ ਜੀ ਕੀ ਵੇਚ ਕੇ ਘਰ ਦਾ ਗੁਜ਼ਾਰਾ ਕਰਦੇ ਸਨ?

(ੳ) ਗੁੜ — (ਅ) ਫਲ

(ੲ) ਘੁੰਗਣੀਆਂ — (ਸ) ਮਿਠਾਈ

ਪ੍ਰਸ਼ਨ 4. ਗੁਰੂ ਰਾਮਦਾਸ ਜੀ ਦਾ ਜਨਮ ਕਿੱਥੇ ਹੋਇਆ ?

(ੳ) ਲਾਹੌਰ — (ਅ) ਅੰਮ੍ਰਿਤਸਰ

(ੲ) ਮੁਲਤਾਨ — (ਸ) ਕਰਤਾਰਪੁਰ

ਪ੍ਰਸ਼ਨ 5. ਗੁਰੂ ਰਾਮਦਾਸ ਜੀ ਦਾ ਵਿਆਹ ਕਿਸ ਨਾਲ ਹੋਇਆ ?

(ੳ) ਬੀਬੀ ਦਾਨੀ ਜੀ | (ਅ) ਬੀਬੀ ਭਾਨੀ ਜੀ

(ੲ) ਬੀਬੀ ਸੁਲੱਖਣੀ ਜੀ | (ਸ) ਬੀਬੀ ਲਛਮੀ ਜੀ

ਪ੍ਰਸ਼ਨ 6. ਗੁਰੂ ਰਾਮਦਾਸ ਜੀ ਦੇ ਕਿੰਨੇ ਸਪੁੱਤਰ ਸਨ ?

(ੳ) ਦੋ | (ਅ) ਚਾਰ

(ੲ) ਇੱਕ | (ਸ) ਤਿੰਨ

ਪ੍ਰਸ਼ਨ 7. ਗੁਰੂ ਰਾਮਦਾਸ ਜੀ ਨੇ ਕਿਹੜਾ ਨਗਰ ਵਸਾਇਆ ?

(ੳ) ਤਰਨਤਾਰਨ | (ਅ) ਗੁਰੂ ਕਾ ਚੱਕ

(ੲ) ਕੀਰਤਪੁਰ | (ਸ) ਅਨੰਦਪੁਰ ਸਾਹਿਬ

ਪ੍ਰਸ਼ਨ 8. ਗੁਰੂ ਰਾਮਦਾਸ ਜੀ ਨੇ ਕਿਸ ਸਾਲ ਸਰੋਵਰ ਦੀ ਖੁਦਾਈ ਸ਼ੁਰੂ ਕਰਵਾਈ ਸੀ?

(ੳ) 1577 ਈ। | (ਅ) 1539 ਈ.

(ੲ) 1576 ਈ: | (ਸ) 1546 ਈ।

ਪ੍ਰਸ਼ਨ 9. ਗੁਰੂ ਰਾਮਦਾਸ ਜੀ ਨੇ ਸਿੱਖਾਂ ਦੀ ਕਿਹੜੀ ਸੰਸਥਾ ਦੀ ਸਥਾਪਨਾ ਕੀਤੀ ?

(ੳ) ਮੰਜੀ | (ਅ) ਸੰਗਤ

(ੲ) ਮਸੰਦ | (ਸ) ਗੁਰਦੁਆਰਾ

ਪ੍ਰਸ਼ਨ 10. ਲਾਵਾਂ ਕਿਸ ਗੁਰੂ ਸਾਹਿਬ ਜੀ ਦੀ ਬਾਣੀ ਹੈ ?

(ੳ) ਗੁਰੂ ਰਾਮਦਾਸ ਜੀ | (ਅ) ਗੁਰੂ ਅਰਜਨ ਦੇਵ ਜੀ

(ੲ) ਗੁਰੂ ਨਾਨਕ ਦੇਵ ਜੀ | (ਸ) ਗੁਰੂ ਅਮਰਦਾਸ ਜੀ

ਪ੍ਰਸ਼ਨ11. ਸ੍ਰੀ ਗੁਰੂ ਰਾਮਦਾਸ ਜੀ ਦੇ ਪਿਤਾ ਦਾ ਕੀ ਨਾਮ ਸੀ?

(ੳ) ਸ੍ਰੀ ਰਵੀਦਾਸ ਜੀ | (ਅ) ਸ੍ਰੀ ਹਰਿਦਾਸ ਜੀ

(ੲ) ਸ੍ਰੀ ਅਮਰਦਾਸ ਜੀ | (ਸ) ਸ੍ਰੀ ਨਾਨਕਦਾਸ ਜੀ

ਪ੍ਰਸ਼ਨ 12. ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦਾ ਟਿੱਕਾ ਕਿਸਨੇ ਲਾਇਆ?

(ੳ) ਬਾਬਾ ਬੁੱਢਾ ਜੀ (ਅ) ਬਾਬਾ ਅਮਰਦਾਸ ਜੀ

(ੲ) ਬਾਬਾ ਨਾਨਕ ਜੀ (ਸ) ਬਾਬਾ ਮਹਿਤਾ ਜੀ

ਪ੍ਰਸ਼ਨ 13. ਸ੍ਰੀ ਗੁਰੂ ਅਮਰਦਾਸ ਜੀ ਨੇ 'ਗੁਰੂ ਕਾ ਚੱਕ' ਦੀ ਜਿੰਮੇਵਾਰੀ ਕਿਸ ਗੁਰੂ ਨੂੰ ਸੌਂਪ ਦਿੱਤੀ ਸੀ?

(ੳ) ਸ੍ਰੀ ਗੁਰੂ ਅਰਜਨ ਦੇਵ ਜੀ (ਅ) ਸ੍ਰੀ ਗੁਰੂ ਹਰਿਰਾਇ ਜੀ

(ੲ) ਸ੍ਰੀ ਗੁਰੂ ਰਾਮਦਾਸ ਜੀ (ਸ) ਸ੍ਰੀ ਗੁਰੂ ਅੰਗਦ ਦੇਵ ਜੀ

ਪ੍ਰਸ਼ਨ 14. ਗੁਰੂ ਰਾਮਦਾਸ ਜੀ ਦੀ ਬਾਣੀ ਕਿੰਨੇ ਰਾਗਾਂ ਵਿੱਚ ਸੁਸ਼ੋਭਿਤ ਹੈ?

(ੳ) 20 (ਅ) 15

(ੲ) 40 (ਸ) 30

ਪ੍ਰਸ਼ਨ 15. ਗੁਰੂ ਰਾਮਦਾਸ ਜੀ ਦਾ ਪਾਲਣ-ਪੋਸ਼ਣ ਕਿੰਨ੍ਹਾਂ ਨੇ ਕੀਤਾ?

(ੳ) ਮਾਤਾ ਜੀ (ਅ) ਦਾਦੀ ਜੀ

(ੲ) ਨਾਨੀ ਜੀ (ਸ) ਮਾਸੀ ਜੀ

ਪ੍ਰਸ਼ਨ 16. ਗੁਰੂ ਰਾਮਦਾਸ ਜੀ ਦੀ ਮਾਤਾ ਦਾ ਕੀ ਨਾਮ ਸੀ?

(ੳ) ਦਇਆ ਕੌਰ (ਅ) ਚਰਨ ਕੌਰ

(ੲ) ਨਿਹਾਲ ਕੌਰ (ਸ) ਕ੍ਰਿਸ਼ਨ ਕੌਰ

ਪ੍ਰਸ਼ਨ 17. ਗੁਰਿਆਈ ਮਿਲਣ ਸਮੇਂ ਗੁਰੂ ਰਾਮਦਾਸ ਜੀ ਦੀ ਕਿੰਨੀ ਉਮਰ ਸੀ?

(ੳ) 45 ਸਾਲ (ਅ) 50 ਸਾਲ

(ੲ) 40 ਸਾਲ (ਸ) 20 ਸਾਲ

ਪ੍ਰਸ਼ਨ 18. ਗੁਰੂ ਰਾਮਦਾਸ ਜੀ ਜੋਤੀ-ਜੋਤਿ ਸਮਾਉਣ ਸਮੇਂ ਕਿੰਨੇ ਸਾਲ ਦੇ ਸਨ?

(ੳ) 47 ਸਾਲ (ਅ) 50 ਸਾਲ

(ੲ) 60 ਸਾਲ (ਸ) 35 ਸਾਲ

ਪ੍ਰਸ਼ਨ 19. ਗੁਰੂ ਰਾਮਦਾਸ ਜੀ ਕਦੋਂ ਜੋਤੀ-ਜੋਤਿ ਸਮਾਏ?

(ੳ) 1539 ਈ:　　(ਅ) 1581 ਈ:

(ੲ) 1574 ਈ:　　(ਸ) 1520 ਈ:

ਪ੍ਰਸ਼ਨ 20. ਗੁਰੂ ਰਾਮਦਾਸ ਜੀ ਕਿਸ ਅਸਥਾਨ ਤੇ ਜੋਤੀ-ਜੋਤਿ ਸਮਾਏ ਸਨ?

(ੳ) ਗੋਇੰਦਵਾਲ　　(ਅ) ਤਰਨਤਾਰਨ

(ੲ) ਅੰਮ੍ਰਿਤਸਰ　　(ਸ) ਕਰਤਾਰਪੁਰ

**ਉੱਤਰ:-** 1. (ਅ), 2. (ਅ), 3. (ੲ), 4. (ੳ), 5. (ਅ), 6. (ਸ), 7. (ਅ), 8. (ੳ), 9. (ੲ), 10. (ੳ), 11. (ਅ), 12. (ੳ), 13. (ੲ), 14. (ਸ), 15. (ੲ), 16. (ੳ), 17. (ੲ), 18. (ੳ), 19. (ਅ), 20. (ੳ)

# ਸ੍ਰੀ ਗੁਰੂ ਅਰਜਨ ਦੇਵ ਜੀ



**ਜਨਮ:**

ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਹੋਏ ਹਨ। ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ 15 ਅਪ੍ਰੈਲ 1563 ਈ. ਨੂੰ ਗੋਇੰਦਵਾਲ ਸਾਹਿਬ ਵਿਖੇ ਹੋਇਆ।

**ਮਾਤਾ ਪਿਤਾ:**

ਆਪ ਜੀ ਦੇ ਪਿਤਾ ਚੌਥੇ ਗੁਰੂ, ਸ੍ਰੀ ਗੁਰੂ ਰਾਮਦਾਸ ਜੀ ਸਨ। ਆਪ ਜੀ ਦੇ ਮਾਤਾ ਜੀ ਬੀਬੀ ਭਾਨੀ ਜੀ ਸਨ। ਆਪ ਜੀ ਦੇ ਦੋ ਵੱਡੇ ਭਰਾ ਪ੍ਰਿਥੀ ਚੰਦ ਅਤੇ ਮਹਾਂਦੇਵ ਸਨ। ਗੁਰੂ ਅਰਜਨ ਦੇਵ ਜੀ ਦਾ ਪਾਲਣ-ਪੋਸ਼ਣ ਗੁਰੂ ਅਮਰਦਾਸ ਜੀ ਦੀ ਨਿਗਰਾਨੀ ਹੇਠ ਹੋਇਆ।

**ਸਿੱਖਿਆ:**

ਉਸ ਸਮੇਂ ਗੋਇੰਦਵਾਲ ਦੇ ਨੇੜਲੇ ਇਲਾਕਿਆਂ ਵਿੱਚ ਕਈ ਵਿਦਵਾਨ ਵਿਅਕਤੀ ਰਹਿੰਦੇ ਸਨ ਜੋ ਕਿ ਕਈ ਭਾਸ਼ਾਵਾਂ ਦੇ ਗਿਆਤਾ ਸਨ। ਗੁਰੂ ਅਮਰਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਗੁਰਮੁਖੀ ਤੋਂ ਇਲਾਵਾ ਫ਼ਾਰਸੀ, ਸੰਸਕ੍ਰਿਤ, ਹਿੰਦੀ ਭਾਸ਼ਾ ਸਿਖਾਉਣ ਲਈ ਵਿਦਵਾਨ ਨਿਯੁਕਤ ਕੀਤੇ। ਗੁਰੂ ਅਰਜਨ ਦੇਵ ਜੀ ਦੀ ਬਾਣੀ ਇਨ੍ਹਾਂ ਤਿੰਨੇ ਭਾਸ਼ਾਵਾਂ ਵਿੱਚ ਮਿਲਦੀ ਹੈ। ਗੁਰਮੁਖੀ ਦੀ ਸਿੱਖਿਆ ਆਪ ਜੀ ਨੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਵਿਚ ਪ੍ਰਾਪਤ ਕੀਤੀ।

**ਵਿਆਹ:**

ਗੁਰੂ ਅਰਜਨ ਦੇਵ ਜੀ ਦਾ ਵਿਆਹ 16 ਸਾਲ ਦੀ ਉਮਰ ਵਿੱਚ ਪਿੰਡ ਮਉ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਦੇ ਵਸਨੀਕ ਕ੍ਰਿਸ਼ਨ ਚੰਦ ਖੱਤਰੀ ਦੀ ਸਪੁੱਤਰੀ ਗੰਗਾ ਜੀ ਨਾਲ ਹੋਇਆ। ਮਾਤਾ ਗੰਗਾ ਜੀ ਦੀ ਕੁੱਖ ਤੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਨਮ ਲਿਆ।

**ਗੁਰਗੱਦੀ ਦੀ ਪ੍ਰਾਪਤੀ:**

ਗੁਰੂ ਅਰਜਨ ਦੇਵ ਜੀ ਆਪਣਾ ਸਾਰਾ ਸਮਾਂ ਗੁਰੂ ਰਾਮਦਾਸ ਜੀ ਦੇ ਹੁਕਮਾਂ ਅਨੁਸਾਰ ਹੀ ਬਤੀਤ ਕਰਦੇ ਸਨ। ਗੁਰੂ ਰਾਮਦਾਸ ਜੀ ਦੁਆਰਾ ਕੀਤੀ ਪਰਖ ਦੇ ਅਧਾਰ ਤੇ ਹੀ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਪ੍ਰਾਪਤ ਹੋਈ।

**ਮਸੰਦ ਪ੍ਰਥਾ:**

ਮਸੰਦ ਪ੍ਰਥਾ ਦੀ ਸ਼ੁਰੂਆਤ ਮੰਜੀ ਪ੍ਰਥਾ ਦੇ ਰੂਪ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੇ ਕੀਤੀ। ਜਿਸਨੂੰ ਕਿ ਗੁਰੂ ਅਮਰਦਾਸ ਜੀ ਨੇ ਚਲਾਇਆ ਸੀ। ਗੁਰੂ ਅਰਜਨ ਦੇਵ ਜੀ ਨੇ ਇਸ ਪ੍ਰਥਾ ਨੂੰ ਦਸਵੰਧ ਰੂਪ ਵਿੱਚ ਸੰਸਥਾਗਤ ਰੂਪ ਪ੍ਰਦਾਨ ਕੀਤਾ। ਮਸੰਦਾਂ ਦਾ ਕਾਰਜ ਗੁਰੂ ਘਰ ਦਾ ਪ੍ਰਚਾਰ ਤੇ ਗੁਰੂ ਘਰ ਦੇ ਲਈ ਸੰਗਤਾਂ ਵੱਲੋਂ ਦਿੱਤੀ ਜਾਂਦੀ ਮਾਇਆ, ਰਸਦ ਇਕੱਠੀ ਕਰਨੀ ਸੀ। ਅਪ੍ਰੈਲ ਮਹੀਨੇ 'ਚ ਵੈਸਾਖੀ ਵਾਲੇ ਦਿਨ ਸਾਰੇ ਮਸੰਦ ਗੁਰੂ ਦਰਬਾਰ ਵਿੱਚ ਹਾਜ਼ਰ ਹੁੰਦੇ ਹਨ। ਮਸੰਦਾਂ ਦੇ ਮੇਲੀਆਂ ਵਿੱਚੋਂ ਗੁਰੂ ਜੀ ਕੋਲ ਪਹੁੰਚਣ ਦੀ ਜਿਹੜਾ ਕੋਈ ਸਮਰੱਥਾ ਰੱਖਦਾ, ਆਪਣੇ ਮਸੰਦ ਦੇ ਨਾਲ ਗੁਰੂ ਜੀ ਕੋਲ ਆ ਜਾਂਦਾ ਹੈ। ਗੁਰੂ ਜੀ ਕੋਲੋਂ ਵਿਦਾ ਹੋਣ ਲੱਗਿਆਂ ਗੁਰੂ ਸਾਹਿਬ ਹਰ ਮਸੰਦ ਨੂੰ ਸਿਰੋਪਾ ਦਿੰਦੇ ਸਨ।

**ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ :**

ਗੁਰਗੱਦੀ ਪ੍ਰਾਪਤੀ ਉਪਰੰਤ ਗੁਰੂ ਸਾਹਿਬ ਜੀ ਨੇ ਸਿੱਖੀ ਪ੍ਰਚਾਰ ਸ਼ੁਰੂ ਕਰ ਦਿੱਤਾ। ਗੁਰੂ ਸਾਹਿਬ ਜੀ ਨੇ ਚੱਕ ਰਾਮਦਾਸਪੁਰ, ਹੁਣ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ। ਇਹ ਨਗਰ ਗੁਰੂ ਰਾਮਦਾਸ ਪਾਤਸ਼ਾਹ ਜੀ ਹੀ ਵਸਾ ਗਏ ਸਨ। ਗੁਰੂ ਅਰਜਨ ਦੇਵ ਜੀ ਨੇ ਪਵਿੱਤਰ ਸਰੋਵਰ ਨੂੰ ਪੱਕਾ ਕਰਾਇਆ ਅਤੇ ਸਰੋਵਰ ਦੇ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਉਸਾਰੀ ਕਰਵਾਈ। ਗੁਰੂ ਅਰਜਨ ਦੇਵ ਜੀ ਨੇ ਚਾਰੋਂ ਦਿਸ਼ਾਵਾਂ ਵਿੱਚ ਦਰਵਾਜੇ ਰੱਖੇ, ਭਾਵ ਇਹ ਦਰ ਸਾਰਿਆਂ ਲਈ ਖੁੱਲ੍ਹਾ ਹੈ। ਇਹ ਗੱਲ ਆਪਣੇ ਆਪ ਵਿੱਚ ਮਹਾਨ ਬਣ ਗਈ ਕਿ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਗੁਰੂ ਜੀ ਨੇ ਸਾਂਈ ਮੀਆਂ ਮੀਰ ਤੋਂ ਰਖਵਾ ਕੇ ਇਹ ਸੰਦੇਸ਼ ਦਿੱਤਾ ਕਿ ਸੱਚਾ ਮਨੁੱਖ ਭਾਵੇ ਉਹ ਕਿਸੇ ਵੀ ਫ਼ਿਰਕੇ ਨਾਲ ਸੰਬੰਧਿਤ ਹੈ, ਉਹ ਕਬੂਲ ਹੈ।

**ਤਰਨਤਾਰਨ ਸ਼ਹਿਰ ਵਸਾਇਆ:**

ਗੁਰੂ ਸਾਹਿਬ ਜੀ ਚਾਹੁੰਦੇ ਸਨ ਕਿ ਹੋਰ ਇਲਾਕਿਆਂ ਦੇ ਲੋਕਾਂ ਨੂੰ ਗੁਰਬਾਣੀ ਦੇ ਨਾਲ ਜੋੜਿਆ ਜਾਵੇ ਤੇ ਸਿੱਖੀ ਦਾ ਪ੍ਰਚਾਰ ਕੀਤਾ ਜਾਵੇ। ਇਸੇ ਗੱਲ ਨੂੰ ਮੁੱਖ ਰੱਖਦਿਆਂ ਹੀ ਗੁਰੂ ਸਾਹਿਬ ਜੀ ਨੇ ਸ੍ਰੀ ਅੰਮ੍ਰਿਤਸਰ ਤੋਂ 25 ਕਿਲੋਮੀਟਰ ਦੀ ਦੂਰੀ ਤੇ ਤਰਨਤਾਰਨ ਨਗਰ ਵਸਾਇਆ। ਇਸ ਅਸਥਾਨ ਤੇ ਸਰੋਵਰ ਦੇ ਇੱਕ ਕੰਢੇ ਦੇ ਉੱਤੇ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ ਨਾਲ ਹੀ ਇੱਥੇ ਗੁਰੂ ਸਾਹਿਬ ਜੀ ਨੇ ਸਰੀਰਿਕ ਬਿਮਾਰੀਆਂ ਤੋਂ ਮੁਕਤੀ ਦਿਵਾਉਣ ਲਈ ਦਵਾਖ਼ਾਨਾ ਵੀ ਖੋਲ੍ਹਿਆ।

**ਕਰਤਾਰਪੁਰ ਨਗਰ ਵਸਾਇਆ:**

ਤਰਨਤਾਰਨ ਵਸਾਉਣ ਤੋਂ ਬਾਅਦ ਗੁਰੂ ਜੀ ਬਿਆਸ ਦਰਿਆ ਤੋਂ ਅੱਗੇ ਦੁਆਬੇ ਦੇ ਖੇਤਰ ਵੱਲ ਗਏ ਇੱਥੇ ਵੀ ਗੁਰੂ ਸਾਹਿਬ ਜੀ ਨੇ ਇੱਕ ਕੇਂਦਰ ਵਸਾਉਣ ਬਾਰੇ ਸੋਚਿਆ ਅਤੇ ਜਲੰਧਰ ਦੇ ਨੇੜੇ ਕਰਤਾਰਪੁਰ ਨਾਮ ਦਾ ਨਗਰ ਵਸਾਇਆ ਤੇ ਗੁਰਦੁਆਰਾ ਸਾਹਿਬ ਸਥਾਪਿਤ ਕੀਤਾ।

**ਹਰਿਗੋਬਿੰਦਪੁਰ ਨਗਰ ਵਸਾਇਆ:**

ਗੁਰੂ ਅਰਜਨ ਦੇਵ ਜੀ ਜਦੋਂ ਪ੍ਰਚਾਰ-ਪ੍ਰਸਾਰ ਕਰ ਰਹੇ ਸਨ ਤਾਂ ਗੁਰੂ ਸਾਹਿਬ ਜੀ ਨੂੰ ਖ਼ਬਰ ਮਿਲੀ ਕਿ ਉਨ੍ਹਾਂ ਦੇ ਘਰ ਪ੍ਰਮੇਸ਼ਰ ਨੇ ਪੁੱਤਰ ਦੀ ਦਾਤ ਬਖ਼ਸ਼ੀ ਹੈ। ਗੁਰੂ ਹਰਿਗੋਬਿੰਦ ਜੀ ਦੇ ਜਨਮ ਦੀ ਖੁਸ਼ੀ ਵਿੱਚ ਆਪ ਜੀ ਨੇ ਇੱਕ ਨਵੇਂ ਨਗਰ ਦੀ ਸਥਾਪਨਾ ਕੀਤੀ, ਜਿਸਦਾ ਨਾਮ ਸ੍ਰੀ ਹਰਿਗੋਬਿੰਦਪੁਰ ਰੱਖਿਆ।

**ਅਕਬਰ ਪਾਸੋਂ ਮਾਲੀਆ ਮਾਫ਼ ਕਰਾਉਣਾ:**

ਪੰਜਾਬ ਵਿੱਚ 1595 ਈ: ਤੋਂ 1598 ਈ: ਤੱਕ ਕਾਲ ਪਿਆ ਰਿਹਾ। ਤਿੰਨ ਸਾਲ ਬਿਲਕੁਲ ਵੀ ਵਰਖਾ ਨਾ ਹੋਈ ਤੇ ਅੰਨ ਦੀ ਘਾਟ ਪੈਦਾ ਹੋ ਗਈ। ਅਕਬਰ ਬਾਦਸ਼ਾਹ ਨੇ ਉਦੋਂ ਲਾਹੌਰ ਨੂੰ ਆਪਣੀ ਰਾਜਧਾਨੀ ਬਣਾ ਲਿਆ। ਅਕਬਰ ਬਾਦਸ਼ਾਹ ਜਦੋਂ ਪੰਜਾਬ ਆਇਆ ਤਾਂ ਉਹ ਬਿਆਸ ਦਰਿਆ ਪਾਰ ਕਰਕੇ ਗੁਰੂ ਅਰਜਨ ਦੇਵ ਜੀ ਨੂੰ ਮਿਲਿਆ। ਗੁਰੂ ਜੀ ਦੇ ਨਾਲ ਬਚਨ ਬਿਲਾਸ ਕਰਕੇ ਉਹ ਬਹੁਤ ਖੁਸ਼ ਹੋਇਆ।ਗੁਰੂ ਸਾਹਿਬ ਨੇ ਬਾਦਸ਼ਾਹ ਨੂੰ ਦੱਸਿਆ ਕਿ ਮਾਲੀਆ ਜ਼ਿਆਦਾ ਹੈ, ਕੀਮਤਾਂ ਡਿੱਗੀਆਂ ਹੋਣ ਕਰਕੇ ਇੰਨਾ ਮਾਲੀਆ ਕਿਸਾਨਾਂ ਨੂੰ ਦੇਣਾ ਮੁਸ਼ਕਿਲ ਹੈ। ਬਾਦਸ਼ਾਹ ਨੇ ਗੁਰੂ ਜੀ ਦੇ ਕਹਿਣ ਤੇ ਮਾਲ ਅਫ਼ਸਰਾਂ ਨੂੰ ਇਹ ਹੁਕਮ ਕਰ ਦਿੱਤਾ ਕਿ 10-12 ਮਾਲੀਆ ਵਸੂਲ ਕਰਨ ਦੀ ਬਜਾਇ ਪਹਿਲਾਂ ਜਿੰਨਾ ਹੀ ਭਾਵ 1 ਤੋਂ 6 ਮਾਲੀਆ ਹੀ ਵਸੂਲ ਕੀਤਾ ਜਾਵੇ। ਇਸ ਐਲਾਨ ਦੇ ਨਾਲ ਕਿਸਾਨੀ ਸਮਾਜ ਨੂੰ ਬਹੁਤ ਫ਼ਾਇਦਾ ਹੋਇਆ ਅਤੇ ਗੁਰੂ ਜੀ ਦੇ ਨਾਲ ਬਹੁਤ ਲੋਕ ਜੁੜਨ ਲੱਗੇ।

**ਖੂਹ ਲਗਵਾਏ:**

ਇਸੇ ਤਰ੍ਹਾਂ ਕਾਲ ਪੈਣ ਦੇ ਨਾਲ ਪਾਣੀ ਦੀ ਘਾਟ ਵੀ ਬਹੁਤ ਮਹਿਸੂਸ ਹੋ ਰਹੀ ਸੀ। ਇਸ ਲਈ ਗੁਰੂ ਸਾਹਿਬ ਜੀ ਨੇ ਖੂਹ ਪੁਟਾਏ ਤਾਂ ਕਿ ਪਾਣੀ ਦੀ ਘਾਟ ਨੂੰ ਪੂਰਾ ਕੀਤਾ ਜਾ ਸਕੇ।ਗੁਰੂ ਅਰਜਨ ਦੇਵ ਜੀ ਨੇ ਪ੍ਰਚਾਰ ਦੌਰਿਆਂ ਦੌਰਾਨ ਦੋ-ਹਰਟੇ, ਚੌ-ਹਰਟੇ ਖੂਹ ਲਗਵਾਏ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜਨਮ ਦੀ ਖੁਸ਼ੀ ਵਿੱਚ ਗੁਰੂ ਜੀ ਨੇ ਵਡਾਲੀ ਕੋਲ ਛੇ ਹਰਟਾਂ ਵਾਲਾ ਖੂਹ ਲਗਵਾਇਆ। ਗੁਰੂ ਕੀ ਵਡਾਲੀ ਵਿਖੇ ਹਰ ਪੱਤੀ ਲਈ ਵੱਖਰਾ ਖੂਹ ਲਗਵਾਇਆ। ਲਾਹੌਰ ਵਿਖੇ ਬਾਉਲੀ ਦਾ ਨਿਰਮਾਣ ਕਰਵਾਇਆ।

**ਬਾਣੀ ਰਚਨਾ:**

ਗੁਰੂ ਅਰਜਨ ਦੇਵ ਜੀ ਦੀ ਬਾਣੀ 30 ਰਾਗਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਆਪ ਜੀ ਦੀ ਬਾਣੀ ਕੁਲ 2218 ਸ਼ਬਦ ਅਤੇ ਸ਼ਲੋਕ ਹਨ।

**ਆਦਿ ਗ੍ਰੰਥ ਦੀ ਸੰਪਾਦਨਾ:**

ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖਾਂ ਦੀ ਗਿਣਤੀ ਦੇ ਵਿੱਚ ਭਾਰੀ ਵਾਧਾ ਵੇਖਦੇ ਹੋਏ ਗੁਰੂ ਸਾਹਿਬ ਨੂੰ ਇਹ ਲੋੜ ਮਹਿਸੂਸ ਹੋਈ ਕਿ ਕਿਉਂ ਨਾ ਸਾਰੀ ਬਾਣੀ ਨੂੰ ਇਕੱਠਾ ਕਰ ਕੇ ਇੱਕ ਗ੍ਰੰਥ ਦਾ ਰੂਪ ਦੇ ਦਿੱਤਾ ਜਾਵੇ ਤਾਂ ਕਿ ਸਿੱਖ ਕਿਸੇ ਹੋਰ ਰਚਨਾ ਨੂੰ ਗੁਰੂ ਰਚਿਤ ਨਾ ਮੰਨ ਲੈਣ ਕਿਉਂਕਿ ਉਸ ਸਮੇਂ ਅਜਿਹੀ ਸਥਿਤੀ ਪੈਦਾ ਹੋ ਗਈ ਸੀ ਕਿ ਪ੍ਰਿਥੀ ਚੰਦ ਆਪਣੀ ਰਚਨਾ ਕਰਕੇ ਅਖੀਰ ਵਿੱਚ "ਨਾਨਕ" ਨਾਮ ਦੀ ਹੀ ਮੋਹਰ ਲਾ ਦਿੰਦਾ। ਕੁੱਝ ਭੋਲੇ ਸਿੱਖ ਉਸ ਦੀ ਰਚਨਾ ਨੂੰ ਹੀ ਪੜ੍ਹਨ ਲੱਗ ਪਏ। ਗੁਰੂ ਜੀ ਨੇ ਇਸ ਘਟਨਾ ਨੂੰ ਗੰਭੀਰ ਰੂਪ ਵਿਚ ਲਿਆ ਤੇ ਸਾਰੀ ਬਾਣੀ ਨੂੰ ਇਕੱਠਿਆਂ ਕਰਨ ਦਾ ਫ਼ੈਸਲਾ ਕੀਤਾ ਤਾਂ ਕਿ ਸਿੱਖ ਸੱਚੀ ਬਾਣੀ ਹੀ ਪੜ੍ਹਨ। ਦੂਸਰੇ ਪਾਸੇ ਹੋਰ ਧਰਮਾਂ ਦੇ ਧਰਮ ਗ੍ਰੰਥ ਇਨ੍ਹਾਂ ਦੇ ਪੈਗੰਬਰਾਂ ਤੋਂ ਬਹੁਤ ਸਮਾਂ ਬਾਅਦ ਲਿਖੇ ਗਏ। ਜਿਸ ਕਾਰਨ ਉਨ੍ਹਾਂ ਧਰਮ ਗ੍ਰੰਥਾਂ ਵਿੱਚ ਵੱਡੇ ਫੇਰ ਬਦਲ ਹੋ ਗਏ। ਗੁਰੂ ਸਾਹਿਬ ਜੀ ਨੇ ਕਿਹਾ ਕਿ ਜਿਹੜੀ ਰਚਨਾ ਆਪਣੇ ਹੱਥੀਂ ਲਿਖੀ ਗਈ ਉਹ ਸਦੀਵੀ ਹੈ, ਜਿਹੜੀ ਸਿਰਫ਼ ਬੋਲਾਂ ਦੇ ਰਾਹੀਂ ਪ੍ਰਗਟ ਹੁੰਦੀ ਹੈ ਉਹ ਹਵਾ ਦੇ ਵਿੱਚ ਗਵਾਚ ਜਾਂਦੀ ਹੈ:- ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ॥ ਇਸੇ ਕਾਰਨ ਹੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪਹਿਲੇ ਚਾਰ ਗੁਰੂ ਸਾਹਿਬਾਨ ਦੀ ਬਾਣੀ ਅਤੇ ਆਪਣੀ ਬਾਣੀ, ਭਗਤੀ ਪ੍ਰੰਪਰਾ ਨਾਲ ਸੰਬੰਧਿਤ 15 ਭਗਤ ਜਿਨ੍ਹਾਂ ਦੀ ਰਚਨਾ ਗੁਰਮਤਿ ਦੀ ਕਸਵੱਟੀ ਤੇ ਪੂਰੀ ਉਤਰਦੀ ਹੈ, 11 ਭੱਟ ਸਾਹਿਬਾਨ ਤੇ 4 ਗੁਰੂ ਘਰ ਨਿਕਟਵਰਤੀ ਸਿੱਖ ਆਦਿ ਮਹਾਂਪੁਰਖਾਂ ਦੀਆਂ ਰਚਨਾਵਾਂ ਨੂੰ ਇਕੱਠਾ ਕਰਨ ਦਾ ਕਾਰਜ 1601 ਈ: ਨੂੰ ਅਰੰਭ ਕੀਤਾ। ਭਾਈ ਗੁਰਦਾਸ ਜੀ ਨੇ ਲਿਖਣ ਦੀ ਸੇਵਾ ਨਿਭਾਈ ਤੇ 1604 ਈ: ਨੂੰ ਇਹ ਕਾਰਜ ਸੰਪੂਰਨ ਹੋਇਆ। ਇਸ ਵੱਡ-ਆਕਾਰੀ ਗ੍ਰੰਥ ਦਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਗਿਆ ਤੇ ਖੁਦ ਗੁਰੂ ਅਰਜਨ ਦੇਵ ਜੀ ਨੇ ਵੀ ਇਸ ਗ੍ਰੰਥ ਨੂੰ ਨਮਸਕਾਰ ਕੀਤੀ।

**ਸ਼ਹਾਦਤ ਅਤੇ ਕਾਰਨ:**

ਗੁਰੂ ਅਰਜਨ ਦੇਵ ਜੀ ਪਹਿਲੇ ਗੁਰੂ ਹਨ ਜਿਨ੍ਹਾਂ ਨੇ ਸ਼ਹਾਦਤ ਪਾਈ। ਗੁਰੂ ਅਰਜਨ ਦੇਵ ਜੀ ਦੇ ਵੇਲੇ ਸਿੱਖਾਂ ਦੀ ਗਿਣਤੀ ਕਾਫ਼ੀ ਵੱਧ ਚੁੱਕੀ ਸੀ। ਬਾਦਸ਼ਾਹ ਜਹਾਂਗੀਰ ਇਸ ਗੱਲ ਨੂੰ ਸਹਿਣ ਨਹੀਂ ਸੀ ਕਰ ਸਕਿਆ। ਉਹ ਗੁਰੂ ਜੀ ਨਾਲ ਈਰਖ਼ਾ ਰੱਖਦਾ ਸੀ। ਬਾਦਸ਼ਾਹ ਜਹਾਂਗੀਰ ਬਹਾਨਾ ਲੱਭ ਰਿਹਾ ਸੀ ਕਿ ਕਿਵੇਂ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਜਾ ਸਕੇ।

**ਖੁਸਰੋ ਦੀ ਸਹਾਇਤਾ:**

ਇੰਨੇ ਨੂੰ ਹੀ ਬਾਦਸ਼ਾਹ ਨੂੰ ਖ਼ਬਰ ਮਿਲਦੀ ਹੈ ਕਿ ਖੁਸਰੋ ਜਿਸ ਨੇ ਬਾਦਸ਼ਾਹ ਦੇ ਖ਼ਿਲਾਫ਼ ਬਗ਼ਾਵਤ ਕਰ ਦਿੱਤੀ ਸੀ ਉਹ ਗੁਰੂ ਅਰਜਨ ਦੇਵ ਜੀ ਨੂੰ ਮਿਲ ਕੇ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਉਸ ਲਈ ਦੁਆ ਕੀਤੀ ਹੈ, ਮੱਥੇ ਤੇ ਤਿਲਕ ਲਗਾਇਆ ਹੈ ਤੇ ਸਹਾਇਤਾ ਲਈ ਰਕਮ ਵੀ ਦਿੱਤੀ ਹੈ। ਖੁਸਰੋ ਲਾਹੌਰ ਨੂੰ ਜਿੱਤਣ

ਦੇ ਲਈ ਅੱਗੇ ਵਧਿਆ। ਅੱਗੇ ਜਹਾਂਗੀਰ ਨੇ ਕਿਲ੍ਹੇ ਦਾ ਚੰਗਾ ਪ੍ਰਬੰਧ ਕਰਾਇਆ ਹੋਇਆ ਸੀ। ਖੁਸਰੋ ਨੇ ਨੌਂ ਦਿਨ ਲਾਹੌਰ ਦੇ ਕਿਲ੍ਹੇ ਨੂੰ ਘੇਰਾ ਪਾਈ ਰੱਖਿਆ ਪਰ ਕਿਲ੍ਹਾ ਜਿੱਤ ਨਾ ਸਕਿਆ। ਫੇਰ ਉਹ ਵਾਪਸ ਬਿਆਸ ਵਾਲੇ ਪਾਸੇ ਤੁਰ ਪਿਆ ਤਾਂ ਜੋ ਉਹ ਫ਼ਰੀਦ ਖਾਂ ਨਾਲ ਆਉਂਦੀ ਫੌਜ ਨੂੰ ਰੋਕ ਸਕੇ। ਪਰ ਜਦ ਖੁਸਰੋ ਉੱਥੇ ਪਹੁੰਚਿਆ ਤਾਂ ਫ਼ਰੀਦ ਖਾਂ ਦੀ ਫੌਜ ਦਰਿਆ ਪਾਰ ਕਰ ਗੋਇੰਦਵਾਲ ਲੰਘ ਕੇ ਭਰੋਵਾਲ ਪਹੁੰਚ ਚੁੱਕੀ ਸੀ। ਇੱਥੇ ਦੋਹਾਂ ਫੌਜਾਂ ਦੀ ਲੜਾਈ ਹੋਈ ਅਤੇ ਖੁਸਰੋ ਆਪਣੀ ਹੁੰਦੀ ਹੋਈ ਹਾਰ ਵੇਖ ਕੇ ਨੱਸ ਗਿਆ। ਹੁਣ ਉਹ ਬਾਦਸ਼ਾਹ ਦੇ ਲਈ ਇੱਕ ਭਗੌੜਾ ਸੀ ਤੇ ਫੌਜਾਂ ਉਸ ਨੂੰ ਫੜਨਾ ਚਾਹੁੰਦੀਆਂ ਸਨ। ਖੁਸਰੋ ਭੱਜਿਆ ਜਾਂਦਾ ਗੁਰੂ ਸਾਹਿਬ ਕੋਲ ਆਇਆ ਤੇ ਆਪਣੀ ਹਾਲਤ ਗੁਰੂ ਸਾਹਿਬ ਨੂੰ ਦੱਸੀ। ਖੁਸਰੋ ਦਾ ਗੁਰੂ ਸਾਹਿਬ ਨੂੰ ਮਿਲਣਾ ਬਾਦਸ਼ਾਹ ਦੇ ਲਈ ਮੌਕਾ ਸੀ ਕਿ ਉਹ ਇਸ ਮੌਕੇ ਨੂੰ ਵਰਤ ਕੇ ਗੁਰੂ ਸਾਹਿਬ ਦੇ ਵਿਰੁੱਧ ਕੋਈ ਹੁਕਮ ਜਾਰੀ ਕਰ ਸਕੇ। ਇਸੇ ਕਾਰਨ ਹੀ ਬਾਦਸ਼ਾਹ ਨੇ ਤੁਰੰਤ ਹੁਕਮ ਦਿੱਤਾ ਕਿ ਗੁਰੂ ਅਰਜਨ ਸਾਹਿਬ ਦਾ ਘਰ-ਬਾਰ, ਮਾਲ-ਅਸਬਾਬ ਜ਼ਬਤ ਕੀਤਾ ਜਾਵੇ।

**ਜੋਤੀ-ਜੋਤਿ ਸਮਾ ਜਾਣਾ:**

ਬਾਦਸ਼ਾਹ ਦੇ ਇਸ ਹੁਕਮ ਬਾਰੇ ਜਦੋਂ ਚੰਦੂ ਨੂੰ ਪਤਾ ਲੱਗਦਾ ਹੈ ਤਾਂ ਉਹ ਬਾਦਸ਼ਾਹ ਕੋਲ ਗੁਰੂ ਜੀ ਦੀ ਚੁਗਲੀ ਕਰਦਾ ਹੈ ਕਿ ਇਨ੍ਹਾਂ ਕੋਲ ਬਹੁਤ ਪੈਸਾ ਹੈ, ਇਸ ਲਈ ਜੁਰਮਾਨਾ ਕਰਨਾ ਚਾਹੀਦਾ ਹੈ। ਸੰਗਤ ਦੇ ਕਹਿਣ ਤੇ ਗੁਰੂ ਜੀ ਵੱਲੋਂ ਉਸ ਦੀ ਧੀ ਦਾ ਰਿਸ਼ਤਾ ਮੋੜਨ ਕਰਕੇ ਉਹ ਗੁਰੂ ਘਰ ਦੇ ਵਿਰੁੱਧ ਹੋ ਗਿਆ ਸੀ। ਬਾਦਸ਼ਾਹ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰ ਸਖ਼ਤ ਤਸੀਹੇ ਦੇਣ ਦਾ ਫੈਸਲਾ ਕੀਤਾ। ਗੁਰੂ ਜੀ ਨੂੰ ਤੱਤੀ ਤਵੀ ਤੇ ਬਿਠਾਇਆ ਗਿਆ ਤੇ ਉੱਪਰੋਂ ਸੀਸ ਵਿੱਚ ਤੱਤੀ ਰੇਤ ਵੀ ਪਾਈ ਗਈ। ਇਹ ਤਸੀਹੇ ਝੱਲਦੇ ਹੋਏ ਗੁਰੂ ਜੀ 30 ਮਈ, 1606 ਈ. ਜੋਤੀ ਜੋਤਿ ਸਮਾ ਗਏ।

**ਵਿਸ਼ੇਸ਼ ਕਾਰਜ:**

1. ਰਾਮਦਾਸ ਸਰੋਵਰ ਨੂੰ ਪੂਰਾ ਕਰਵਾਇਆ।
2. ਮਸੰਦ ਪ੍ਰਥਾ ਨੂੰ ਸੰਸਥਾਗਤ ਰੂਪ ਦਿੱਤਾ।
3. ਗੁਰੂ ਰਾਮਦਾਸ ਜੀ ਦੁਆਰਾ ਬਣਵਾਏ 'ਗੁਰੂ ਕਾ ਮਹਿਲ' ਨੂੰ ਪੱਕਾ ਕਰਵਾਇਆ।
4. ਹਰਿਮੰਦਰ ਸਾਹਿਬ ਦੀ ਨੀਂਹ ਰਖਵਾਈ।
5. ਤਰਨ-ਤਾਰਨ ਨਗਰ ਦੀ ਸਥਾਪਨਾ ਕੀਤੀ।
6. ਕਰਤਾਰਪੁਰ ਨਗਰ ਵਸਾਇਆ।
7. ਹਰਿਗੋਬਿੰਦਪੁਰ ਸ਼ਹਿਰ ਵਸਾਇਆ।
8. ਅਕਬਰ ਕੋਲੋਂ ਮਾਲੀਆ ਮਾਫ ਕਰਵਾਇਆ।

9. ਦੋ-ਹਰਟੇ, ਚਾਰ-ਹਰਟੇ ਅਤੇ ਛੇ-ਹਰਟੇ ਖੂਹ ਲਗਵਾਏ।
10. ਲਾਹੌਰ ਵਿਖੇ ਬਾਉਲੀ ਦਾ ਨਿਰਮਾਣ ਕਰਵਾਇਆ।
11. ਆਦਿ ਗ੍ਰੰਥ ਦੀ ਸੰਪਾਦਨਾ ਕੀਤੀ।
12. ਦਸਵੰਧ ਦੀ ਪ੍ਰਥਾ ਲਾਗੂ ਕੀਤੀ।

## ਪ੍ਰਸ਼ਨੋਤਰੀ

ਪ੍ਰਸ਼ਨ 1. ਗੁਰੂ ਅਰਜਨ ਦੇਵ ਜੀ ਦਾ ਜਨਮ ਕਦੋਂ ਹੋਇਆ ?

(ੳ) 1539 ਈ. (ਅ) 1563 ਈ.
(ੲ) 1567 ਈ. (ਸ) 1560 ਈ.

ਪ੍ਰਸ਼ਨ 2. ਗੁਰੂ ਅਰਜਨ ਦੇਵ ਜੀ ਦੇ ਪਿਤਾ ਦਾ ਕੀ ਨਾਮ ਸੀ ?

(ੳ) ਗੁਰੂ ਅਮਰਦਾਸ ਜੀ (ਅ) ਗੁਰੂ ਅੰਗਦ ਦੇਵ ਜੀ
(ੲ) ਗੁਰੂ ਰਾਮਦਾਸ ਜੀ (ਸ) ਗੁਰੂ ਨਾਨਕ ਦੇਵ ਜੀ

ਪ੍ਰਸ਼ਨ 3. ਗੁਰੂ ਅਰਜਨ ਦੇਵ ਜੀ ਦੀ ਸੁਪਤਨੀ ਦਾ ਕੀ ਨਾਮ ਸੀ ?

(ੳ) ਮਾਤਾ ਗੰਗਾ ਜੀ (ਅ) ਮਾਤਾ ਨਾਨਕੀ ਜੀ
(ੲ) ਮਾਤਾ ਸੁਲੱਖਣੀ ਜੀ (ਸ) ਮਾਤਾ ਤ੍ਰਿਪਤਾ ਜੀ

ਪ੍ਰਸ਼ਨ 4. ਗੁਰੂ ਅਰਜਨ ਦੇਵ ਜੀ ਨੇ ਕਿਸ ਸਰੋਵਰ ਨੂੰ ਪੱਕਿਆਂ ਕਰਵਾਇਆ ?

(ੳ) ਤਰਨਤਾਰਨ ਸਰੋਵਰ (ਅ) ਰਾਮਦਾਸ ਸਰੋਵਰ
(ੲ) ਸੰਤੋਖਸਰ ਸਰੋਵਰ (ਸ) ਰਾਮਸਰ ਸਰੋਵਰ

ਪ੍ਰਸ਼ਨ 5. ਗੁਰੂ ਅਰਜਨ ਦੇਵ ਜੀ ਨੇ ਰਾਮਦਾਸ ਸਰੋਵਰ ਦੇ ਵਿਚਾਰ ਕਿਸ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ ?

(ੳ) ਦੁਰਗਿਆਨਾ ਮੰਦਰ (ਅ) ਵਿਸ਼ਨੂੰ ਮੰਦਰ
(ੲ) ਰਾਮਮੰਦਰ (ਸ) ਹਰਿਮੰਦਰ ਸਾਹਿਬ

ਪ੍ਰਸ਼ਨ 6. ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਗੁਰੂ ਅਰਜਨ ਦੇਵ ਜੀ ਨੇ ਕਿਸ ਤੋਂ ਰਖਵਾਇਆ ?

(ੳ) ਭਾਈ ਬਿਧੀ ਚੰਦ (ਅ) ਭਾਈ ਗੁਰਦਾਸ ਜੀ
(ੲ) ਸਾਂਈ ਮੀਆਂ ਮੀਰ (ਸ) ਬਾਬਾ ਬੁੱਢਾ ਜੀ

ਪ੍ਰਸ਼ਨ 7. ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਦਾ ਕੀ ਨਾਮ ਸੀ ?

(ੳ) ਗੁਰੂ ਹਰਿਕ੍ਰਿਸ਼ਨ ਜੀ (ਅ) ਗੁਰੂ ਹਰਿਰਾਏ ਸਾਹਿਬ

(ੲ) ਗੁਰੂ ਹਰਿਗੋਬਿੰਦ ਸਾਹਿਬ (ਸ) ਗੁਰੂ ਤੇਗ ਬਹਾਦਰ ਸਾਹਿਬ

ਪ੍ਰਸ਼ਨ 8. ਗੁਰੂ ਅਰਜਨ ਦੇਵ ਜੀ ਨੇ ਜਲੰਧਰ ਦੇ ਨੇੜੇ ਕਿਹੜਾ ਨਗਰ ਵਸਾਇਆ ?

(ੳ) ਫਗਵਾੜਾ (ਅ) ਫਲੌਰ

(ੲ) ਕਰਤਾਰਪੁਰ (ਸ) ਅੰਮ੍ਰਿਤਸਰ

ਪ੍ਰਸ਼ਨ 9. ਗੁਰੂ ਅਰਜਨ ਦੇਵ ਜੀ ਨੇ ਕਿਸ ਮੁਗ਼ਲ ਬਾਦਸ਼ਾਹ ਕੋਲੋਂ ਕਿਸਾਨਾ ਦਾ ਮਾਲੀਆ ਮਾਫ਼ ਕਰਵਾਇਆ ?

(ੳ) ਜਹਾਂਗੀਰ (ਅ) ਅਕਬਰ

(ੲ) ਔਰੰਗਜ਼ੇਬ (ਸ) ਖੁਸਰੋ

ਪ੍ਰਸ਼ਨ 10. ਗੁਰੂ ਅਰਜਨ ਦੇਵ ਜੀ ਨੇ ਕਿਸ ਗ੍ਰੰਥ ਦਾ ਸੰਕਲਨ ਕੀਤਾ ?

(ੳ) ਸ੍ਰੀ ਗੁਰ ਪੰਥ ਪ੍ਰਕਾਸ਼ (ਅ) ਆਦਿ ਗ੍ਰੰਥ

(ੲ) ਗੁਰਪ੍ਰਤਾਪ ਸੂਰਜ ਗ੍ਰੰਥ (ਸ) ਸ੍ਰੀ ਦਸਮ ਗ੍ਰੰਥ

ਪ੍ਰਸ਼ਨ 11. ਆਦਿ ਗ੍ਰੰਥ ਦੇ ਲਿਖਾਰੀ ਕੌਣ ਸਨ ?

(ੳ) ਗੁਰੂ ਅਰਜਨ ਦੇਵ ਜੀ (ਅ) ਭਾਈ ਗੁਰਦਾਸ ਜੀ

(ੲ) ਬਾਬਾ ਬੁੱਢਾ ਜੀ (ਸ) ਭਾਈ ਮਨੀ ਸਿੰਘ

ਪ੍ਰਸ਼ਨ12.ਗੁਰੂ ਅਰਜਨ ਦੇਵ ਜੀ ਨੂੰ ਕਿਸ ਮੁਗ਼ਲ ਬਾਦਸ਼ਾਹ ਨੇ ਸ਼ਹੀਦ ਕਰਵਾਇਆ ?

(ੳ) ਸ਼ਾਹਜਹਾਂ (ਅ) ਬਾਬਰ

(ੲ) ਅਕਬਰ (ਸ) ਜਹਾਂਗੀਰ

ਪ੍ਰਸ਼ਨ 13. ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਸਨ?

(ੳ) ਤੀਜੇ (ਅ) ਚੌਥੇ

(ੲ) ਦੂਜੇ (ਸ) ਪੰਜਵੇਂ

ਪ੍ਰਸ਼ਨ 14. ਗੁਰੂ ਅਰਜਨ ਦੇਵ ਜੀ ਦਾ ਜਨਮ ਕਿੱਥੇ ਹੋਇਆ?

(ੳ) ਅੰਮ੍ਰਿਤਸਰ (ਅ) ਗੋਇੰਦਵਾਲ

(ੲ) ਨਾਨਕਸਰ (ਸ) ਤਰਨਤਾਰਨ

ਪ੍ਰਸ਼ਨ 15. ਗੁਰੂ ਅਰਜਨ ਦੇਵ ਜੀ ਦੇ ਨਾਨਾ ਜੀ ਦਾ ਕੀ ਨਾਮ ਸੀ?

(ੳ) ਸ੍ਰੀ ਗੁਰੂ ਅਮਰਦਾਸ ਜੀ (ਅ) ਸ੍ਰੀ ਗੁਰੂ ਨਾਨਕ ਦੇਵ ਜੀ

(ੲ) ਸ੍ਰੀ ਗੁਰੂ ਤੇਗ ਬਹਾਦਰ ਜੀ (ਸ) ਸ੍ਰੀ ਗੁਰੂ ਅੰਗਦ ਦੇਵ ਜੀ

ਪ੍ਰਸ਼ਨ 16. ਸ੍ਰੀ ਹਰਿਮੰਦਰ ਸਾਹਿਬ ਕਿਸ ਸ਼ਹਿਰ ਵਿਚ ਸਥਿਤ ਹੈ?

(ੳ) ਹਜ਼ੂਰ ਸਾਹਿਬ (ਅ) ਅਨੰਦਪੁਰ ਸਾਹਿਬ

(ੲ) ਅੰਮ੍ਰਿਤਸਰ (ਸ) ਤਲਵੰਡੀ ਸਾਬੋ

ਪ੍ਰਸ਼ਨ 17. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕਾਰਜ ਕਦੋਂ ਸੰਪੂਰਨ ਹੋਇਆ?

(ੳ) 1599 ਈ. (ਅ) 1604 ਈ:

(ੲ) 1469 ਈ. (ਸ) 1620 ਈ:

ਪ੍ਰਸ਼ਨ 18. ਸ੍ਰੀ ਹਰਿਮੰਦਰ ਸਾਹਿਬ ਵਿੱਚ ਪਹਿਲਾ ਗ੍ਰੰਥੀ ਕਿਸਨੂੰ ਨਿਯੁਕਤ ਕੀਤਾ ਗਿਆ?

(ੳ) ਬਾਬਾ ਬੁੱਢਾ ਜੀ (ਅ) ਬਾਬਾ ਨਾਨਕ ਜੀ

(ੲ) ਬਾਬਾ ਅਮਰ ਜੀ (ਸ) ਬਾਬਾ ਰਾਮ ਜੀ

ਪ੍ਰਸ਼ਨ 19. ਗੁਰੂ ਅਰਜਨ ਦੇਵ ਜੀ ਨੇ ਕਿੰਨੇ ਰਾਗਾਂ ਵਿੱਚ ਰਚਨਾ ਕੀਤੀ?

(ੳ) 20 (ਅ) 30

(ੲ) 40 (ਸ) 10

ਪ੍ਰਸ਼ਨ 20. ਗੁਰੂ ਅਰਜਨ ਦੇਵ ਜੀ ਕਦੋਂ ਜੋਤੀ-ਜੋਤਿ ਸਮਾਏ ਸਨ?

(ੳ) 15 ਜਨਵਰੀ 1606 ਈ. (ਅ) 20 ਫਰਵਰੀ 1606 ਈ:

(ੲ) 30 ਮਈ 1606 ਈ. (ਸ) 26 ਦਸੰਬਰ 1606 ਈ:

**ਉੱਤਰ:-** 1. (ਅ), 2. (ੲ), 3. (ੳ), 4. (ਅ), 5. (ਸ), 6. (ੲ), 7. (ੲ), 8. (ੲ), 9. (ਅ), 10. (ਅ), 11. (ਅ), 12. (ਸ), 13. (ਸ), 14. (ਅ), 15. (ੳ), 16. (ੲ), 17. (ਅ), 18. (ੳ), 19. (ਅ), 20. (ੲ)

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ



**ਜਨਮ:**

ਗੁਰੂ ਹਰਿਗੋਬਿੰਦ ਸਾਹਿਬ ਜੀ ਸਿੱਖ ਧਰਮ ਦੇ ਛੇਵੇਂ ਗੁਰੂ ਹੋਏ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ 19 ਜੂਨ 1595 ਈ: ਨੂੰ ਵਡਾਲੀ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਇਹ ਅਸਥਾਨ ਅੱਜ ਕੱਲ੍ਹ ਗੁਰੂ ਕੀ ਵਡਾਲੀ ਦੇ ਨਾਮ ਨਾਲ ਪ੍ਰਸਿੱਧ ਹੈ।

**ਮਾਤਾ ਪਿਤਾ:**

ਆਪ ਜੀ ਦੇ ਪਿਤਾ ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ ਸਨ। ਆਪ ਜੀ ਦੇ ਮਾਤਾ ਗੰਗਾ ਜੀ ਸਨ। ਗੁਰੂ ਹਰਿਗੋਬਿੰਦ ਜੀ ਦੇ ਜਨਮ ਤੇ ਜਿੱਥੇ ਸਮੁੱਚਾ ਸਿੱਖ ਜਗਤ ਖੁਸ਼ ਸੀ ਉੱਥੇ ਹੀ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਪ੍ਰਿਥੀ ਚੰਦ ਖੁਸ਼ ਨਹੀਂ ਸੀ ਕਿਉਂਕਿ ਉਹ ਇਹ ਸਮਝਦਾ ਸੀ ਕਿ ਗੁਰੂ ਅਰਜਨ ਦੇਵ ਜੀ ਦੇ ਘਰ ਕੋਈ ਪੁੱਤਰ ਨਹੀਂ ਹੈ ਤੇ ਇਸ ਕਾਰਨ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਗੁਰਗੱਦੀ ਮੇਰੇ ਪੁੱਤਰ ਮਿਹਰਵਾਨ ਨੂੰ ਮਿਲੇਗੀ।

**ਬਚਪਨ:**

ਬਚਪਨ ਵਿੱਚ ਗੁਰੂ ਪਿਤਾ ਜੀ ਨੇ ਵਿਦਿਆ ਲਈ ਉਨ੍ਹਾਂ ਨੂੰ ਬਾਬਾ ਬੁੱਢਾ ਜੀ ਦੇ ਸਪੁਰਦ ਕੀਤਾ ਸੀ। ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਜੀ ਅੰਦਰ ਸੰਤ ਤੇ ਸਿਪਾਹੀ ਦੋਵੇਂ ਗੁਣ ਭਰ ਦਿੱਤੇ। 1606 ਈ: ਨੂੰ ਗੁਰੂ ਅਰਜਨ ਦੇਵ ਜੀ ਨੂੰ ਜਦੋਂ ਸ਼ਹੀਦ ਕੀਤਾ ਗਿਆ ਤਾਂ ਉਸ ਸਮੇਂ ਆਪ ਜੀ ਦੀ ਉਮਰ 11 ਸਾਲ ਦੀ ਸੀ।

**ਗੁਰਿਆਈ:**

11 ਸਾਲ ਦੀ ਉਮਰ ਵਿਚ ਆਪ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ। ਗੁਰੂ ਅਰਜਨ ਦੇਵ ਜੀ ਦਾ ਇਹ ਹੁਕਮ ਸੀ ਕਿ ਗੁਰੂ ਹਰਿਗੋਬਿੰਦ ਜੀ ਨੂੰ ਕਿਹਾ ਜਾਵੇ ਕਿ ਉਹ ਸ਼ਸਤਰਧਾਰੀ ਹੋ ਕੇ ਗੱਦੀ ਤੇ ਬਿਰਾਜਮਾਨ ਹੋਣ। ਗੁਰਗੱਦੀ ਤੇ ਬਿਰਾਜਮਾਨ ਹੋ ਕੇ ਸਿੱਖ ਸੰਗਤਾਂ ਦੇ ਨਾਮ ਗੁਰੂ ਜੀ ਨੇ ਹੁਕਮਨਾਮਾ ਭੇਜਿਆ ਕਿ ਅੱਗੇ ਤੋਂ ਸਿੱਖ ਸੰਗਤ ਭੇਟਾ ਦੇ ਵਿੱਚ ਘੋੜੇ ਅਤੇ ਸ਼ਸਤਰ ਆਦਿਕ ਲੈ ਕੇ ਆਉਣ।

**ਵਿਆਹ ਲਈ ਰਿਸ਼ਤਾ:**

ਬ੍ਰਾਹਮਣਾਂ ਨੇ ਜਾ ਕੇ ਚੰਦੂ ਨੂੰ ਕਿਹਾ ਕਿ ਅਸੀਂ ਤੇਰੀ ਲੜਕੀ ਦਾ ਰਿਸ਼ਤਾ ਗੁਰੂ ਅਰਜਨ ਦੇ ਲੜਕੇ ਨਾਲ ਪੱਕਾ ਕਰ ਆਏ ਹਾਂ। ਇਹ ਗੱਲ ਸੁਣ ਕੇ ਚੰਦੂ ਨੇ ਕਿਹਾ ਕਿ ਚੁਬਾਰੇ ਦੀ ਇੱਟ ਮੋਰੀ ਨੂੰ ਲਾ ਆਏ ਹੋ। ਜਦੋਂ ਇਸ ਗੱਲ ਦਾ ਸਿੱਖ ਸੰਗਤ ਨੂੰ ਪਤਾ ਲੱਗਾ ਤਾਂ ਸੰਗਤਾਂ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਚੰਦੂ ਨੇ ਸਿੱਖੀ ਦਾ ਅਪਮਾਨ ਕੀਤਾ ਹੈ, ਗੁਰੂ ਜੀ ਨੇ ਸੰਗਤ ਦੇ ਹੁਕਮ ਨੂੰ ਪ੍ਰਵਾਨ ਕੀਤਾ ਤੇ ਰਿਸ਼ਤਾ ਮੋੜ ਦਿੱਤਾ। ਚੰਦੂ ਨੂੰ ਇਹ ਗੱਲ ਚੁੱਭ ਗਈ ਤੇ ਉਹ ਗੁਰੂ ਘਰ ਦਾ ਦੁਸ਼ਮਣ ਬਣ ਗਿਆ। ਗੁਰੂ ਅਰਜਨ ਦੇਵ ਜੀ ਨੇ ਸਿੱਖ ਸੰਗਤਾਂ ਨੂੰ ਕਿਹਾ ਕਿ ਮੈਂ ਹਰਿਗੋਬਿੰਦ ਵਾਸਤੇ ਕਿਸੇ ਗਰੀਬ ਸਿੱਖ ਲੜਕੀ ਦਾ ਰਿਸ਼ਤਾ ਲਵਾਂਗਾ। ਇਹ ਸੁਣ ਕੇ ਉਸ ਸਮੇਂ ਨਾਰਾਇਣ ਦਾਸ ਨੇ ਆਪਣੀ ਸਪੁੱਤਰੀ ਦਾ ਰਿਸ਼ਤਾ ਲੈਣ ਲਈ ਗੁਰੂ ਜੀ ਨੂੰ ਬੇਨਤੀ ਕੀਤੀ ਤੇ ਗੁਰੂ ਨੇ ਰਿਸ਼ਤਾ ਸਵੀਕਾਰ ਕਰ ਲਿਆ। ਇਸ ਤੋਂ ਪਿੱਛੋਂ ਇੱਕ ਹੋਰ ਸਿੱਖ ਹਰੀਚੰਦ ਨੇ ਵੀ ਗੁਰੂ ਜੀ ਨੂੰ ਆਪਣੀ ਸਪੁੱਤਰੀ ਬੀਬੀ ਨਾਨਕੀ ਦਾ ਰਿਸ਼ਤਾ ਲੈਣ ਲਈ ਅਰਜ਼ ਕੀਤੀ ਗੁਰੂ ਜੀ ਨੇ ਸੰਗਤ ਦੇ ਹੁਕਮ ਤੇ ਇਹ ਵੀ ਰਿਸ਼ਤਾ ਪ੍ਰਵਾਨ ਕਰ ਲਿਆ। ਪ੍ਰਚਾਰ ਵਾਸਤੇ ਜਦੋਂ ਗੁਰੂ ਜੀ ਪਾਕਿਸਤਾਨ ਦੇ ਇਲਾਕੇ ਮਡਿਆਲ, ਜ਼ਿਲ੍ਹਾ ਗੁੱਜਰਾਂਵਾਲਾ ਗਏ ਤਾਂ ਉੱਥੇ ਪਿੰਡ ਦਾ ਮਰਵਾਹਾ, ਆਪਣੀ ਪੁੱਤਰੀ ਲਈ ਰਿਸ਼ਤੇ ਦੀ ਭਾਲ ਵਿੱਚ ਸੀ। ਗੁਰੂ ਜੀ ਦੇ ਨਾਲ ਭਾਈ ਜੇਠਾ ਜੀ ਸਨ, ਜਿਨ੍ਹਾਂ ਨੂੰ ਉਸ ਨੇ ਪੁੱਛਿਆ ਕਿ ਸੰਗਤ ਵੱਲੋਂ ਗੁਰੂ ਜੀ ਕੋਲ ਆਪਣੀ ਬੇਟੀ ਦੇ ਰਿਸ਼ਤੇ ਬਾਰੇ ਗੱਲ ਕਰ ਦੇਵਾਂ। ਉਸ ਨੇ ਗੱਲ ਕੀਤੀ ਤਾਂ ਸੰਗਤ ਦੀ ਬੇਨਤੀ ਗੁਰੂ ਜੀ ਨੇ ਪਰਵਾਨ ਕਰ ਲਈ।

ਗੁਰੂ ਹਰਿਗੋਬਿੰਦ ਜੀ ਦੇ ਵਿਆਹ ਬਾਰੇ ਇਹ ਹੀ ਸਿੱਧ ਹੁੰਦਾ ਹੈ ਕਿ ਉਨ੍ਹਾਂ ਹੋਰ ਧਾਰਮਿਕ ਆਗੂਆਂ, ਬਾਦਸ਼ਾਹਾਂ, ਮੁਖੀਆਂ ਆਦਿ ਦੀ ਪ੍ਰਚੱਲਿਤ ਪਰੰਪਰਾ ਅਨੁਸਾਰ ਵਿਆਹ ਨਹੀਂ ਸੀ ਕਰਵਾਏ। ਇੱਕ ਤੋਂ ਵੱਧ ਵਿਆਹ ਗੁਰੂ ਸਾਹਿਬ ਜੀ ਨੇ ਸੰਗਤ ਅਤੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਸਨਮਾਨ ਦਿੰਦੇ ਹੋਏ ਕਰਵਾਏ।

**ਸੰਤਾਨ:**

ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੰਜ ਪੁੱਤਰ ਬਾਬਾ ਗੁਰਦਿੱਤਾ ਜੀ, ਬਾਬਾ ਅਣੀ ਰਾਏ ਜੀ, ਅਟੱਲ ਰਾਏ ਜੀ, ਸੂਰਜ ਮੱਲ ਜੀ ਅਤੇ ਤੇਗ ਬਹਾਦਰ ਜੀ ਸਨ ਅਤੇ ਇੱਕ ਪੁੱਤਰੀ ਬੀਬੀ ਵੀਰੋ ਜੀ ਸਨ।

**ਮੀਰੀ-ਪੀਰੀ ਧਾਰਨ ਕਰਨਾ:**

ਗੁਰਗੱਦੀ ਦੀ ਪ੍ਰਾਪਤੀ ਸਮੇਂ ਗੁਰੂ ਹਰਿਗੋਬਿੰਦ ਜੀ ਨੇ 'ਮੀਰ' ਨੂੰ ਦਰਸਾਉਂਦੀ ਮੀਰੀ ਦੀ ਕਿਰਪਾਨ ਤੇ 'ਪੀਰ' ਨੂੰ ਦਰਸਾਉਂਦੀ ਪੀਰੀ ਦੀ ਕਿਰਪਾਨ ਧਾਰਨ ਕੀਤੀ। ਆਤਮਿਕ ਪੱਖੋ ਸੰਤ ਹੋਣਾ ਪੀਰੀ ਹੈ ਅਤੇ ਧੱਕੇਸ਼ਾਹੀ ਤੇ ਬੇਇਨਸਾਫੀ ਵਿਰੁੱਧ ਸਿਪਾਹੀ ਬਣਨਾ ਮੀਰੀ ਹੈ। ਮੀਰੀ-ਪੀਰੀ ਇਹ ਦੋਵੇਂ ਤਲਵਾਰਾਂ ਗੁਰੂ ਜੀ ਨੂੰ ਬਾਬਾ ਬੁੱਢਾ ਜੀ ਨੇ ਧਾਰਨ ਕਰਵਾਈਆਂ ਸਨ।

**ਸ੍ਰੀ ਅਕਾਲ ਤਖ਼ਤ ਦੀ ਸਥਾਪਨਾ:**

ਗੁਰਗੱਦੀ ਪ੍ਰਾਪਤੀ ਤੋਂ ਅਗਲੇਰਾ ਕਾਰਜ ਜੋ ਕਿ ਸਭ ਤੋਂ ਮਹੱਤਵਪੂਰਨ ਕਾਰਜ ਸੀ ਉਹ ਸੀ, ਸ੍ਰੀ ਅਕਾਲ ਤਖ਼ਤ ਦੀ ਸਥਾਪਨਾ। ਗੁਰੂ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ 1609 ਈ: ਵਿਚ ਕੀਤੀ। ਇਸ ਤਖ਼ਤ ਦੀ ਉਸਾਰੀ ਦੀ ਸੰਪੂਰਨ ਸੇਵਾ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਆਪਣੇ ਹੱਥੀਂ ਕੀਤੀ। ਇੱਕ ਉੱਚੇ ਥੜ੍ਹੇ ਦੀ ਉਸਾਰੀ ਕੀਤੀ ਗਈ ਜਿਸ ਨੂੰ ਸ੍ਰੀ ਅਕਾਲ ਤਖ਼ਤ ਕਿਹਾ ਗਿਆ। ਗੁਰੂ ਹਰਿਗੋਬਿੰਦ ਜੀ ਇੱਥੇ ਬੈਠ ਕੇ ਸਿੱਖ ਸੰਗਤਾਂ ਨੂੰ ਉਪਦੇਸ਼ ਦਿੰਦੇ। ਸਿੱਖਾਂ ਦੇ ਮਸਲਿਆਂ, ਝਗੜਿਆਂ ਦਾ ਨਿਪਟਾਰਾ ਗੁਰੂ ਸਾਹਿਬ ਇੱਥੇ ਹੀ ਕਰਦੇ ਸਨ। ਇਸ ਲਈ ਸ੍ਰੀ ਅਕਾਲ ਤਖ਼ਤ ਸਿੱਖਾਂ ਲਈ ਸੁਪਰੀਮ ਹੋ ਗਿਆ ਤੇ ਅੱਜ ਵੀ ਹਰ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਨਤਮਸਤਕ ਹੁੰਦਾ ਹੋਇਆ ਸ੍ਰੀ ਅਕਾਲ ਤਖ਼ਤ ਦਾ ਹੁਕਮ ਸਵੀਕਾਰ ਕਰਦਾ ਹੈ।

**ਗਵਾਲੀਅਰ ਦਾ ਕਿਲ੍ਹਾ ਤੇ 52 ਰਾਜਿਆਂ ਦੀ ਮੁਕਤੀ:**

ਗੁਰੂ ਜੀ ਆਪਣੇ ਨਾਲ ਹਰ ਵੇਲੇ ਤਿਆਰ-ਬਰ-ਤਿਆਰ ਅੰਗ ਰੱਖਿਅਕ ਵੀ ਰੱਖਦੇ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਇਸ ਚੜ੍ਹਦੀ ਕਲਾ ਨੂੰ ਦੇਖ ਕੇ ਬਾਦਸ਼ਾਹ ਨੇ ਗੁਰੂ ਜੀ ਨੂੰ ਦਿੱਲੀ ਆਉਣ ਲਈ ਬੁਲਾਵਾ ਭੇਜਿਆ ਤੇ ਇੱਥੋਂ ਗੁਰੂ ਜੀ ਨੂੰ ਕੈਦ ਕਰਕੇ ਗਵਾਲੀਅਰ ਦੇ ਕਿਲ੍ਹੇ ਵਿੱਚ ਭੇਜ ਦਿੱਤਾ ਗਿਆ। ਗੁਰੂ ਸਾਹਿਬ ਜੀ ਜਦ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਸਨ ਤਾਂ ਉੱਥੇ ਗੁਰੂ ਜੀ ਦੇ ਨਾਲ 52 ਰਾਜੇ ਵੀ ਕੈਦ ਸਨ। ਸਾਂਈ ਮੀਆਂ ਮੀਰ ਆਦਿਕ ਦਰਵੇਸ਼ ਰੂਹਾਂ ਨੇ ਬਾਦਸ਼ਾਹ ਜਹਾਂਗੀਰ ਨੂੰ ਸਮਝਾਇਆ ਕਿ ਸੱਚੀਆਂ ਰੂਹਾਂ ਨੂੰ ਕੈਦ ਕਰਕੇ ਨਹੀਂ ਰੱਖੀਦਾ। ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਛੱਡਣ ਦਾ ਐਲਾਨ ਕਰ ਦਿੱਤਾ। ਗੁਰੂ ਸਾਹਿਬ ਨੇ 52 ਕਲੀਆਂ ਵਾਲਾ ਚੋਲ੍ਹਾ ਪਹਿਨਿਆ ਤੇ ਇੱਕ-ਇੱਕ ਕਲੀ ਇੱਕ-ਇੱਕ ਰਾਜੇ ਦੇ ਹੱਥ ਵਿੱਚ ਫੜਾ ਕੇ ਸਾਰਿਆਂ ਨੂੰ ਕੈਦ ਵਿੱਚੋਂ ਛੁਡਵਾਇਆ। ਇਸੇ ਲਈ ਗੁਰੂ ਸਾਹਿਬ ਨੂੰ 'ਬੰਦੀ ਛੋੜ' ਵੀ ਕਿਹਾ ਜਾਂਦਾ ਹੈ।

**ਧਰਮ ਪ੍ਰਚਾਰ:**

ਗੁਰੂ ਨਾਨਕ ਸਾਹਿਬ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ ਹੀ ਅਜਿਹੇ ਗੁਰੂ ਸਨ ਜਿਨ੍ਹਾਂ ਨੇ ਯਾਤਰਾਵਾਂ ਕਰ ਕੇ ਧਰਮ ਪ੍ਰਚਾਰ ਕੀਤਾ। ਮਾਲਵੇ ਅਤੇ ਕਸ਼ਮੀਰ

ਦੇ ਖੇਤਰ ਵਿੱਚ ਗੁਰੂ ਜੀ ਨੇ ਸਿੱਖੀ ਪ੍ਰਚਾਰ ਨੂੰ ਬੁਲੰਦੀਆਂ ਤੇ ਪਹੁੰਚਾ ਦਿੱਤਾ।

**ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਲੜੀਆਂ ਗਈਆਂ ਜੰਗਾਂ:**

ਗੁਰੂ ਹਰਿਗੋਬਿੰਦ ਜੀ ਨੇ ਆਪਣੇ ਜੀਵਨਕਾਲ ਵਿੱਚ ਅਨੇਕ ਜੰਗਾਂ ਲੜੀਆਂ, ਜਿਨ੍ਹਾਂ ਦਾ ਸੰਖੇਪ ਵਰਣਨ ਹੇਠ ਲਿਖੇ ਅਨੁਸਾਰ ਹੈ:

**ਅੰਮ੍ਰਿਤਸਰ ਦਾ ਯੁੱਧ/ਜੰਗ:**

ਇਹ ਜੰਗ 1634 ਈ: ਵਿੱਚ ਸ਼ਾਹਜਹਾਂ ਦੇ ਸੈਨਾਪਤੀ ਗੁਲਾਮ ਰਸੂਲ ਖਾਂ ਅਤੇ ਮੁਖਲਿਸ ਖਾਂ ਅਤੇ ਸਿੱਖਾਂ ਵਿੱਚਕਾਰ ਬਾਜ਼ ਦੇ ਕਾਰਨ ਹੋਈ, ਜਿਸ ਵਿੱਚ ਗੁਰੂ ਜੀ ਦੀ ਜਿੱਤ ਹੋਈ। ਗੁਰੂ ਜੀ ਦੀ ਸ਼ਾਹਜਹਾਂ ਨਾਲ ਇਹ ਪਹਿਲੀ ਲੜਾਈ ਸੀ।

**ਕਰਤਾਰਪੁਰ ਦਾ ਯੁੱਧ/ਜੰਗ:**

ਪੈਂਦੇ ਖਾਂ ਨੇ ਜਲੰਧਰ ਦੇ ਸੂਬੇਦਾਰ ਨੂੰ ਆਪਣੇ ਨਾਲ ਗੰਢ ਲਿਆ ਅਤੇ ਲਾਹੌਰ ਦੇ ਨਵਾਬ ਨੇ ਕਾਲੇ ਖਾਂ ਦੀ ਕਮਾਨ ਹੇਠ ਫੌਜ ਤੋਰ ਦਿੱਤੀ।ਕਰਤਾਰਪੁਰ ਦੀ ਇਸ ਲੜਾਈ ਵਿੱਚ ਸ਼ਹਿਰ ਨੂੰ ਘੇਰਾ ਪਾਇਆ। ਹੋਰ ਸਿੱਖ ਯੋਧਿਆਂ ਦੇ ਨਾਲ 14 ਸਾਲ ਦੇ ਤੇਗ਼ ਬਹਾਦਰ ਜੀ ਵੀ ਮੈਦਾਨੇ ਜੰਗ ਵਿੱਚ ਲੜੇ। ਆਖਿਰ ਪੈਂਦੇ ਖਾਂ ਗੁਰੂ ਸਾਹਿਬ ਜੀ ਦੇ ਸਾਹਮਣੇ ਆਇਆ ਅਤੇ ਗੁਰੂ ਜੀ ਉੱਤੇ ਕਈ ਵਾਰ ਕੀਤੇ ਪਰ ਉਹਨਾਂ ਦਾ ਕੁਝ ਨਾ ਵਿਗਾੜ ਸਕਿਆ ਜਦੋਂ ਕਿ ਉਹ ਆਪ ਗੁਰੂ ਸਾਹਿਬ ਜੀ ਦੇ ਇਕੋ ਵਾਰ ਨਾਲ ਜਖ਼ਮੀ ਹੋਕੇ ਘੋੜੇ ਤੋਂ ਡਿੱਗ ਪਿਆ ਅਤੇ ਉਸ ਦਾ ਅੰਤ ਨੇੜੇ ਆ ਗਿਆ। ਪੈਂਦੇ ਖਾਂ ਦੇ ਦਾਮਾਦ ਕਾਲੇ ਖਾਂ ਨੇ ਵੀ ਗੁਰੂ ਜੀ ਨੂੰ ਯੁੱਧ ਲਈ ਲਲਕਾਰਿਆ ਅਤੇ ਤਲਵਾਰ ਦਾ ਵਾਰ ਕੀਤਾ। ਗੁਰੂ ਜੀ ਨੇ ਵਾਪਸੀ ਵਾਰ ਕੀਤਾ ਅਤੇ ਕਿਹਾ ਕਾਲੇ ਖਾਂ,ਵਾਰ ਇਉਂ ਨਹੀਂ ਇਉਂ ਕਰੀ ਦਾ ਹੈ ਅਤੇ ਆਪਣੇ ਵਾਰ ਨਾਲ ਕਾਲੇ ਖਾਂ ਦੇ ਮੋਢੇ ਤੋਂ ਐਸਾ ਚੀਰ ਪਾਇਆ ਜਿਵੇਂ ਕਿਸੇ ਨੇ ਜੰਞੂ ਪਾਇਆ ਹੋਵੇ। ਇਹ ਯੁੱਧ 1635 ਈ. ਵਿਚ ਹੋਇਆ ਸੀ, ਜਿਸ ਵਿੱਚ ਮੁਸਲਮਾਨੀ ਫੌਜ ਨੇ ਭੱਜ ਕੇ ਜਾਣ ਬਚਾਈ।

**ਫਗਵਾੜੇ ਦਾ ਯੁੱਧ/ਜੰਗ:**

ਤੀਸਰੀ ਲੜਾਈ ਫਗਵਾੜੇ ਦੇ ਨੇੜੇ ਹੋਈ। ਬਾਦਸ਼ਾਹ ਦਾ ਇਹ ਹੁਕਮ ਸੀ ਕਿ ਗੁਰੂ ਹਰਿਗੋਬਿੰਦ ਨੂੰ ਗ੍ਰਿਫ਼ਤਾਰ ਕਰਕੇ ਲਿਆਂਦਾ ਜਾਵੇ। ਇੱਥੇ ਫਗਵਾੜੇ ਦੇ ਕੋਲ ਮੁਗ਼ਲ ਫੌਜਾਂ ਪਿੱਛਾ ਕਰਦੀਆਂ ਹੋਈਆਂ ਗੁਰੂ ਸਾਹਿਬ ਕੋਲ ਪਹੁੰਚੀਆਂ।ਯੁੱਧ ਦੌਰਾਨ ਗੁਰੂ ਜੀ ਨੇ ਮੁਗਲ ਫੌਜਾਂ ਨੂੰ ਹਰਾ ਦਿੱਤਾ। ਮੁਗ਼ਲ ਫੌਜ ਵਾਪਸ ਭੱਜ ਗਈ।ਗੁਰੂ ਸਾਹਿਬ ਜੀ ਕੀਰਤਪੁਰ ਸਾਹਿਬ ਆ ਗਏ।

**ਮਹਿਰਾਜ ਦਾ ਯੁੱਧ/ਜੰਗ:**

ਚੌਥੀ ਜੰਗ ਮਾਲਵੇ ਦੇ ਵਿੱਚ ਮਹਿਰਾਜ ਵਿਖੇ ਹੋਈ। ਕਾਬਲ ਦੀ ਸੰਗਤ ਗੁਰੂ ਘਰ ਦੀ ਸ਼ਰਧਾਲੂ ਬਣ ਗਈ ਸੀ। ਗੁਰੂ ਜੀ ਨੇ ਕਾਬਲ ਦੀ ਸੰਗਤ ਨੂੰ ਆਦੇਸ਼ ਦਿੱਤਾ ਸੀ ਕਿ ਘੋੜੇ ਆਦਿਕ ਭੇਟਾ ਕਰਿਆ ਕਰਨ। ਕਾਬਲ ਤੋਂ 2 ਸਿੱਖ ਆਪ ਜੀ ਦੇ ਲਈ

ਦੋ ਘੋੜੇ ਲੈ ਕੇ ਆ ਰਹੇ ਸਨ। ਰਸਤੇ ਦੇ ਵਿੱਚ ਮੀਰ ਬਖ਼ਸ਼ੀ ਨੂੰ ਇਹ ਘੋੜੇ ਪਸੰਦ ਆ ਗਏ ਤੇ ਉਸਨੇ ਇਹ ਘੋੜੇ ਸਿੱਖਾਂ ਤੋਂ ਖੋਹ ਲਏ। ਦੋਵੇਂ ਸਿੱਖਾਂ ਨੇ ਗੁਰੂ ਜੀ ਨੂੰ ਆ ਕੇ ਸਾਰੀ ਵਾਰਤਾ ਦੱਸੀ ਕਿ ਸਾਡੇ ਦੋਵੇਂ ਘੋੜੇ ਖੋਹ ਲਏ ਗਏ ਹਨ। ਗੁਰੂ ਜੀ ਨੇ ਬਿਧੀ ਚੰਦ ਨੂੰ ਘੋੜੇ ਵਾਪਸ ਲਿਆਉਣ ਲਈ ਕਿਹਾ। ਬਿਧੀ ਚੰਦ ਨੇ ਬੜੀ ਚਾਲਾਕੀ ਨਾਲ ਵਾਰੋ-ਵਾਰੀ ਦੋਵੇਂ ਘੋੜੇ ਵਾਪਸ ਲੈ ਆਂਦੇ। ਮੁਗ਼ਲ ਸਰਕਾਰ ਨੇ ਇਸ ਵਿੱਚ ਆਪਣੀ ਹੇਠੀ ਸਮਝੀ ਤੇ ਗੁਰੂ ਜੀ ਦੇ ਵਿਰੁੱਧ ਚੜ੍ਹਾਈ ਕਰ ਦਿੱਤੀ। ਮਾਲਵੇ ਦੇ ਸਿੱਖਾਂ ਨੇ ਗੁਰੂ ਜੀ ਦਾ ਪੂਰਾ ਸਾਥ ਦਿੱਤਾ। ਇਲਾਕੇ ਦੀ ਪੂਰੀ ਸਮਝ ਹੋਣ ਕਾਰਨ ਗੁਰੂ ਸਾਹਿਬ ਨੇ ਮੁਗ਼ਲ ਫ਼ੌਜ ਦੇ ਪੈਰ ਲੱਗਣ ਹੀ ਨਾ ਦਿੱਤੇ ਤੇ ਮੁਗ਼ਲ ਫ਼ੌਜਾਂ ਨੂੰ ਹਰਾ ਕੇ ਭਜਾ ਦਿੱਤਾ। ਇਸ ਪ੍ਰਕਾਰ ਗੁਰੂ ਹਰਿਗੋਬਿੰਦ ਜੀ ਨੇ ਚਾਰ ਜੰਗਾਂ ਲੜੀਆਂ।

**ਕੀਰਤਪੁਰ ਨਿਵਾਸ:**

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ ਦਾ ਅਖੀਰਲਾ ਸਮਾਂ ਕੀਰਤਪੁਰ ਸਾਹਿਬ ਵਿਖੇ ਬੀਤਿਆ। ਇਸ ਅਸਥਾਨ ਤੇ ਹੀ ਗੁਰੂ ਜੀ ਸਿੱਖ ਸੰਗਤਾਂ ਨੂੰ ਸਰੀਰਿਕ ਤੇ ਮਾਨਸਿਕ ਸ਼ਕਤੀ ਪ੍ਰਦਾਨ ਕੀਤੀ।

**ਹਰਿਰਾਏ ਜੀ ਨੂੰ ਗੁਰਿਆਈ:**

ਗੁਰੂ ਸਾਹਿਬ ਜੀ ਦੇ ਸਭ ਤੋਂ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਜੋ ਕਿ ਸੰਤ ਵੀ ਸਨ ਤੇ ਸਿਪਾਹੀ ਵੀ। ਬਾਬਾ ਸ੍ਰੀ ਚੰਦ ਜੀ ਨੇ ਬਾਬਾ ਗੁਰਦਿੱਤਾ ਜੀ ਨੂੰ ਆਪਣਾ ਉੱਤਰਾਧਿਕਾਰੀ ਨਿਯੁਕਤ ਕੀਤਾ ਸੀ। ਬਾਬਾ ਗੁਰਦਿੱਤਾ ਜੀ ਦਾ ਦਿਹਾਂਤ ਗੁਰੂ ਸਾਹਿਬ ਤੋਂ ਪਹਿਲਾਂ 1638 ਈ: ਨੂੰ ਹੋ ਗਿਆ ਸੀ। ਅਜਿਹੀਆਂ ਸਥਿਤੀਆਂ ਦੇ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਸਿੱਖ ਪੰਥ ਦੀ ਵਾਗਡੋਰ ਕਿਸੇ ਅਜਿਹੇ ਹੱਥ ਦੇਣਾ ਚਾਹੁੰਦੇ ਸਨ ਜਿਸ ਨਾਲ ਪੰਥ ਨੂੰ ਹੋਰ ਉਤਸ਼ਾਹ ਮਿਲੇ। ਇਸੇ ਭਾਵਨਾ ਦੇ ਅਧੀਨ ਗੁਰੂ ਹਰਿਗੋਬਿੰਦ ਜੀ ਨੇ ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਗੁਰੂ ਹਰਿਰਾਇ ਜੀ ਨੂੰ ਪਰਖ ਕੇ ਗੁਰਗੱਦੀ ਦੀ ਬਖ਼ਸ਼ਿਸ਼ ਕਰ ਦਿੱਤੀ ।

**ਜੋਤੀ-ਜੋਤਿ ਸਮਾ ਜਾਣਾ:**

3 ਮਾਰਚ 1644 ਈ: ਵਿੱਚ ਆਪ ਜੀ ਜੋਤੀ-ਜੋਤਿ ਸਮਾ ਗਏ। ਜਿਸ ਜਗ੍ਹਾ ਤੇ ਆਪ ਦਾ ਸਸਕਾਰ ਕੀਤਾ ਗਿਆ ਉੱਥੇ ਅੱਜ ਕੱਲ੍ਹ ਗੁਰਦੁਆਰਾ 'ਪਤਾਲਪੁਰੀ ਸਾਹਿਬ' ਬਣਿਆ ਹੋਇਆ ਹੈ।

**ਵਿਸ਼ੇਸ਼ ਕਾਰਜ:**

1. ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਕੀਤੀ।
2. 52 ਰਾਜਿਆਂ ਨੂੰ ਰਿਹਾ ਕਰਵਾਇਆ।
3. ਯਾਤਰਾਵਾਂ ਦੁਆਰਾ ਧਰਮ ਪ੍ਰਚਾਰ ਕੀਤਾ।
4. ਕੀਰਤਪੁਰ ਨਗਰ ਦੀ ਉਸਾਰੀ ਕੀਤੀ।

## ਪ੍ਰਸ਼ਨੋਤਰੀ

ਪ੍ਰਸ਼ਨ 1. ਸਿੱਖਾਂ ਦੇ ਛੇਵੇਂ ਗੁਰੂ ਕੌਣ ਸਨ ?

(ੳ) ਗੁਰੂ ਅਰਜਨ ਦੇਵ ਜੀ (ਅ) ਗੁਰੂ ਹਰਿਗੋਬਿੰਦ ਸਾਹਿਬ ਜੀ

(ੲ) ਗੁਰੂ ਹਰਿਰਾਇ ਸਾਹਿਬ ਜੀ (ਸ) ਗੁਰੂ ਅਮਰਦਾਸ ਜੀ

ਪ੍ਰਸ਼ਨ 2. ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਾਤਾ ਜੀ ਦਾ ਨਾਮ ਕੀ ਸੀ ?

(ੳ) ਮਾਤਾ ਨਾਨਕੀ ਜੀ (ਅ) ਮਾਤਾ ਸੁਲੱਖਣੀ ਜੀ

(ੲ) ਮਾਤਾ ਗੰਗਾ ਜੀ (ਸ) ਮਾਤਾ ਤ੍ਰਿਪਤਾ ਜੀ

ਪ੍ਰਸ਼ਨ 3. ਗੁਰੂ ਹਰਿਗੋਬਿੰਦ ਸਾਹਿਬ ਨੇ ਕਿੰਨੀਆਂ ਤਲਵਾਰਾਂ ਧਾਰਣ ਕੀਤੀਆਂ ?

(ੳ) ਇੱਕ (ਅ) ਦੋ

(ੲ) ਤਿੰਨ (ਸ) ਕੋਈ ਨਹੀਂ

ਪ੍ਰਸ਼ਨ 4. ਗੁਰੂ ਹਰਿਗੋਬਿੰਦ ਸਾਹਿਬ ਨੇ ਕਿਹੜੇ ਤਖ਼ਤ ਦੀ ਸਥਾਪਨਾ ਕੀਤੀ ?

(ੳ) ਬਾਦਸ਼ਾਹੀ ਤਖ਼ਤ (ਅ) ਵੱਡਾ ਤਖ਼ਤ

(ੲ) ਸੁੰਦਰ ਤਖ਼ਤ (ਸ) ਅਕਾਲ ਤਖ਼ਤ

ਪ੍ਰਸ਼ਨ 5. ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵਿੱਦਿਆ ਕਿਨ੍ਹਾਂ ਤੋਂ ਪ੍ਰਾਪਤ ਕੀਤੀ ?

(ੳ) ਭਾਈ ਗੁਰਦਾਸ ਜੀ (ਅ) ਗੁਰੂ ਅਰਜਨ ਦੇਵ ਜੀ

(ੲ) ਬਾਬਾ ਬੁੱਢਾ ਜੀ (ਸ) ਭਾਈ ਨੰਦ ਲਾਲ ਜੀ

ਪ੍ਰਸ਼ਨ 6. ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਕਿਸ ਕਿਲ੍ਹੇ ਵਿੱਚ ਕੈਦ ਕੀਤਾ ਗਿਆ ?

(ੳ) ਲਾਹੌਰ ਦੇ ਕਿਲ੍ਹੇ ਵਿੱਚ (ਅ) ਦਿੱਲੀ ਦੇ ਕਿਲ੍ਹੇ ਵਿੱਚ

(ੲ) ਗਵਾਲੀਅਰ ਦੇ ਕਿਲ੍ਹੇ ਵਿੱਚ (ਸ) ਰਾਮਗੜ੍ਹ ਕਿਲ੍ਹੇ ਵਿੱਚ

ਪ੍ਰਸ਼ਨ 7. ਕੈਦ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਲ ਕੌਣ ਸਨ ?

(ੳ) ਸੂਫ਼ੀ ਫ਼ਕੀਰ (ਅ) ਬ੍ਰਾਹਮਣ

(ੲ) ਰਾਜੇ (ਸ) ਸੰਗਤ

ਪ੍ਰਸ਼ਨ 8. ਕੈਦ ਤੋਂ ਬਾਹਰ ਆਉਣ ਵੇਲੇ ਗੁਰੂ ਸਾਹਿਬ ਨੇ ਕਿੰਨੀਆਂ ਕਲੀਆਂ ਵਾਲਾ ਚੋਲ੍ਹਾ ਪਹਿਨਿਆ ?

(ੳ) ਤਰਵੰਜਾ (ਅ) ਬਵੰਜਾ

(ੲ) ਚੁਰੰਜਾ (ਸ) ਪੈਂਤੀ

ਪ੍ਰਸ਼ਨ 9. ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਪੁੱਤਰੀ ਦਾ ਕੀ ਨਾਮ ਸੀ ?

(ੳ) ਬੀਬੀ ਵੀਰੋ (ਅ) ਬੀਬੀ ਅਮਰੋ

(ੲ) ਬੀਬੀ ਅਨੋਖੀ (ਸ) ਬੀਬੀ ਭਾਨੀ

ਪ੍ਰਸ਼ਨ 10. ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਜੀਵਨ ਦਾ ਅਖੀਰਲਾ ਸਮਾਂ ਕਿੱਥੇ ਬਤੀਤ ਕੀਤਾ ?

(ੳ) ਅੰਮ੍ਰਿਤਸਰ (ਅ) ਕਰਤਾਰਪੁਰ

(ੲ) ਕੀਰਤਪੁਰ (ਸ) ਤਰਨਤਾਰਨ

ਪ੍ਰਸ਼ਨ11. ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਜਨਮ ਕਦੋਂ ਹੋਇਆ?

(ੳ) 1595 ਈ: (ਅ) 1590 ਈ:

(ੲ) 1592 ਈ: (ਸ) 1594 ਈ:

ਪ੍ਰਸ਼ਨ 12. ਗੁਰੂ ਹਰਿਗੋਬਿੰਦ ਸਾਹਿਬ ਕਦੋਂ ਜੋਤੀ ਜੋਤ ਸਮਾਏ ?

(ੳ) 1644 ਈ. (ਅ) 1544 ਈ.

(ੲ) 1744 ਈ. (ਸ) 1725 ਈ.

ਪ੍ਰਸ਼ਨ13. ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪਿਤਾ ਦਾ ਕੀ ਨਾਮ ਸੀ?

(ੳ) ਸ੍ਰੀ ਗੁਰੂ ਰਾਮਦਾਸ ਜੀ (ਅ) ਸ੍ਰੀ ਗੁਰੂ ਅਰਜਨ ਦੇਵ ਜੀ

(ੲ) ਸ੍ਰੀ ਗੁਰੂ ਅੰਗਦ ਦੇਵ ਜੀ (ਸ) ਸ੍ਰੀ ਗੁਰੂ ਨਾਨਕ ਦੇਵ ਜੀ

ਪ੍ਰਸ਼ਨ14. ਸ੍ਰੀ ਗੁਰੂ ਹਰਿਗੋਬਿੰਦ ਜੀ ਕਿੰਨੇ ਸਾਲ ਦੀ ਉਮਰ ਵਿੱਚ ਗੁਰਗੱਦੀ ਤੇ ਬਿਰਾਜਮਾਨ ਹੋਏ ਸਨ?

(ੳ) 10 (ਅ) 9

(ੲ) 15 (ਸ) 11

ਪ੍ਰਸ਼ਨ15. ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਮੁਗਲਾਂ ਨਾਲ ਅੰਮ੍ਰਿਤਸਰ ਦਾ ਯੁੱਧ ਕਦੋਂ ਹੋਇਆ?

(ੳ) 1640 ਈ: (ਅ) 1630 ਈ:
(ੲ) 1635 ਈ: (ਸ) 1634 ਈ:

ਪ੍ਰਸ਼ਨ16. ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸ਼ਾਹਜਹਾਂ ਨਾਲ ਪਹਿਲਾ ਯੁੱਧ ਕਿੱਥੇ ਕੀਤਾ?

(ੳ) ਕਰਤਾਰਪੁਰ (ਅ) ਮਹਿਰਾਜ
(ੲ) ਅੰਮ੍ਰਿਤਸਰ (ਸ) ਫਗਵਾੜਾ

ਪ੍ਰਸ਼ਨ17. ਕਰਤਾਰਪੁਰ ਦਾ ਯੁੱਧ ਦੋਂ ਹੋਇਆ ?

(ੳ) 1635 ਈ. (ਅ) 1634 ਈ.
(ੲ) 1640 ਈ. (ਸ) 1630 ਈ.

ਪ੍ਰਸ਼ਨ18. ਮੀਰੀ ਪੀਰੀ ਦੀਆਂ ਦੋ ਤਲਵਾਰਾਂ ਸ੍ਰੀ ਗੁਰੁ ਹਰਿਗੋਬਿੰਦ ਜੀ ਨੂੰ ਕਿਸਨੇ ਪਹਿਨਾਈਆਂ ਸਨ?

(ੳ) ਭਾਈ ਗੁਰਦਾਸ ਜੀ (ਅ) ਗੁਰੂ ਅਰਜਨ ਦੇਵ ਜੀ
(ੲ) ਬਾਬਾ ਬੁੱਢਾ ਜੀ (ਸ) ਭਾਈ ਨੰਦ ਲਾਲ ਜੀ

ਪ੍ਰਸ਼ਨ19. ਗੁਰੂ ਹਰਿਗੋਬਿੰਦ ਜੀ ਨੂੰ ਹੋਰ ਕਿਹੜੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ?

(ੳ) ਬੰਦੀ ਛੋੜ (ਅ) ਸੁੰਦਰ ਤਖਤ
(ੲ) ਬਾਦਸ਼ਾ (ਸ) ਅਕਾਲ ਤਖਤ

ਪ੍ਰਸ਼ਨ 20.ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਜਿੱਥੇ ਸਸਕਾਰ ਕੀਤਾ ਗਿਆ ਉੱਥੇ ਅੱਜ-ਕੱਲ੍ਹ ਕਿਹੜਾ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ?

(ੳ) ਬੰਗਲਾ ਸਾਹਿਬ (ਅ) ਪਤਾਲਪੁਰੀ ਸਾਹਿਬ
(ੲ) ਸੀਸ ਗੰਜ ਸਾਹਿਬ (ਸ) ਰਕਾਬਗੰਜ ਸਾਹਿਬ

**ਉੱਤਰ:-** 1. (ਅ), 2. (ੲ), 3. (ਅ), 4. (ਸ), 5. (ੲ), 6. (ੲ), 7. (ੲ), 8. (ਅ), 9. (ੳ), 10. (ੲ), 11. (ੳ), 12. (ੳ), 13. (ਅ), 14. (ਸ), 15. (ਸ), 16. (ੲ), 17. (ੳ), 18. (ੲ), 19. (ੳ), 20. (ਅ)

# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ



**ਜਨਮ:**

ਗੁਰੂ ਹਰਿਰਾਇ ਜੀ ਸਿੱਖ ਧਰਮ ਦੇ ਸਤਵੇਂ ਗੁਰੂ ਹੋਏ ਹਨ। ਇਨ੍ਹਾਂ ਦਾ ਪ੍ਰਕਾਸ਼ 26 ਫਰਵਰੀ, 1630 ਈਸਵੀ ਨੂੰ ਸ੍ਰੀ ਕੀਰਤਪੁਰ ਸਾਹਿਬ ਵਿੱਚ ਹੋਇਆ।

**ਮਾਤਾ ਪਿਤਾ:**

ਸ੍ਰੀ ਗੁਰੂ ਹਰਿਰਾਇ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੋਤਰੇ ਸਨ। ਆਪ ਜੀ ਦੇ ਪਿਤਾ ਬਾਬਾ ਗੁਰਦਿੱਤਾ ਜੀ ਸਨ। ਆਪ ਜੀ ਦੀ ਮਾਤਾ ਨਿਹਾਲ ਕੌਰ (ਅਨੰਤੀ ਦੇਵੀ) ਜੀ ਸਨ।

**ਵਿਦਿਆ ਤੇ ਸਿਖਲਾਈ:**

ਬਾਬਾ ਗੁਰਦਿੱਤਾ ਜੀ 1638 ਈਸਵੀ ਨੂੰ ਅਕਾਲ ਚਲਾਣਾ ਕਰ ਗਏ ਸਨ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸੰਸਾਰਿਕ ਫ਼ਰਜ਼ ਨਿਭਾਉਂਦੇ ਹੋਏ ਸ੍ਰੀ ਗੁਰੂ ਹਰਿਰਾਇ ਜੀ ਦੇ ਦਸਤਾਰ ਸਜਾਈ। ਇਸ ਤਰ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੀ ਨਿਗਰਾਨੀ ਹੇਠ ਗੁਰਬਾਣੀ ਦੇ ਨਾਲ-ਨਾਲ ਸ਼ਸਤਰਾਂ ਦੀ ਸਿਖਲਾਈ ਵੀ ਦਿੱਤੀ।

**ਵਿਆਹ:**

ਸ੍ਰੀ ਗੁਰੂ ਹਰਿਰਾਇ ਜੀ ਦਾ ਵਿਆਹ 1640 ਈਸਵੀ ਨੂੰ ਭਾਈ ਦਇਆ ਰਾਮ ਜੀ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ ਜੀ ਨਾਲ ਅਰੂਪ ਪਿੰਡ ਵਿਖੇ ਹੋਇਆ। ਇਹ ਪਿੰਡ ਅੱਜ-ਕੱਲ੍ਹ ਜ਼ਿਲ੍ਹਾ ਗੁੱਜਰਾਂਵਾਲਾ (ਪਾਕਿਸਤਾਨ) ਵਿੱਚ ਹੈ। ਬੀਬੀ ਕ੍ਰਿਸ਼ਨ ਕੌਰ ਦੀ ਕੁੱਖ ਤੋਂ ਪੁੱਤਰਾਂ ਨੇ ਜਨਮ ਲਿਆ। ਵੱਡੇ ਪੁੱਤਰ ਸ੍ਰੀ ਰਾਮਰਾਇ ਜੀ

ਤੇ ਛੋਟੇ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਸਨ।

**ਗੁਰਿਆਈ:**

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਸਪੁੱਤਰ ਬਾਬਾ ਸੂਰਜਮੱਲ, ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਵੱਡੇ ਪੋਤਰੇ ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਧੀਰਮੱਲ ਨੂੰ ਛੱਡ ਕੇ ਆਪਣੇ ਛੋਟੇ ਪੋਤਰੇ ਸ੍ਰੀ ਹਰਿਰਾਇ ਜੀ ਨੂੰ ਗੁਰਤਾਗੱਦੀ ਲਈ ਚੁਣਿਆ ਅਤੇ 1644 ਈਸਵੀ ਨੂੰ ਗੁਰਿਆਈ ਦੀ ਰਸਮ ਅਦਾ ਕੀਤੀ। ਸਾਰੀ ਸੰਗਤ ਨੇ ਆਪ ਜੀ ਅੱਗੇ ਮੱਥਾ ਟੇਕਿਆ।

**ਕੀਰਤਪੁਰ ਵਿਖੇ:**

ਕੀਰਤਪੁਰ ਵਿੱਚ ਛੋਟੇ ਜਿਹੇ ਕਿਲ੍ਹੇ ਦੀ ਉਸਾਰੀ ਕਰਵਾਈ ਅਤੇ ਜਿਸ ਵਿੱਚ 2200 ਘੋੜ ਸਵਾਰ ਸੈਨਾ ਹਮੇਸ਼ਾ ਗੁਰੂ ਘਰ ਲਈ ਤਿਆਰ ਬਰ ਤਿਆਰ ਰਹਿੰਦੀ ਸੀ। ਇਸ ਤੋਂ ਪਿੱਛੋਂ ਘੋੜਿਆਂ ਦੀ ਰਹਿਣ ਦੀ ਥਾਂ, ਪਾਣੀ ਲਈ ਖੂਹ ਤੇ ਫ਼ੌਜ ਦੇ ਰਹਿਣ ਲਈ ਧਰਮਸ਼ਾਲਾ ਵੀ ਬਣਵਾਈ। ਆਪ ਨੇ ਹੁਕਮ ਜਾਰੀ ਕੀਤਾ ਕਿ ਹੁਣ ਸਵੇਰੇ ਤੇ ਸ਼ਾਮ ਵੇਲੇ ਦੇ ਪਾਠ ਅਤੇ ਲੰਗਰ ਸ਼ੁਰੂ ਹੋਣ ਤੋਂ ਪਹਿਲਾਂ ਨਗਾਰਾ ਵੱਜਿਆ ਕਰੇਗਾ ਤਾਂ ਜੋ ਸਭ ਮਾਈ ਭਾਈ ਨਾਮ ਬਾਣੀ ਅਤੇ ਲੰਗਰ ਛਕਣ ਤਾਂ ਜੋ ਕੋਈ ਵੀ ਭੁੱਖਾ ਨਾ ਰਹੇ। ਕੀਰਤਪੁਰ ਵਿੱਚ ਤਰ੍ਹਾਂ-ਤਰ੍ਹਾਂ ਦੇ ਰੁੱਖ ਲਾ ਕੇ ਇਸਨੂੰ ਬਾਗਾਂ ਦੇ ਸ਼ਹਿਰ ਵਜੋਂ ਸਥਾਪਿਤ ਕਰ ਦਿੱਤਾ। ਸ੍ਰੀ ਗੁਰੂ ਹਰਿਰਾਇ ਜੀ ਨੇ ਸੰਗਤਾਂ ਦੀ ਸਿਹਤ ਲਈ ਇੱਕ ਦਵਾਖ਼ਾਨਾ ਵੀ ਖੋਲ੍ਹਿਆ ਹੋਇਆ ਸੀ ਜਿਸ ਵਿਚ ਲੋੜਵੰਦ ਦਵਾਈਆਂ ਰੱਖੀਆਂ ਹੁੰਦੀਆਂ ਸਨ। ਇੱਕ ਵਾਰੀ ਸ਼ਾਹਜਹਾਂ ਦਾ ਵੱਡਾ ਪੁੱਤਰ ਦਾਰਾ ਸ਼ਿਕੋਹ ਬਿਮਾਰ ਪੈ ਗਿਆ। ਸ਼ਾਹੀ ਦਵਾਖਾਨੇ ਦੇ ਹਕੀਮਾਂ ਨੇ ਵੀ ਜਦੋਂ ਦਾਰਾਸ਼ਿਕੋਹ ਦੇ ਬਿਮਾਰ ਹੋਣ ਤੇ ਹੱਥ ਖੜੇ ਕਰ ਦਿੱਤੇ ਸਨ ਤਾਂ ਗੁਰੂ ਘਰ ਦੇ ਇਸ ਦਵਾਖਾਨੇ ਦੇ ਹਕੀਮਾਂ ਦੀ ਦਵਾਈ ਨਾਲ ਉਹ ਬਿਲਕੁਲ ਤੰਦਰੁਸਤ ਹੋ ਗਿਆ। ਗੁਰੂ ਹਰਿ ਰਾਇ ਸਾਹਿਬ ਨੇ ਛੇਵੇਂ ਪਾਤਸ਼ਾਹ ਹਜ਼ੂਰ ਦੇ ਕਾਰਜਾਂ ਨੂੰ ਜਾਰੀ ਰੱਖਿਆ।

**ਸ੍ਰੀ ਕੀਰਤਪੁਰ ਸਾਹਿਬ ਤੋਂ ਨਾਹਨ ਜਾਣਾ:**

ਨਿਜਾਬਤ ਖਾਨ ਨੂੰ ਸ਼ਾਹਜਹਾਂ ਨੇ ਅਲੀਗੜ੍ਹ, ਮੁਲਤਾਨ ਅਤੇ ਕਾਂਗੜਾ ਦਾ ਫ਼ੌਜਦਾਰ ਬਣਾਇਆ ਸੀ। 1645 ਈਸਵੀ ਵਿੱਚ ਨਿਜਾਬਤ ਖਾਨ ਨੇ ਕਹਿਲੂਰ ਉੱਤੇ ਹਮਲਾ ਕੀਤਾ। ਉਸ ਵੇਲੇ ਕਹਿਲੂਰ ਦਾ ਰਾਜਾ ਤਾਰਾ ਚੰਦ ਸੀ। ਕਹਿਲੂਰ ਵਿੱਚ ਹੀ ਸ੍ਰੀ ਕੀਰਤਪੁਰ ਸਾਹਿਬ ਸਥਿਤ ਸੀ ਜਿੱਥੇ ਸ੍ਰੀ ਗੁਰੂ ਹਰਿਰਾਇ ਜੀ ਰਹਿੰਦੇ ਸਨ। ਜਦੋਂ ਨਿਜਾਬਤ ਖਾਨ ਨੇ ਕਹਿਲੂਰ ਦੇ ਰਾਜੇ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਕਹਿਲੂਰ ਉੱਤੇ ਚੜ੍ਹਾਈ ਕੀਤੀ ਤਾਂ ਉਸ ਸਮੇਂ ਸ੍ਰੀ ਗੁਰੂ ਹਰਿਰਾਇ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਸਿੱਖਿਆ ਮੰਨਦੇ ਹੋਏ ਕਿ ਆਪ ਨੇ ਯੁੱਧ ਨਹੀਂ ਕਰਨਾ, ਗੁਰੂ ਜੀ ਸ੍ਰੀ ਕੀਰਤਪੁਰ ਸਾਹਿਬ ਛੱਡ ਕੇ ਨਾਹਨ ਚਲੇ ਗਏ। ਥੋੜ੍ਹਾ ਚਿਰ ਨਾਹਨ ਰਹਿ ਕੇ ਗੁਰੂ ਜੀ

ਸ੍ਰੀ ਕੀਰਤਪੁਰ ਸਾਹਿਬ ਆ ਗਏ।

**ਗੁਰੂ ਜੀ ਦੀ ਮਾਝਾ, ਦੁਆਬਾ ਅਤੇ ਮਾਲਵੇ ਦੀ ਫੇਰੀ:**

ਸ੍ਰੀ ਗੁਰੂ ਹਰਿਰਾਇ ਜੀ ਸਿੱਖੀ ਦੇ ਪ੍ਰਚਾਰ ਦੇ ਲਈ ਪੱਛਮੀ ਪੰਜਾਬ (ਪਾਕਿਸਤਾਨ) ਤੋਂ ਆਉਂਦਿਆਂ ਹੋਇਆਂ ਕਸ਼ਮੀਰ, ਮਾਲਵਾ ਅਤੇ ਫਿਰ ਸ੍ਰੀ ਕੀਰਤਪੁਰ ਸਾਹਿਬ ਗਏ। ਆਪ ਜੀ ਲਹਿਰੀ ਕਲਾਂ, ਬਜਰੂੜ, ਭੁੰਗਰਾਨੀ, ਬੰਬੇਲੀ, ਸੁਖਚੈਨਆਣਾ, ਪਲਾਹੀ ਅਤੇ ਨੂਰਮਹਿਲ ਆਦਿ ਪਿੰਡਾਂ ਵਿੱਚ ਗਏ। ਇੱਥੇ ਗੁਰੂ ਸਾਹਿਬ ਨੇ ਸਿੱਖ ਸੰਗਤਾਂ ਨੂੰ ਨਾਮ ਜਪਣ ਅਤੇ ਵੰਡ ਕੇ ਛਕਣ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਮਾਲਵਾ ਦੇ ਦੌਰੇ ਸਮੇਂ ਪਿੰਡ ਭੋਖੜੀ ਪਹੁੰਚੇ। ਗੁਰੂ ਜੀ ਸਿਆਲਕੋਟ ਤੋਂ ਮੱਖਣ ਸ਼ਾਹ ਲੁਬਾਣੇ ਦੇ ਕਾਫ਼ਲੇ ਨਾਲ ਕਸ਼ਮੀਰ ਵਿੱਚ ਸ੍ਰੀ ਨਗਰ ਪਹੁੰਚ ਗਏ। ਸ੍ਰੀਨਗਰ ਅਤੇ ਮਟਨ ਤੀਰਥਾਂ ਦੀ ਯਾਤਰਾ ਕਰਕੇ ਕਸ਼ਮੀਰ ਤੋਂ ਆਉਂਦੇ ਹੋਏ ਅਖਨੂਰ, ਜੰਮੂ, ਰਾਮਗੜ੍ਹ, ਸਾਂਬਾ ਨਗਰਾਂ ਤੋਂ ਪਠਾਨਕੋਟ ਸੰਗਤਾਂ ਨੂੰ ਦਰਸ਼ਨ ਦਿੰਦੇ ਹੋਏ ਨਾਮ ਬਾਣੀ ਨਾਲ ਜੋੜਦੇ ਹੋਏ 1660 ਈਸਵੀ ਦੇ ਅਖੀਰ ਵਿੱਚ ਸ੍ਰੀ ਕੀਰਤਪੁਰ ਸਾਹਿਬ ਪਹੁੰਚ ਗਏ।

**ਪ੍ਰਚਾਰ ਕੇਂਦਰ / ਬਖ਼ਸ਼ਿਸ਼ਾਂ ਸਥਾਪਿਤ:**

ਗੁਰੂ ਜੀ ਨੇ ਪ੍ਰਚਾਰ ਯਾਤਰਾਵਾਂ ਦੌਰਾਨ ਸਿੱਖੀ ਦੇ ਪ੍ਰਚਾਰ ਲਈ ਵਿਸ਼ੇਸ਼ ਕਾਰਜ ਵਜੋਂ ਤਿੰਨ ਕੇਂਦਰਾਂ ਦੀ ਸਥਾਪਨਾ ਕੀਤੀ, ਜਿਨ੍ਹਾਂ ਨੂੰ ਬਖਸ਼ਿਸ਼ਾਂ ਕਿਹਾ ਜਾਂਦਾ ਹੈ। ਉਹ ਤਿੰਨ ਬਖਸ਼ਿਸ਼ਾਂ ਇਹ ਹਨ:-

**ਭਗਤ ਭਗਵਾਨੀਏ:**

ਸ੍ਰੀ ਭਗਤ ਭਗਵਾਨ ਨੇ ਉਦਾਸੀ ਸੰਪ੍ਰਦਾਇ ਦੇ ਮੁਖੀ ਮਿਹਰਚੰਦ ਜੀ ਤੋਂ ਉਪਦੇਸ਼ ਲੈ ਕੇ ਉਦਾਸੀ ਭੇਸ ਧਾਰਨ ਕਰ ਲਿਆ ਪਰ ਮਨ ਨੂੰ ਸ਼ਾਂਤੀ ਨਾ ਮਿਲੀ, ਉਹ ਕੁੱਝ ਦਿਨ ਬਾਅਦ ਗੁਰੂ ਹਰਿਰਾਏ ਜੀ ਕੋਲ ਚਲਾ ਗਿਆ। ਗੁਰੂ ਜੀ ਨੇ ਉਸ ਦੀ ਬੇਨਤੀ ਸਵੀਕਾਰ ਕਰ ਲਈ ਤੇ ਉਸ ਦੇ ਮਨ ਵਿੱਚ ਨਾਮ ਦ੍ਰਿੜ੍ਹ ਕਰਵਾ ਕੇ ਉਸ ਨੂੰ ਪੂਰਬ ਵੱਲ ਲੋਕਾਂ ਨੂੰ ਉਪਦੇਸ਼ ਦੇਣ ਵਾਸਤੇ ਭੇਜ ਦਿੱਤਾ। ਪੂਰਬੀ ਭਾਰਤ ਉੱਤਰ ਪ੍ਰਦੇਸ਼ ਤੇ ਬਿਹਾਰ ਆਦਿ ਵਿੱਚ ਭਗਤ ਭਗਵਾਨ ਜੀ ਨੇ ਗੁਰੂ ਜੀ ਦੀਆਂ ਬਖਸ਼ੀਸ਼ਾਂ ਨਾਲ ਆਪਣੇ ਚੇਲਿਆਂ ਦੇ ਪ੍ਰਬੰਧ ਹੇਠ 360 ਹੋਰ ਸਿੱਖੀ ਦੇ ਪ੍ਰਚਾਰ ਕੇਂਦਰ ਸਥਾਪਿਤ ਕੀਤੇ।

**ਸੰਗਤ ਸਾਹਿਬੀਏ:**

ਸ੍ਰੀ ਗੁਰੂ ਹਰਿਰਾਇ ਜੀ ਦੀ ਮਾਲਵੇ ਦੀ ਪ੍ਰਚਾਰ ਯਾਤਰਾ ਸਮੇਂ ਭਾਈ ਸੰਗਤ ਜੀ ਨੇ ਗੁਰੂ ਜੀ ਦੀ ਸ਼ੋਭਾ ਸੁਣੀ ਤੇ ਸ੍ਰੀ ਕੀਰਤਪੁਰ ਸਾਹਿਬ ਆ ਗਿਆ। ਸ੍ਰੀ ਗੁਰੂ ਹਰਿਰਾਇ ਜੀ ਤੋਂ ਨਾਮ ਦੀ ਦਾਤ ਲੈ ਕੇ ਆਪਣੇ ਫੇਰੀ ਦੇ ਕੰਮ ਦੇ ਨਾਲ-ਨਾਲ ਗੁਰੂ

ਘਰ ਵਿੱਚ ਲੰਗਰ ਦੀ ਸੇਵਾ ਵੀ ਕਰਦੇ ਰਹੇ। ਉਨ੍ਹਾਂ ਦਾ ਨਾਮ ਭਾਈ ਫੇਰੂ ਪੈ ਗਿਆ। ਗੁਰੂ ਜੀ ਨੇ ਉਸਦੀ ਸੇਵਾ ਭਾਵਨਾ ਤੋਂ ਪ੍ਰਸੰਨ ਹੋ ਕੇ ਗੁਰਬਾਣੀ ਦੀ ਪੋਥੀ, ਮਾਲਾ ਤੇ ਚੋਲ੍ਹਾ ਬਖਸ਼ਿਆ ਅਤੇ ਮਸੰਦ ਨਿਯੁਕਤ ਕੀਤਾ। ਭਾਈ ਫੇਰੂ ਜੀ ਲਾਹੌਰ ਵਿਖੇ ਆਪਣਾ ਡੇਰਾ ਬਣਾ ਕੇ ਲੋਕਾਂ ਦੀ ਨਾਮ ਅਤੇ ਲੰਗਰ ਨਾਲ ਸੇਵਾ ਕਰਨ ਲੱਗੇ। ਸ੍ਰੀ ਗੁਰੂ ਜੀ ਨੇ ਭਾਈ ਫੇਰੂ ਜੀ ਦੀ ਸੇਵਾ ਭਾਵਨਾ ਵੇਖ ਕੇ ਉਨ੍ਹਾਂ ਨੂੰ 'ਸੰਗਤ ਸਾਹਿਬ' ਦਾ ਖਿਤਾਬ ਬਖਸ਼ਿਸ਼ ਕੀਤਾ।

**ਸੁਥਰੇ ਸ਼ਾਹੀਏ:**

1625 ਈਸਵੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਜੀ ਕਸ਼ਮੀਰ ਦੌਰੇ ਉੱਤੇ ਸਨ। ਗੁਰੂ ਜੀ ਇਸ ਸਮੇਂ ਇਕ ਪਿੰਡ ਕੋਲੋਂ ਦੀ ਲੰਘੇ ਤਾਂ ਉਨ੍ਹਾਂ ਨੂੰ ਬੱਚੇ ਦੇ ਰੋਣ ਦੀ ਆਵਾਜ਼ ਆਈ। ਇਹ ਇਕ ਨਵਜੰਮਿਆ ਬੱਚਾ ਸੀ, ਜਿਸ ਦੇ ਜਨਮ ਸਮੇਂ ਹੀ ਇਸ ਦੇ ਮੂੰਹ ਵਿੱਚ ਦੰਦ ਸਨ, ਉਸ ਦੇ ਮਾਤਾ ਪਿਤਾ ਨੇ ਇਸ ਨੂੰ ਵਿਘਨਕਾਰੀ ਸਮਝ ਕੇ ਰੂੜੀ ਉੱਤੇ ਸੁੱਟ ਦਿੱਤਾ ਸੀ। ਗੁਰੂ ਜੀ ਨੇ ਵੇਖ ਕੇ ਫੁਰਮਾਇਆ ਕਿ ਕਿੰਨਾ ਸੁਥਰਾ ਬੱਚਾ ਪਿਆ ਹੈ। ਇਸ ਨੂੰ ਚੁੱਕ ਕੇ ਲਿਆਉ ਅਤੇ ਇਸ ਦੇ ਪਾਲਣ ਪੋਸ਼ਣ ਦਾ ਇੰਤਜ਼ਾਮ ਕਰੋ। ਗੁਰੂ ਜੀ ਦੇ ਮੁੱਖ ਤੋਂ ਸੁਥਰਾ ਸ਼ਬਦ ਸੁਣ ਕੇ ਸਿੱਖਾਂ ਨੇ ਉਸ ਦਾ ਨਾਮ ਸੁਥਰਾ ਰੱਖ ਦਿੱਤਾ। ਗੁਰੂ ਹਰਿਰਾਏ ਨੇ ਭਾਈ ਸੁਥਰੇ ਨੂੰ ਧਰਮ ਪ੍ਰਚਾਰ ਦੀ ਸੇਵਾ ਤੇ ਲਾ ਦਿੱਤਾ।

**ਗੁਰਿਆਈ ਦੀ ਬਖਸ਼ਿਸ਼:**

ਔਰੰਗਜ਼ੇਬ ਨੇ ਗੁਰੂ ਜੀ ਦੇ ਸ੍ਰੀ ਕੀਰਤਪੁਰ ਪਹੁੰਚਦਿਆਂ ਹੀ ਗੁਰੂ ਜੀ ਨੂੰ ਦਿੱਲੀ ਆਉਣ ਦਾ ਸੱਦਾ ਭੇਜਿਆ। ਗੁਰੂ ਜੀ ਆਪ ਨਹੀਂ ਗਏ, ਉਨ੍ਹਾਂ ਨੇ ਆਪਣੇ ਸਪੁੱਤਰ ਰਾਮਰਾਇ ਨੂੰ ਭੇਜਿਆ। ਬਾਦਸ਼ਾਹ ਨੇ ਰਾਮਰਾਇ ਨੂੰ ਪੁੱਛਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਤਰ੍ਹਾਂ ਮੁਸਲਮਾਨਾਂ ਦੀ ਨਿੰਦਿਆ ਕਿਉਂ ਕੀਤੀ ਗਈ ਹੈ। ਰਾਮਰਾਇ ਨੇ ਤੁਕ ਵਿੱਚ ਇੱਕ ਸ਼ਬਦ ਬਦਲ ਕੇ ਮੌਕਾ ਬਚਾ ਲਿਆ। ਉਸ ਨੇ ਕਿਹਾ ਕਿ- ਮਿਟੀ ਮੁਸਲਮਾਨ ਕੀ- ਦੀ ਥਾਂ -ਮਿਟੀ ਬੇਈਮਾਨ ਕੀ- ਹੈ। ਜਦ ਸ੍ਰੀ ਗੁਰੂ ਹਰਿਰਾਇ ਜੀ ਨੂੰ ਇਸ ਗੱਲ ਦਾ ਪਤਾ ਲੱਗਿਆ ਕਿ ਰਾਮਰਾਇ ਨੇ ਬਾਦਸ਼ਾਹ ਨੂੰ ਖੁਸ਼ ਕਰਨ ਦੀ ਖ਼ਾਤਿਰ ਗੁਰਬਾਣੀ ਦੀ ਤੁਕ ਬਦਲ ਕੇ ਉਚਾਰਨ ਕੀਤੀ ਹੈ ਤਾਂ ਉਨ੍ਹਾਂ ਨੂੰ ਬਹੁਤ ਦੁੱਖ ਲੱਗਾ। ਗੁਰੂ ਜੀ ਨੇ ਹੁਕਮ ਜਾਰੀ ਕੀਤਾ ਕਿ ਇਸ ਥੋੜ੍ਹੀ ਮੱਤ ਵਾਲੇ ਨੂੰ ਆਖ ਦਿੱਤਾ ਜਾਵੇ ਕਿ ਅੱਜ ਤੋਂ ਮੇਰੇ ਮੱਥੇ ਨ ਲੱਗੇ ਅਤੇ ਕੋਈ ਵੀ ਸਿੱਖ ਇਸਨੂੰ ਮੂੰਹ ਨਹੀ ਲਾਵੇਗਾ। ਉਨ੍ਹਾਂ ਨੇ ਉਸ ਨੂੰ ਗੁਰਿਆਈ ਦੇ ਜਿੰਮੇਵਾਰ ਅਹੁਦੇ ਦੇ ਅਯੋਗ ਐਲਾਨ ਦਿੱਤਾ ਅਤੇ ਇਸ ਗੱਲ ਲਈ ਵੀ ਆਪਣਾ ਮਨ ਬਣਾ ਲਿਆ ਕਿ ਰਾਮਰਾਇ ਦੀ ਥਾਂ ਗੁਰਗੱਦੀ ਸ੍ਰੀ (ਗੁਰੂ) ਹਰਿਕ੍ਰਿਸ਼ਨ ਜੀ ਨੂੰ ਦਿੱਤੀ ਜਾਵੇਗੀ।

**ਜੋਤੀ-ਜੋਤਿ ਸਮਾਉਣਾ:**

ਸ੍ਰੀ ਗੁਰੂ ਹਰਿਰਾਇ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਜਾਣ ਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਮਰਯਾਦਾ ਅਨੁਸਾਰ ਗੁਰਤਾਗੱਦੀ ਸੌਂਪੀ ਅਤੇ ਆਪ 6 ਅਕਤੂਬਰ 1661 ਈਸਵੀ ਨੂੰ ਜੋਤੀ-ਜੋਤਿ ਸਮਾ ਗਏ।

**ਵਿਸ਼ੇਸ਼ ਕਾਰਜ:**

1. ਲੋਕ ਭਲਾਈ ਲਈ ਇੱਕ ਦਵਾਖ਼ਾਨਾ ਖੋਲ੍ਹਿਆ।
2. ਲੰਗਰ ਪ੍ਰਥਾ ਨੂੰ ਜਾਰੀ ਰੱਖਿਆ।
3. ਕੀਰਤਪੁਰ ਵਿੱਚ ਕਿਲ੍ਹੇ ਦੀ ਉਸਾਰੀ ਕਰਵਾਈ।
4. ਪਾਣੀ ਦੀ ਸਹੂਲਤ ਲਈ ਖੂਹ ਬਣਵਾਇਆ।
5. ਕੀਰਤਪੁਰ ਸਾਹਿਬ ਦੇ ਵਾਤਾਵਰਣ ਨੂੰ ਹਰਾ ਭਰਾ ਕਰਨ ਲਈ ਰੁੱਖ ਲਗਵਾਏ।

## ਪ੍ਰਸ਼ਨੋਤਰੀ

ਪ੍ਰਸ਼ਨ 1. ਗੁਰੂ ਹਰਿਰਾਇ ਸਿੱਖਾਂ ਦੇ ਕਿੰਨਵੇਂ ਗੁਰੂ ਸਨ ?

(ੳ) ਛੇਵੇਂ (ਅ) ਅੱਠਵੇਂ
(ੲ) ਸੱਤਵੇਂ (ਸ) ਦਸਵੇਂ

ਪ੍ਰਸ਼ਨ 2. ਗੁਰੂ ਹਰਿਰਾਇ ਸਾਹਿਬ ਦਾ ਜਨਮ ਕਿਨ੍ਹਾਂ ਦੇ ਘਰ ਹੋਇਆ ?

(ੳ) ਬਾਬਾ ਗੁਰਦਿੱਤਾ ਜੀ (ਅ) ਬਾਬਾ ਅਣੀ ਰਾਏ ਜੀ
(ੲ) ਬਾਬਾ ਸੂਰਜ ਮੱਲ ਜੀ (ਸ) ਬਾਬਾ ਸ੍ਰੀ ਚੰਦ ਜੀ

ਪ੍ਰਸ਼ਨ 3.ਗੁਰੂ ਹਰਿਰਾਇ ਸਾਹਿਬ ਦੀਆਂ ਕਿੰਨੀਆਂ ਬਖਸ਼ਿਸ਼ਾਂ ਸਰਬ-ਪ੍ਰਵਾਨਤ ਹਨ?

(ੳ) ਤਿੰਨ (ਅ) ਦੋ
(ੲ) ਚਾਰ (ਸ) ਪੰਜ

ਪ੍ਰਸ਼ਨ 4. ਗੁਰੂ ਹਰਿਰਾਇ ਸਾਹਿਬ ਨੇ ਆਪਣੇ ਜੀਵਨ ਕਾਲ ਦੌਰਾਨ ਕੁੱਲ ਕਿੰਨੇ ਯੁੱਧ ਕੀਤੇ ?

(ੳ) ਦੋ (ਅ) ਚਾਰ
(ੲ) ਕੋਈ ਵੀ ਨਹੀਂ (ਸ) ਇਕ

ਪ੍ਰਸ਼ਨ 5. ਗੁਰੂ ਹਰਿਰਾਇ ਸਾਹਿਬ ਜੀ ਦੀ ਸੁਪਤਨੀ ਦਾ ਕੀ ਨਾਮ ਸੀ ?

| | |
|---|---|
| (ੳ) ਦਇਆ ਕੌਰ | (ਅ) ਨਾਨਕੀ ਜੀ |
| (ੲ) ਕ੍ਰਿਸ਼ਨ ਕੌਰ ਜੀ | (ਸ) ਸੁੰਦਰੀ ਜੀ |

ਪ੍ਰਸ਼ਨ 6. ਗੁਰੂ ਹਰਿਰਾਇ ਸਾਹਿਬ ਜੀ ਨੂੰ ਗੁਰਤਾਗੱਦੀ ਕਦੋਂ ਮਿਲੀ ?

| | |
|---|---|
| (ੳ) 1662 ਈ. | (ਅ) 1644 ਈ. |
| (ੲ) 1640 ਈ. | (ਸ) 1660 ਈ. |

ਪ੍ਰਸ਼ਨ 7. ਗੁਰੂ ਹਰਿਰਾਇ ਸਾਹਿਬ ਨੇ ਹਮਲਾ ਰੋਕਣ ਲਈ ਕਿੰਨੀ ਘੋੜ ਸਵਾਰ ਫੌਜ ਰੱਖੀ ਹੋਈ ਸੀ ?

| | |
|---|---|
| (ੳ) 1200 | (ਅ) 2200 |
| (ੲ) 2300 | (ਸ) 2500 |

ਪ੍ਰਸ਼ਨ 8. ਗੁਰੂ ਹਰਿਰਾਇ ਸਾਹਿਬ ਨੇ ਸੰਗਤਾਂ ਦੀ ਸਿਹਤ ਲਈ ਕੀ ਖੋਲ੍ਹਿਆ ?

| | |
|---|---|
| (ੳ) ਮੋਦੀਖ਼ਾਨਾ | (ਅ) ਦਵਾਖ਼ਾਨਾ |
| (ੲ) ਯਤੀਮਖ਼ਾਨਾ | (ਸ) ਨਾਨਕ ਹੱਟੀ |

ਪ੍ਰਸ਼ਨ 9. ਸ੍ਰੀ ਗੁਰੂ ਹਰਿਰਾਇ ਜੀ ਦਾ ਪ੍ਰਕਾਸ਼ ਕਦੋਂ ਹੋਇਆ

| | |
|---|---|
| (ੳ) 1640 ਈ: | (ਅ) 1620 ਈ: |
| (ੲ) 1630 ਈ: | (ਸ) 1610 ਈ: |

ਪ੍ਰਸ਼ਨ 10. ਗੁਰੂ ਹਰਿਰਾਇ ਸਾਹਿਬ ਜੋਤੀ-ਜੋਤਿ ਕਦੋਂ ਸਮਾਏ ?

| | |
|---|---|
| (ੳ) 1662 ਈ. | (ਅ) 1661 ਈ. |
| (ੲ) 1663 ਈ. | (ਸ) 1660 ਈ. |

ਪ੍ਰਸ਼ਨ 11. ਸ੍ਰੀ ਗੁਰੂ ਹਰਿਰਾਇ ਜੀ ਦਾ ਜਨਮ ਸਥਾਨ ਕਿੱਥੇ ਹੈ?

| | |
|---|---|
| (ੳ) ਅੰਮ੍ਰਿਤਸਰ ਸਾਹਿਬ | (ਅ) ਕੀਰਤਪੁਰ ਸਾਹਿਬ |
| (ੲ) ਕਰਤਾਰਪੁਰ ਸਾਹਿਬ | (ਸ) ਅਨੰਦਪੁਰ ਸਾਹਿਬ |

ਪ੍ਰਸ਼ਨ 12. ਸ੍ਰੀ ਗੁਰੂ ਹਰਿਰਾਇ ਜੀ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਰਿਸ਼ਤੇ ਵਜੋਂ ਕੀ ਲੱਗਦੇ ਸਨ?

(ੳ) ਦੋਹਤੇ (ਅ) ਭਾਣਜੇ

(ੲ) ਪੁੱਤਰ (ਸ) ਪੋਤਰੇ

ਪ੍ਰਸ਼ਨ 13. ਸ੍ਰੀ ਗੁਰੂ ਹਰਿਰਾਇ ਜੀ ਦੀ ਮਾਤਾ ਜੀ ਦਾ ਕੀ ਨਾਮ ਸੀ?

(ੳ) ਮਾਤਾ ਤ੍ਰਿਪਤਾ ਦੇਵੀ ਜੀ (ਅ) ਮਾਤਾ ਅਨੰਤੀ ਦੇਵੀ ਜੀ

(ੲ) ਮਾਤਾ ਸੁਲੱਖਣੀ ਜੀ (ਸ) ਮਾਤਾ ਨਾਨਕੀ ਜੀ

ਪ੍ਰਸ਼ਨ 14. ਸ੍ਰੀ ਗੁਰੂ ਹਰਿਰਾਇ ਜੀ ਦੇ ਵੱਡੇ ਭਰਾ ਦਾ ਕੀ ਨਾਮ ਸੀ?

(ੳ) ਬਾਬਾ ਧੀਰ ਮੱਲ (ਅ) ਬਾਬਾ ਸ੍ਰੀ ਚੰਦ ਜੀ

(ੲ) ਬਾਬਾ ਸੂਰਜ ਮੱਲ (ਸ) ਬਾਬਾ ਅਣੀ ਰਾਏ ਜੀ

ਪ੍ਰਸ਼ਨ 15. ਸ੍ਰੀ ਗੁਰੂ ਹਰਿਰਾਏ ਜੀ ਨੇ ਕਿਲ੍ਹੇ ਦੀ ਉਸਾਰੀ ਕਿੱਥੇ ਕਰਵਾਈ ?

(ੳ) ਕਰਤਾਰਪੁਰ (ਅ) ਅਲੀਗੜ੍ਹ

(ੲ) ਕੀਰਤਪੁਰ (ਸ) ਮੁਲਤਾਨ

ਪ੍ਰਸ਼ਨ 16. ਨਿਜਾਬਤ ਖਾਨ ਨੇ ਕਹਿਲੂਰ ਉੱਤੇ ਹਮਲਾ ਕਦੋਂ ਕੀਤਾ?

(ੳ) 1640 ਈ: (ਅ) 1641 ਈ:

(ੲ) 1650 ਈ: (ਸ) 1645 ਈ:

ਪ੍ਰਸ਼ਨ 17. ਸ਼ਾਹਜਹਾਂ ਦੇ ਵੱਡੇ ਸਪੁੱਤਰ ਦਾ ਨਾਮ ਕੀ ਸੀ?

(ੳ) ਦਾਰਾ ਸ਼ਿਕੋਹ (ਅ) ਧੀਰ ਮੱਲ

(ੲ) ਸੂਰਜਮੱਲ (ਸ) ਨਿਜਾਬਤ ਖਾਨ

ਪ੍ਰਸ਼ਨ 18. ਸ੍ਰੀ ਗੁਰੂ ਹਰਿਰਾਇ ਜੀ ਨੇ ਗੁਰਤਾਗੱਦੀ ਦਾ ਤਿਲਕ ਕਿਸ ਗੁਰੂ ਸਾਹਿਬਾਨ ਨੂੰ ਲਗਾਇਆ?

(ੳ) ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਅ) ਸ੍ਰੀ ਗੁਰੂ ਤੇਗ ਬਹਾਦਰ ਜੀ

(ੲ) ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ (ਸ) ਸ੍ਰੀ ਗੁਰੂ ਅਰਜਨ ਦੇਵ ਜੀ

ਪ੍ਰਸ਼ਨ 19. ਗੁਰੂ ਹਰਿਰਾਇ ਜੀ ਦੇ ਸਮੇਂ ਜਿਸ ਨਵਜੰਮ ਬੱਚੇ ਦੇ ਮੂੰਹ ਵਿੱਚ ਦੰਦ ਸਨ ਉਸ ਬੱਚੇ ਦਾ ਨਾਮ ਕੀ ਰੱਖਿਆ ਗਿਆ?

(ੳ) ਭਾਈ ਸੁਥਰਾ (ਅ) ਭਾਈ ਰਾਮਰਾਇ

(ੲ) ਭਾਈ ਦਇਆ ਸਿੰਘ (ਸ) ਭਾਈ ਫੇਰੂ

ਪ੍ਰਸ਼ਨ 20. ਸ੍ਰੀ ਗੁਰੂ ਹਰਿਰਾਇ ਜੀ ਨੂੰ ਦਿੱਲੀ ਆਉਣ ਦਾ ਸੱਦਾ ਕਿਸਨੇ ਭੇਜਿਆ?

(ੳ) ਅਕਬਰ (ਅ) ਬਾਬਰ

(ੲ) ਔਰੰਗਜੇਬ (ਸ) ਨਿਜ਼ਾਬਤ ਖਾਨ

**ਉੱਤਰ:-** 1.(ੲ), 2.(ੳ), 3.(ੳ), 4.(ੲ), 5.(ੲ), 6.(ਅ), 7.(ਅ), 8.(ਅ), 9.(ੲ), 10.(ਅ), 11.(ਅ), 12.(ਸ), 13.(ਅ), 14.(ੳ), 15.(ੲ),16. (ਸ),17. (ੳ),18.(ੲ),19. (ੳ), 20.(ੲ)

# ਸ੍ਰੀ ਗੁਰੂ ਹਰਿਕ੍ਰਿਸ਼ਨ ਜੀ



**ਜਨਮ:**

ਸਿੱਖਾਂ ਦੇ ਅਠਵੇਂ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ 7 ਜੁਲਾਈ, 1656 ਈ. ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ।

**ਮਾਤਾ ਪਿਤਾ:**

ਆਪ ਜੀ ਦੇ ਪਿਤਾ ਗੁਰੂ ਹਰਿਰਾਇ ਜੀ ਸਨ ਅਤੇ ਮਾਤਾ ਕ੍ਰਿਸ਼ਨ ਕੌਰ ਜੀ ਸਨ।ਮਾਤਾ ਕ੍ਰਿਸ਼ਨ ਕੌਰ ਜੀ ਨੂੰ ਕੋਟ ਕਲਿਆਣੀ ਅਤੇ ਸੁਲੱਖਣੀ ਨਾਵਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਕੀਰਤਪੁਰ ਸਾਹਿਬ ਵਿਖੇ ਛੇਵੇਂ ਗੁਰੂ, ਹਰਿਗੋਬਿੰਦ ਸਾਹਿਬ ਨੇ ਆਪਣੇ ਜੀਵਨ ਕਾਲ ਦੇ ਅੰਤਮ ਵਰ੍ਹੇ ਬਿਤਾਏ।ਇਸ ਅਸਥਾਨ ਤੇ ਅੱਜ ਗੁਰਦੁਆਰਾ ਸ਼ੀਸ਼ ਮਹਿਲ ਸੁਸ਼ੋਭਿਤ ਹੈ।ਇਸ ਮਹਿਲ ਵਿੱਚ ਗੁਰੂ ਹਰਿਕ੍ਰਿਸ਼ਨ ਦਾ ਜੀ ਪ੍ਰਕਾਸ਼ ਹੋਇਆ ਸੀ। ਆਪ ਦੇ ਪਿਤਾ ਗੁਰੂ ਹਰਿਰਾਇ ਜੀ ਦਾ ਪ੍ਰਕਾਸ਼ ਵੀ ਇਸੇ ਮਹਿਲ ਵਿੱਚ ਹੀ ਹੋਇਆ ਸੀ।ਗੁਰੂ ਹਰਿਕ੍ਰਿਸ਼ਨ ਜੀ ਗੁਰੂ ਹਰਿਰਾਇ ਜੀ ਦੇ ਛੋਟੇ ਸਪੁੱਤਰ ਸਨ।ਵੱਡਾ ਭਰਾ ਰਾਮਰਾਇ ਆਪ ਤੋਂ 10 ਸਾਲ ਵੱਡਾ ਸੀ।

**ਬਚਪਨ:**

ਆਪ ਦੇ ਜਨਮ ਸਮੇਂ ਹੀ ਗੁਰੂ ਹਰਿਰਾਇ ਜੀ ਨੇ ਕਹਿ ਦਿੱਤਾ ਸੀ ਕਿ ਜੋ ਕਾਰਜ ਇਹ ਬਾਲ ਕਰੇਗਾ ਉਹ ਹੋਰ ਕੋਈ ਨਹੀਂ ਕਰ ਸਕੇਗਾ। ਸਰੀਰਕ ਤੌਰ ਤੇ ਆਪ ਬਹੁਤ ਸੁੰਦਰ ਤੇ ਮਨਮੋਹਣੇ ਅਤੇ ਸੁਭਾਅ ਵਜੋਂ ਆਪ ਬੜੇ ਕੋਮਲ, ਧੀਰਜ ਰੱਖਣ ਵਾਲੇ ਅਤੇ ਸੰਵੇਦਨਸ਼ੀਲ ਸਨ।ਆਪ ਜੀ ਦੀ ਸਖਸ਼ੀਅਤ ਉਤੇ ਪਿਤਾ ਗੁਰੂ

ਹਰਿਰਾਇ ਜੀ ਦਾ ਬਹੁਤ ਪ੍ਰਭਾਵ ਸੀ। ਉਨ੍ਹਾਂ ਵਾਂਗ ਹੀ ਆਪ ਗੁਰੂ ਘਰ ਆਈ ਸੰਗਤ ਦੀ ਹੱਥੀਂ ਸੇਵਾ ਕਰਦੇ, ਪ੍ਰਸ਼ਾਦਾ ਛਕਾਉਂਦੇ। ਆਪ ਜੀ ਦੀ ਅੱਖਰੀ ਵਿੱਦਿਆ ਵੀ ਗੁਰੂ ਪਿਤਾ ਦੀ ਨਿਗਰਾਨੀ ਹੇਠ ਹੋਈ ਜੋ ਆਪ ਨੇ ਬੜੀ ਛੋਟੀ ਉਮਰ ਵਿੱਚ ਹੀ ਪ੍ਰਾਪਤ ਕਰ ਲਈ।

**ਦਵਾਖਾਨਾ:**

ਗੁਰੂ ਹਰਿਰਾਇ ਜੀ ਦੇ ਦਵਾਖਾਨੇ ਵਿੱਚੋਂ ਮਜ਼ਦੂਰ ਤੋਂ ਲੈ ਕੇ ਬਾਦਸ਼ਾਹ ਤੱਕ ਸਭ ਨੂੰ ਇੱਕ ਸਮਾਨ ਮੱਦਦ ਮਿਲਦੀ ਸੀ। ਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੇ ਵੀ ਇਹ ਕਾਰਜ ਇਸੇ ਤਰ੍ਹਾਂ ਚਲਾ ਕੇ ਰੱਖਿਆ। ਗੁਰੂ ਸਾਹਿਬ ਹਰ ਰੋਜ਼ ਦਵਾਖਾਨੇ ਜਾਂਦੇ ਤੇ ਰੋਗੀਆਂ ਨੂੰ ਦਵਾ ਅਤੇ ਅਸੀਸਾਂ ਦੇ ਕੇ ਰੋਗ ਦੂਰ ਕਰਦੇ। ਇਸ ਤਰ੍ਹਾਂ ਆਪ ਰੋਗੀਆਂ ਦਾ ਦਰਦ ਵੰਡਾਉਂਦੇ, ਸੇਵਾ ਕਰਦੇ ਤੇ ਲੋੜਵੰਦਾਂ ਨੂੰ ਦਵਾਖਾਨੇ ਵਿੱਚੋਂ ਮੁਫ਼ਤ ਦਵਾਈਆਂ ਵੀ ਦਿੰਦੇ।

**ਧੀਰ ਮੱਲ:**

ਰਾਜਸੀ ਹਲਾਤਾਂ ਦੀ ਆੜ ਵਿੱਚ ਗੁਰੂ ਹਰਿਰਾਇ ਜੀ ਦੇ ਵੱਡੇ ਭਰਾ ਧੀਰ ਮੱਲ ਨੇ ਗੁਰੂ ਹਰਿਰਾਇ ਜੀ ਦੁਆਰਾ ਦਾਰਾ ਸ਼ਿਕੋਹ ਦੀ ਮਦਦ ਕਰਨ ਕਰਕੇ ਔਰੰਗਜ਼ੇਬ ਦੇ ਕੰਨ ਭਰੇ ਅਤੇ ਗੁਰਗੱਦੀ ਉੱਤੇ ਆਪਣਾ ਹੱਕ ਜਤਾਂਦਿਆਂ ਉਸ ਕੋਲੋਂ ਮਦਦ ਮੰਗੀ। ਔਰੰਗਜ਼ੇਬ ਨੇ ਗੁਰੂ ਹਰਿਰਾਇ ਜੀ ਨੂੰ ਦਿੱਲੀ ਆਉਣ ਲਈ ਸੁਨੇਹਾ ਭੇਜਿਆ। ਗੁਰੂ ਸਾਹਿਬ ਨੇ ਸੰਗਤ ਨਾਲ ਸਲਾਹ ਕਰ ਕੇ ਔਰੰਗਜ਼ੇਬ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਨਾਂਹ ਸੁਣ ਕੇ ਔਰੰਗਜ਼ੇਬ ਬਹੁਤ ਔਖਾ ਹੋਇਆ। ਔਰੰਗਜ਼ੇਬ ਦੇ ਨਿਕਟਵਰਤੀ ਰਾਜਾ ਜੈ ਸਿੰਘ ਦੇ ਕਹਿਣ ਤੇ ਉਸ ਨੇ ਨਿਮਰਤਾ ਸਹਿਤ ਚਿੱਠੀ ਲਿਖੀ। ਚਿੱਠੀ ਮਿਲਣ ਤੇ ਗੁਰੂ ਜੀ ਨੇ ਫੇਰ ਸੰਗਤਾਂ ਨਾਲ ਸਲਾਹ ਕੀਤੀ ਅਤੇ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਇ, ਜਿਨ੍ਹਾਂ ਦੀ ਉਮਰ ਉਸ ਵੇਲੇ 11 ਸਾਲ ਸੀ, ਨੂੰ 14 ਕੁ ਘੋੜ ਸਵਾਰ ਦੇ ਕੇ ਦਿੱਲੀ ਭੇਜਿਆ।

**ਗੁਰਿਆਈ ਤੇ ਜਿੰਮੇਵਾਰੀਆਂ:**

ਆਪਣਾ ਅੰਤਮ ਸਮਾਂ ਨੇੜੇ ਆਇਆ ਜਾਣ ਕੇ ਗੁਰੂ ਹਰਿਰਾਇ ਜੀ ਨੇ ਸੰਗਤਾਂ ਦੇ ਭਾਰੀ ਇਕੱਠ ਵਿੱਚ ਸਿੰਘਾਸਣ ਤੋਂ ਉੱਠ ਕੇ ਹਰਿਕ੍ਰਿਸ਼ਨ ਜੀ ਨੂੰ ਸਿੰਘਾਸਣ ਤੇ ਬਿਠਾਇਆ ਸੰਗਤਾਂ ਨੂੰ ਹੁਕਮ ਕੀਤਾ ਕਿ ਹੁਣ ਤੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਹੋਣਗੇ। 6 ਅਕਤੂਬਰ ਸੰਨ 1661 ਈ. ਨੂੰ ਗੁਰੂ ਹਰਿਰਾਇ ਜੀ ਜੋਤੀ-ਜੋਤਿ ਸਮਾ ਗਏ ਅਤੇ ਗੁਰੂ ਹਰਿਕ੍ਰਿਸ਼ਨ ਜੀ ਨੇ ਗੁਰਗੱਦੀ ਦੀਆਂ ਜਿੰਮੇਵਾਰੀਆਂ ਨੂੰ ਸੰਭਾਲਿਆ। ਉਸ ਸਮੇਂ ਆਪ ਦੀ ਉਮਰ ਸਿਰਫ਼ ਸਵਾ ਪੰਜ ਸਾਲ ਦੀ ਸੀ। ਸਿੱਖਾਂ ਵਾਸਤੇ ਇਹ ਸਮਾਂ ਭਾਰੀ ਪਰਖ ਦਾ ਸਮਾਂ ਸੀ। ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਉਮਰ ਛੋਟੀ ਸੀ, ਚੁਣੌਤੀਆਂ ਬਹੁਤ ਸਨ। ਧੀਰਮਲ, ਰਾਮਰਾਇ ਵਰਗੇ ਦੁਸ਼ਮਣ ਬਣੇ ਹੋਏ ਸਨ।

ਸਵਾਰਥੀ ਮਸੰਦ ਪੈਸੇ ਦੇ ਲਾਲਚੀ ਹੋਏ ਫਿਰਦੇ ਸਨ। ਛੋਟੀ ਉਮਰ ਤੇ ਵੱਡੀ ਅਕਲ ਦੇ ਕਥਨ ਅਨੁਸਾਰ ਗੁਰੂ ਹਰਿਕ੍ਰਿਸ਼ਨ ਜੀ ਨੇ ਪਹਿਲੇ ਗੁਰੂ ਸਾਹਿਬਾਨ ਵਾਂਗ ਹੀ ਸਿੱਖ ਸਮਾਜ ਦੀ ਸਫ਼ਲਤਾ ਸਹਿਤ ਰਹਿਨੁਮਾਈ ਕੀਤੀ ਅਤੇ ਗੁਰਗੱਦੀ ਦੀਆਂ ਜ਼ਿੰਮੇਵਾਰੀਆਂ ਨੂੰ ਬਾਖ਼ੂਬੀ ਨਿਭਾਇਆ। ਪਹਿਲਾਂ ਦੀ ਤਰ੍ਹਾਂ ਹੀ ਝਾਲਰਾਂ ਵਾਲਾ ਚੰਦੋਆ ਸੱਜਦਾ, ਦੀਵਾਨ ਲਗਦੇ, ਕੀਰਤਨ ਦੀਆਂ ਧੁਨੀਆਂ ਗੂੰਜਦੀਆਂ, ਗੁਰਬਾਣੀ ਦੀ ਕਥਾ ਹੁੰਦੀ, ਲੰਗਰ ਵਰਤਦਾ। ਗੁਰੂ ਹਰਿਰਾਇ ਜੀ ਦੇ ਦਰਬਾਰ ਦੇ 2200 ਘੋੜ ਸਵਾਰ ਉਸੇ ਤਰ੍ਹਾਂ ਕਾਇਮ ਸਨ ਜੋ ਗੁਰੂ ਦਰਬਾਰ ਵਿਚ ਥਾਂ-ਥਾਂ ਪਹਿਰਾ ਦਿੰਦੇ। ਗੁਰੂ ਹਰਿਕ੍ਰਿਸ਼ਨ ਜੀ ਦੇ ਵਿਅਕਤਿਤਵ ਉੱਤੇ ਗੁਰੂ ਹਰਿਰਾਇ ਜੀ ਦਾ ਪੂਰਾ ਪ੍ਰਭਾਵ ਸੀ। ਉਹ ਗੁਰੂ ਪਿਤਾ ਵਾਂਗ ਹੀ ਕੋਮਲ ਹਿਰਦੇ ਵਾਲੇ ਸਨ। ਮਿੱਠਾ ਬੋਲਦੇ, ਪਸ਼ੂ ਪੰਛੀਆਂ ਨਾਲ ਪਿਆਰ ਕਰਦੇ, ਦੀਨਾ ਦੁਖੀਆਂ ਦੇ ਦਰਦ ਵੰਡਾਉਂਦੇ, ਸਮਦ੍ਰਿਸ਼ਟੀ ਰੱਖਦੇ, ਸਭ ਨਾਲ ਇੱਕੋ ਜਿਹਾ ਪਿਆਰ ਕਰਦੇ ਸਨ।

**ਦਿੱਲੀ ਜਾਣਾ:**

ਔਰੰਗਜੇਬ ਵੱਲੋਂ ਸੱਦੇ ਤੇ ਰਾਜਾ ਜੈ ਸਿੰਘ ਦੀ ਚਿੱਠੀ ਮਿਲਣ ਤੋਂ ਅਗਲੇ ਹੀ ਦਿਨ ਗੁਰੂ ਜੀ ਦੀ ਦਿੱਲੀ ਜਾਣ ਦੀ ਤਿਆਰੀ ਹੋ ਗਈ। ਮਾਤਾ ਕ੍ਰਿਸ਼ਨ ਕੌਰ, ਭਾਈ ਮਨੀ ਸਿੰਘ, ਭਾਈ ਦਿਆਲਾ, ਭਾਈ ਸਤੀ ਦਾਸ, ਭਾਈ ਦਰਗਾਹ ਮੱਲ ਆਦਿ ਮੋਢੀ ਸਿੱਖ ਅਤੇ ਬਹੁਤ ਸਾਰੀ ਸੰਗਤ ਵੀ ਨਾਲ ਤਿਆਰ ਹੋ ਪਈ। ਰੋਪੜ, ਕੁਰਾਲੀ, ਖਰੜ, ਬਨੂੜ ਅਦਿ ਥਾਵਾਂ ਤੇ ਪੜਾਅ ਕਰਦੇ ਹੋਏ ਸਾਰਾ ਕਾਫ਼ਲਾ ਅੰਬਾਲੇ ਦੇ ਪਿੰਡ ਪੰਜੋਖਰਾ ਪਹੁੰਚਿਆ। ਕਸ਼ਮੀਰ ਤੋਂ ਆ ਰਹੀ ਸੰਗਤ ਦੀ ਖ਼ਬਰ ਸੁਣ ਕੇ ਗੁਰੂ ਜੀ ਇੱਥੇ ਦੋ ਕੁ ਦਿਨ ਲਈ ਰੁਕ ਗਏ।

**ਬ੍ਰਾਹਮਣ ਲਾਲ ਚੰਦ ਦਾ ਹੰਕਾਰ ਤੋੜਨਾ:**

ਪੰਜੋਖਰੇ ਵਿੱਚ ਪੰਡਿਤ ਲਾਲ ਚੰਦ ਨਾਮ ਦੇ ਵਿੱਦਿਆ ਦੇ ਅਭਿਮਾਨੀ ਬ੍ਰਾਹਮਣ ਦਾ ਹੰਕਾਰ ਇਕ ਸਿਧਰੇ ਇਨਸਾਨ ਛੱਜੂ ਰਾਮ ਤੋ ਤੁੜਵਾਇਆ। ਪੰਡਿਤ ਨੇ ਗੀਤਾ ਦੇ ਔਖੇ ਤੋਂ ਔਖੇ ਸਲੋਕਾਂ ਦੇ ਅਰਥ ਪੁੱਛੇ ਜੋ ਛੱਜੂ ਨੇ ਫਟਾ ਫਟ ਸੁਣਾ ਦਿੱਤੇ। ਲਾਲ ਚੰਦ ਦਾ ਹੰਕਾਰ ਟੁੱਟ ਗਿਆ। ਗੁਰੂ ਜੀ ਦੇ ਚਰਨੀਂ ਢਹਿ ਪਿਆ ਤੇ ਲੱਗਾ ਮਾਫ਼ੀਆਂ ਮੰਗਣ। ਇਸ ਥਾਂ ਤੇ ਅੱਜਕਲ੍ਹ ਗੁਰਦੁਆਰਾ ਪੰਜੋਖਰਾ ਸਾਹਿਬ ਸੁਸ਼ੋਭਿਤ ਹੈ।

**ਰਾਜਾ ਜੈ ਸਿੰਘ ਕੋਲ:**

ਗੁਰੂ ਸਾਹਿਬ ਪੰਜੋਖਰਾ ਤੋਂ ਅੰਬਾਲਾ, ਸ਼ਾਹਬਾਦ, ਕੁਰੂਕਸ਼ੇਤਰ, ਪਾਨੀਪਤ, ਸੋਨੀਪਤ ਹੁੰਦੇ ਹੋਏ ਦਿੱਲੀ ਪਹੁੰਚੇ। ਦਿੱਲੀ ਪਹੁੰਚਣ ਤੇ ਅਥਾਹ ਸੰਗਤਾਂ ਨੇ ਗੁਰੂ ਜੀ ਦਾ ਸੁਆਗਤ ਕੀਤਾ। ਰਾਜਾ ਜੈ ਸਿੰਘ ਅੱਗੋਂ ਲੈਣ ਆਇਆ ਅਤੇ ਗੁਰੂ ਜੀ ਦਾ

ਉਤਾਰਾ ਆਪਣੇ ਬੰਗਲੇ ਵਿੱਚ ਕਰਾਇਆ। ਗੁਰੂ ਜੀ ਸਭ ਦੂਸਰੀਆ ਔਰਤਾਂ ਜੋ ਰਾਣੀ ਵਾਂਗ ਹੀ ਤਿਆਰ ਹੋ ਕੇ ਬੈਠੀਆ ਸਨ, ਸਭ ਨੂੰ ਛੱਡ ਕੇ ਰਾਣੀ ਦੀ ਗੋਦ ਵਿੱਚ ਜਾ ਕੇ ਬੈਠ ਗਏ। ਰਾਣੀ ਦੀਆਂ ਅੱਖਾਂ ਵਿੱਚ ਸ਼ਰਧਾ ਦੇ ਹੰਝੂ ਆ ਗਏ। ਇਸ ਥਾਂ ਤੇ ਅੱਜ ਕਲ੍ਹ ਗੁਰਦੁਆਰਾ ਬੰਗਲਾ ਸਾਹਿਬ ਸ਼ੁਸ਼ੋਭਿਤ ਹੈ।

**ਗੁਰੂ ਜੀ ਦਾ ਔਰੰਗਜ਼ੇਬ ਨੂੰ ਮਿਲਣ ਤੋਂ ਇਨਕਾਰ:**

ਔਰੰਗਜ਼ੇਬ ਗੁਰੂ ਜੀ ਨੂੰ ਮਿਲਣ ਦਾ ਚਾਹਵਾਨ ਸੀ। ਪਰੰਤੂ ਗੁਰੂ ਜੀ ਨੇ ਦਰਸ਼ਨ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਬਾਦਸ਼ਾਹ ਨੇ ਆਪਣੇ ਵੱਡੇ ਪੁੱਤਰ ਮੁਅੱਜ਼ਮ ਨੂੰ ਕਈ ਤਰ੍ਹਾਂ ਦੇ ਤੋਹਫ਼ੇ ਦੇ ਕੇ ਗੁਰੂ ਜੀ ਕੋਲ ਭੇਜਿਆ।

**ਗੁਰੂ ਤੇਗ ਬਹਾਦਰ ਜੀ ਨਾਲ ਮਿਲਾਪ:**

ਗੁਰੂ ਤੇਗ ਬਹਾਦਰ ਜੀ ਪੂਰਬ ਦੀ ਯਾਤਰਾ ਤੇ ਸਨ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਹਨ ਤਾਂ ਉਹ ਵੀ ਦਿੱਲੀ ਆ ਗਏ ਤੇ ਤਿੰਨ ਦਿਨ ਗੁਰੂ ਹਰਿਕ੍ਰਿਸ਼ਨ ਜੀ ਕੋਲ ਰਾਜਾ ਜੈ ਸਿੰਘ ਦੀ ਹਵੇਲੀ ਵਿੱਚ ਰਹੇ। ਇਹ ਗੁਰੂ ਹਰਿਕ੍ਰਿਸ਼ਨ ਸਾਹਿਬ ਨਾਲ ਆਪ ਦਾ ਪਹਿਲਾ ਤੇ ਅਖੀਰਲਾ ਮਿਲਾਪ ਸੀ।

**ਸੇਵਾ:**

ਜਦੋਂ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਪਹੁੰਚੇ ਸਨ, ਉਦੋਂ ਦਿੱਲੀ ਵਿੱਚ ਚੇਚਕ ਅਤੇ ਹੈਜ਼ੇ ਦੀ ਬੀਮਾਰੀ ਫੈਲ ਕੇ ਮਹਾਂਮਾਰੀ ਦਾ ਰੂਪ ਧਾਰਨ ਕਰ ਚੁੱਕੀ ਸੀ। ਇਸ ਨੂੰ ਛੂਤ ਦੀ ਬੀਮਾਰੀ ਕਿਹਾ ਜਾਂਦਾ ਹੈ। ਗੁਰੂ ਹਰਿਕ੍ਰਿਸ਼ਨ ਜੀ ਨੇ ਇਸ ਮਹਾਂਮਾਰੀ ਤੋਂ ਲੋਕਾਂ ਨੂੰ ਬਚਾਉਣ ਲਈ ਦਸਵੰਧ ਦਾ ਬਹੁਤ ਸਾਰਾ ਹਿੱਸਾ ਰੋਗੀਆਂ ਦੀ ਸੇਵਾ ਤੇ ਲਗਾਉਣਾ ਸ਼ੁਰੂ ਕਰ ਦਿੱਤਾ। ਲੋੜਵੰਦਾਂ ਨੂੰ ਦਵਾਈਆਂ, ਕੱਪੜੇ ਅਤੇ ਖਾਣ ਪੀਣ ਦੀਆਂ ਵਸਤਾਂ ਵੰਡਦੇ। ਬੀਮਾਰੀ ਨਾਲ ਬਹੁਤ ਸਾਰੀਆਂ ਮੌਤਾਂ ਵੀ ਹੋ ਰਹੀਆਂ ਸਨ। ਗੁਰੂ ਜੀ ਉਨ੍ਹਾਂ ਦੇ ਸਸਕਾਰ ਦਾ ਪ੍ਰਬੰਧ ਵੀ ਕਰਾਉਂਦੇ। ਜ਼ਿਆਦਾ ਘਬਰਾਏ ਹੋਏ ਲੋਕਾਂ ਨੂੰ ਢਾਰਸ ਦੇਣ ਲਈ ਗੁਰੂ ਸਾਹਿਬ ਆਪ ਉਨ੍ਹਾਂ ਇਲਾਕਿਆਂ ਵਿੱਚ ਜਾਂਦੇ ਜਿਥੇ ਚੇਚਕ ਦਾ ਪੂਰਾ ਜ਼ੋਰ ਸੀ। ਘਰੋ-ਘਰੀ ਜਾ ਕੇ ਰੋਗੀਆਂ ਨੂੰ ਦਵਾਈਆਂ ਆਦਿ ਦੇ ਕੇ ਉਨ੍ਹਾਂ ਦੇ ਰੋਗ ਦਾ ਨਿਵਾਰਣ ਕਰਦੇ।

**ਅੰਤਮ ਸਮਾਂ:**

ਗੁਰੂ ਜੀ ਉਸ ਵੇਲੇ ਸਰੀਰਕ ਤੌਰ ਤੇ ਬੱਚੇ ਹੀ ਸਨ, ਲਗਭਗ ਅੱਠ ਸਾਲ ਦੀ ਉਮਰ ਸੀ। ਚੇਚਕ ਦੀ ਬੀਮਾਰੀ ਆਮ ਕਰਕੇ ਬੱਚਿਆਂ ਨੂੰ ਹੁੰਦੀ ਹੈ। ਗੁਰੂ ਜੀ ਨੇ ਆਪਣੀ ਪਰਵਾਹ ਨਹੀਂ ਕੀਤੀ ਤੇ ਲਗਾਤਾਰ ਚੇਚਕ ਰੋਗੀਆਂ ਦੀ ਸੇਵਾ ਵਿੱਚ ਲੱਗੇ ਰਹੇ। ਰੋਗੀਆਂ ਦੇ ਲਗਾਤਾਰ ਸੰਪਰਕ ਵਿੱਚ ਰਹਿਣ ਕਾਰਨ ਆਪ ਨੂੰ ਵੀ ਚੇਚਕ ਦੀ ਭਿਆਨਕ ਬਿਮਾਰੀ ਨੇ ਘੇਰ ਲਿਆ।

**ਗੁਰਿਆਈ ਦਾ ਐਲਾਨ ਤੇ ਜੋਤੀ-ਜੋਤਿ:**

ਅੰਤਮ ਸਮਾਂ ਨੇੜੇ ਆਇਆ ਦੇਖ ਕੇ ਆਪ ਸੰਗਤਾਂ ਨੂੰ ਹੁਕਮ ਕੀਤਾ 'ਬਾਬਾ ਬਕਾਲੇ' ਜਿਸ ਦਾ ਭਾਵ ਸੀ ਕਿ ਸਾਡੇ ਤੋਂ ਪਿੱਛੋਂ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਣ ਵਾਲਾ ਮਹਾਂਪੁਰਖ ਬਕਾਲੇ ਵਿੱਚ ਹੈ ਅਤੇ ਰਿਸ਼ਤੇ ਵਜੋਂ ਸਾਡਾ ਬਾਬਾ ਹੈ। ਅਤੇ ਮਾਰਚ 1664 ਈ ਨੂੰ ਆਪ ਜੋਤੀ-ਜੋਤਿ ਸਮਾ ਗਏ। ਜਮਨਾ ਕਿਨਾਰੇ ਜਿਸ ਥਾਂ ਤੇ ਆਪ ਜੀ ਦਾ ਸਸਕਾਰ ਕੀਤਾ ਗਿਆ ਉੱਥੇ ਗੁਰਦੁਆਰਾ ਬਾਲਾ ਸਾਹਿਬ ਸੁਸ਼ੋਭਿਤ ਹੈ।

**ਉਪਦੇਸ਼/ ਸੰਦੇਸ਼:**

ਗੁਰੂ ਹਰਕ੍ਰਿਸ਼ਨ ਸਾਹਿਬ ਦੇ ਜੀਵਨ ਵਿੱਚੋਂ ਸੇਵਾ ਦਾ ਸੰਕਲਪ ਸਾਹਮਣੇ ਆਉਂਦਾ ਹੈ। ਉਨ੍ਹਾਂ ਨੇ ਇੰਨੀ ਛੋਟੀ ਉਮਰ ਵਿੱਚ ਦੀਨ ਦੁਖੀਆਂ ਦੀ ਸੇਵਾ ਕਰ ਇਕ ਵੱਡੀ ਮਿਸਾਲ ਪੈਦਾ ਕੀਤੀ। ਗੁਰੂ ਸਾਹਿਬ ਨੇ ਰੋਗੀਆਂ ਦਾ ਦਰਦ ਵੰਡਾਉਂਦੇ, ਸੇਵਾ ਕਰਦੇ ਹੋਏ ਆਪਣੀ ਜਾਨ ਦੀ ਪ੍ਰਵਾਹ ਵੀ ਨਹੀਂ ਕੀਤੀ। ਇਸ ਤਰ੍ਹਾਂ ਸੇਵਾ ਅਤੇ ਸਮਰਪਣ ਦੀ ਮੂਰਤ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਸਮੁੱਚੀ ਮਾਨਵਤਾ ਨੂੰ ਲੋਕ ਕਲਿਆਣ ਅਤੇ ਨਿਰਸਵਾਰਥ ਸੇਵਾ ਭਾਵਨਾ ਦਾ ਸੰਦੇਸ਼ ਦਿੱਤਾ।

## ਪ੍ਰਸ਼ਨੋਤਰੀ

ਪ੍ਰਸ਼ਨ 1. ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਪਿਤਾ ਜੀ ਕੌਣ ਸਨ?

(ੳ) ਗੁਰੂ ਹਰਿਗੋਬਿੰਦ ਜੀ (ਅ) ਗੁਰੂ ਹਰਿਰਾਇ ਜੀ
(ੲ) ਗੁਰਦਿੱਤਾ ਜੀ (ਸ) ਰਾਮਰਾਇ ਜੀ

ਪ੍ਰਸ਼ਨ 2. ਕਿਸ ਰਾਜੇ ਦੇ ਕਹਿਣ 'ਤੇ ਗੁਰੂ ਸਾਹਿਬ ਦਿੱਲੀ ਗਏ ?

(ੳ) ਰਾਜਾ ਰਾਮ ਸਿੰਘ (ਅ) ਰਾਜਾ ਜੈ ਸਿੰਘ
(ੲ) ਰਾਜਾ ਸ਼ਿਵਨਾਭ (ਸ) ਰਾਜਾ ਬੀਰਬਲ

ਪ੍ਰਸ਼ਨ 3. ਔਰੰਗਜ਼ੇਬ ਦੇ ਦਰਬਾਰ ਵਿੱਚ ਕੌਣ ਗਿਆ ਸੀ ?

(ੳ) ਰਾਮਰਾਇ (ਅ) ਗੁਰੂ ਹਰਿਕ੍ਰਿਸ਼ਨ ਜੀ
(ੲ) ਧੀਰ ਮੱਲ (ਸ) ਅਣੀ ਰਾਇ

ਪ੍ਰਸ਼ਨ 4. ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਕਦੋਂ ਗੁਰਗੱਦੀ ਸੰਭਾਲੀ ?

(ੳ) 1662 ਈ. (ਅ) 1661 ਈ.
(ੲ) 1663 ਈ. (ਸ) 1660 ਈ.

ਪ੍ਰਸ਼ਨ 5. ਗੁਰੂ ਹਰਿਕ੍ਰਿਸ਼ਨ ਜੀ ਨੇ ਕਿਸ ਅਭਿਮਾਨੀ ਬ੍ਰਾਹਮਣ ਦਾ ਹੰਕਾਰ ਤੋੜਿਆ ?

| | |
|---|---|
| (ੳ) ਦੁਨੀ ਚੰਦ | (ਅ) ਲਾਲ ਚੰਦ |
| (ੲ) ਮੋਹਕਮ ਚੰਦ | (ਸ) ਹਰੀ ਚੰਦ |

ਪ੍ਰਸ਼ਨ 6. ਦਿੱਲੀ ਵਿਖੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਕਿਹੜਾ ਗੁਰਦੁਆਰਾ ਸੁਸ਼ੋਭਿਤ ਹੈ ?

| | |
|---|---|
| (ੳ) ਸੀਸ ਗੰਜ | (ਅ) ਬੰਗਲਾ ਸਾਹਿਬ |
| (ੲ) ਮਜਨੂੰ ਦਾ ਟਿੱਲਾ | (ਸ) ਰਕਾਬ ਗੰਜ ਸਾਹਿਬ |

ਪ੍ਰਸ਼ਨ 7. ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਕਿਨ੍ਹਾਂ ਰੋਗੀਆਂ ਦੀ ਸੇਵਾ ਕੀਤੀ ?

| | |
|---|---|
| (ੳ) ਕੋਹੜੀ | (ਅ) ਤਪਦਿਕ |
| (ੲ) ਚੇਚਕ | (ਸ) ਅਪਾਹਿਜ |

ਪ੍ਰਸ਼ਨ 8. ਅੰਤਿਮ ਸਮੇਂ ਗੁਰੂ ਸਾਹਿਬ ਨੂੰ ਕਿਸ ਬਿਮਾਰੀ ਨੇ ਆ ਘੇਰਿਆ ?

| | |
|---|---|
| (ੳ) ਚੇਚਕ | (ਅ) ਤਪਦਿਕ |
| (ੲ) ਬੁਖ਼ਾਰ | (ਸ) ਕੋਈ ਨਹੀਂ |

ਪ੍ਰਸ਼ਨ 9. ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ ਕਦੋਂ ਹੋਇਆ?

| | |
|---|---|
| (ੳ) 1652 ਈ: | (ਅ) 1660 ਈ: |
| (ੲ) 1656 ਈ: | (ਸ) 1650 ਈ: |

ਪ੍ਰਸ਼ਨ 10. ਗੁਰੂ ਹਰਿਕ੍ਰਿਸ਼ਨ ਜੀ ਨੇ ਕਿਸ ਨੂੰ ਵਿਦਵਾਨ ਬਣਾਇਆ ?

| | |
|---|---|
| (ੳ) ਭਾਈ ਦਿਆਲਾ ਜੀ | (ਅ) ਦਰਗਾਹ ਮੱਲ |
| (ੲ) ਛੱਜੂ ਰਾਮ | (ਸ) ਸੂਰਜ ਮੱਲ |

ਪ੍ਰਸ਼ਨ 11. ਅੱਠਵੇਂ ਗੁਰੂ ਸਾਹਿਬ ਕਦੋਂ ਜੋਤੀ-ਜੋਤਿ ਸਮਾਏ ?

| | |
|---|---|
| (ੳ) 1664 ਈ. | (ਅ) 1665 ਈ. |
| (ੲ) 1666 ਈ. | (ਸ) 1660 ਈ. |

ਪ੍ਰਸ਼ਨ 12. ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਜਿੱਥੇ ਬ੍ਰਾਹਮਣ ਲਾਲ ਚੰਦ ਦਾ ਹੰਕਾਰ ਤੋੜਿਆ ਉੱਥੇ ਅੱਜ-ਕੱਲ੍ਹ ਕਿਹੜਾ ਗੁਰਦੁਵਾਰਾ ਸੁਸ਼ੋਭਿਤ ਹੈ?

(ੳ) ਬੰਗਲਾ ਸਾਹਿਬ | (ਅ) ਸੀਸ ਗੰਜ਼ ਸਾਹਿਬ
(ੲ) ਰਕਾਬ ਗੰਜ ਸਾਹਿਬ | (ਸ) ਪੰਜੋਖਰਾ ਸਾਹਿਬ

ਪ੍ਰਸ਼ਨ 13. ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਸਸਕਾਰ ਕਿਸ ਨਦੀ ਦੇ ਕਿਨਾਰੇ ਕੀਤਾ ਗਿਆ?

(ੳ) ਗੰਗਾ ਨਦੀ | (ਅ) ਸਰਸਵਤੀ ਨਦੀ
(ੲ) ਜਮਨਾ ਨਦੀ | (ਸ) ਰਾਵੀ ਨਦੀ

ਪ੍ਰਸ਼ਨ 14. ਸ੍ਰੀ ਗੁਰੂ ਹਰਿਕ੍ਰਿਸ਼ਨ ਦਾ ਮਿਲਾਪ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਕਿਸ ਦੀ ਹਵੇਲੀ ਵਿੱਚ ਹੋਇਆ?

(ੳ) ਲਾਲ ਚੰਦ | (ਅ) ਸੂਰਜ ਮੱਲ
(ੲ) ਛੱਜੂ ਰਾਮ | (ਸ) ਜੈ ਸਿੰਘ

ਪ੍ਰਸ਼ਨ 15. ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਜਦੋਂ ਗੁਰਗੱਦੀ ਸੰਭਾਲੀ ਉਸ ਸਮੇਂ ਉਨ੍ਹਾਂ ਦੀ ਉਮਰ ਕਿੰਨੀ ਸੀ?

(ੳ) ਚਾਰ | (ਅ) ਦਸ
(ੲ) ਪੰਜ | (ਸ) ਸੱਤ

ਪ੍ਰਸ਼ਨ 16. ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਮਾਤਾ ਦਾ ਕੀ ਨਾਮ ਸੀ?

(ੳ) ਮਾਤਾ ਕ੍ਰਿਸ਼ਨ ਕੌਰ | (ਅ) ਮਾਤਾ ਸਾਹਿਬ ਕੌਰ
(ੲ) ਮਾਤਾ ਗੰਗਾ ਜੀ | (ਸ) ਮਾਤਾ ਦਯਾ ਕੌਰ

ਪ੍ਰਸ਼ਨ 17. ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਵੱਡੇ ਭਰਾ ਦਾ ਕੀ ਨਾਮ ਸੀ?

(ੳ) ਰਵੀਦਾਸ | (ਅ) ਹਰਿਰਾਇ
(ੲ) ਰਾਮਰਾਇ | (ਸ) ਗੁਰਦਿੱਤਾ

ਪ੍ਰਸ਼ਨ 18. ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਕਿਸਨੂੰ ਮਿਲਣ ਤੋਂ ਇਨਕਾਰ ਕੀਤਾ?

(ੳ) ਛੱਜੂ ਰਾਮ | (ਅ) ਅਕਬਰ
(ੲ) ਔਰੰਗਜ਼ੇਬ | (ਸ) ਜੈ ਸਿੰਘ

ਪ੍ਰਸ਼ਨ 19. ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਜੋਤੀ-ਜੋਤਿ ਸਮਾਉਣ ਸਮੇਂ ਕਿੰਨੀ ਉਮਰ ਦੇ ਸਨ ?

(ੳ) ਪੰਜ (ਅ) ਚਾਰ

(ੲ) ਤਿੰਨ (ਸ)ਅੱਠ

ਪ੍ਰਸ਼ਨ 20. ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਜਿੱਥੇ ਜੋਤੀ-ਜੋਤਿ ਸਮਾਏ ਉੱਥੇ ਅੱਜ-ਕੱਲ੍ਹ ਕਿਹੜਾ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ?

(ੳ) ਬਾਲਾ ਸਾਹਿਬ (ਅ) ਸੀਸ ਗੰਜ

(ੲ) ਬੰਗਲਾ ਸਾਹਿਬ (ਸ) ਰਕਾਬ ਗੰਜ

**ਉੱਤਰ:-** 1.(ਅ), 2.(ਅ), 3.(ੳ), 4.(ਅ), 5.(ਅ), 6(ਅ), 7.(ੲ), 8.(ੳ), 9.(ੲ), 10.(ੲ),11.(ੳ), 12.(ਸ), 13.(ੲ), 14.(ਸ), 15.(ੲ), 16.(ੳ),17.(ੲ), 18.(ੲ), 19.(ਸ), 20.(ੳ)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ



**ਜਨਮ:**

ਗੁਰੂ ਤੇਗ ਬਹਾਦਰ ਸਾਹਿਬ ਜੀ ਸਿੱਖ ਧਰਮ ਦੇ ਨੌਂਵੇ ਗੁਰੂ ਹੋਏ ਹਨ। ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ 1621 ਈ: ਨੂੰ ਗੁਰੂ ਕੇ ਮਹਿਲ, ਅੰਮ੍ਰਿਤਸਰ ਵਿਖੇ ਹੋਇਆ।

**ਮਾਤਾ ਪਿਤਾ:**

ਮਾਤਾ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਿਤਾ ਗੁਰੂ ਹਰਿਗੋਬਿੰਦ ਜੀ ਸਨ ਅਤੇ ਮਾਤਾ ਨਾਨਕੀ ਜੀ ਸਨ। ਆਪ ਗੁਰੂ ਹਰਿਗੋਬਿੰਦ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ।

**ਸਿੱਖਿਆ:**

ਆਪ ਜੀ ਦੀ ਸਿੱਖਿਆ ਵਾਸਤੇ ਪਿਤਾ ਗੁਰੂ ਨੇ ਦੋ ਮਹਾਨ ਸਿੱਖ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਨਿਯੁਕਤ ਕੀਤਾ। ਭਾਈ ਗੁਰਦਾਸ ਜੀ ਨੇ ਧਰਮਾਂ ਦੇ ਦਾਰਸ਼ਨਿਕ ਪੱਖਾਂ ਦਾ ਅਧਿਐਨ ਕਰਾਉਂਦਿਆਂ ਹੋਇਆਂ ਹੋਰ ਭਾਸ਼ਾਵਾਂ ਜਿਵੇਂ ਫ਼ਾਰਸੀ, ਸੰਸਕ੍ਰਿਤ, ਬ੍ਰਜ ਦੇ ਵਿੱਚ ਵੀ ਪ੍ਰਬੀਨ ਕਰ ਦਿੱਤਾ। ਸੈਨਿਕ ਗੁਣਾਂ ਅਤੇ ਜੰਗੀ ਹੁਨਰਾਂ ਵਾਲੀ ਨਿਪੁੰਨਤਾ ਆਪ ਜੀ ਨੂੰ ਬਾਬਾ ਬੁੱਢਾ ਜੀ ਪਾਸੋਂ ਪ੍ਰਾਪਤ ਹੋਈ।

**ਤਿਆਗ ਮੱਲ ਤੋਂ ਤੇਗ ਬਹਾਦਰ:**

ਕਰਤਾਰਪੁਰ ਦੀ ਜੰਗ ਵਿੱਚ ਆਪ ਜੀ ਨੇ 14 ਸਾਲ ਦੀ ਉਮਰ ਵਿੱਚ ਮੁਗਲਾਂ ਦਾ ਡਟ ਕੇ ਮੁਕਾਬਲਾ ਕੀਤਾ, ਸਿੱਖ ਰਵਾਇਤ ਅਨੁਸਾਰ ਇਸ ਯੁੱਧ ਤੋਂ ਬਾਅਦ ਹੀ ਆਪ ਜੀ ਦਾ ਨਾਮ ਤੇਗ ਬਹਾਦਰ ਰੱਖਿਆ ਗਿਆ। ਇਸ ਤੋਂ ਪਹਿਲਾਂ

ਆਪ ਜੀ ਦਾ ਮੁਢਲਾ ਨਾਮ ਤਿਆਗ ਮੱਲ ਸੀ। ਗੁਰੂ ਹਰਿਗੋਬਿੰਦ ਜੀ ਆਪ ਜੀ ਦੀ ਬਹਾਦਰੀ ਤੋਂ ਬਹੁਤ ਖੁਸ਼ ਹੋਏ।

**ਵਿਆਹ:**

ਲਖਨੌਰ ਦੇ ਲਾਲ ਚੰਦ ਜੀ ਨੇ ਆਪਣੀ ਲੜਕੀ ਦੇ ਰਿਸ਼ਤੇ ਵਾਸਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬੇਨਤੀ ਕੀਤੀ। ਗੁਰੂ ਜੀ ਨੇ ਰਿਸ਼ਤਾ ਪ੍ਰਵਾਨ ਕਰ ਲਿਆ ਤੇ ਗੁਰੂ ਤੇਗ ਬਹਾਦਰ ਜੀ ਦਾ ਵਿਆਹ ਮਾਤਾ ਗੁਜਰੀ ਜੀ ਦੇ ਨਾਲ 1633 ਈ: ਵਿੱਚ ਕਰਤਾਰਪੁਰ ਸਾਹਿਬ ਵਿਖੇ ਹੋਇਆ।

**ਬਾਬਾ ਬਕਾਲਾ:**

1664 ਈਸਵੀ ਨੂੰ ਅੱਠਵੇਂ ਗੁਰੂ ਸਾਹਿਬ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਗੁਰਿਆਈ ਦੇ ਵਾਰਸ ਲਈ 'ਬਾਬਾ ਬਕਾਲੇ' ਬੋਲ ਇਸ਼ਾਰਾ ਕਰ ਗਏ ਕਿ ਅਗਲਾ ਗੱਦੀ-ਨਸ਼ੀਨ ਹੁਣ ਬਕਾਲੇ ਵਿਚ ਹੈ। ਉਨ੍ਹਾਂ ਆਪਣੇ ਸਿੱਖ ਪ੍ਰੇਮੀ ਦੁਰਗਾ ਮੱਲ ਜੀ ਨੂੰ ਇਕ ਨਾਰੀਅਲ ਅਤੇ ਪੰਜ ਪੈਸੇ ਦੇ ਕੇ ਬਕਾਲੇ ਭੇਜਿਆ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਇੰਨ੍ਹਾਂ ਬੋਲਾਂ ਨਾਲ ਬੇਸ਼ਕ ਨੌਵੇਂ ਗੁਰੂ ਦੀ ਚੋਣ ਹੋ ਗਈ ਪਰ ਜਿਸ ਤਰ੍ਹਾਂ ਹੀ 'ਬਾਬਾ ਬਕਾਲੇ' ਦੇ ਦੈਵੀ ਬੋਲਿਆਂ ਦੀ ਖ਼ਬਰ ਸਿੱਖ ਸੰਗਤ ਦੇ ਕੰਨੀ ਪਈ। ਸਿੱਖ ਬਕਾਲੇ ਵੱਲ ਜਾਣ ਲੱਗੇ। ਇਸ ਦੇ ਨਾਲ ਹੀ ਗੁਰਿਆਈ ਦੇ ਦਾਅਵੇਦਾਰ ਸੋਢੀ ਪਰਿਵਾਰਾਂ ਨੇ ਬਕਾਲੇ ਆ ਡੇਰੇ ਜਮਾ ਲਏ ਤੇ ਆਪਣੇ ਆਪ ਨੂੰ ਨਾਨਕ ਗੁਰਿਆਈ ਦੇ ਵਾਰਸ ਸਿੱਧ ਕਰਨਾ ਸ਼ੁਰੂ ਕਰ ਦਿੱਤਾ। ਜਿਨ੍ਹਾਂ ਵਿੱਚੋਂ ਸਭ ਤੋਂ ਵੱਧ ਦਾਅਵੇਦਾਰ ਧੀਰਮੱਲ ਸੀ, ਉਸ ਦਾ ਦਾਅਵਾ ਇਸ ਕਰਕੇ ਵੀ ਮਜ਼ਬੂਤ ਸੀ ਕਿਉਂਕਿ 'ਆਦਿ ਬੀੜ' ਦਾ ਪਵਿੱਤਰ ਸਰੂਪ ਉਸ ਪਾਸ ਸੀ। ਸਿੱਖ ਸੰਗਤਾਂ ਸਾਹਮਣੇ ਵੱਡਾ ਸੰਕਟ ਪੈਦਾ ਹੋ ਗਿਆ। ਹੁਣ ਗੁਰਿਆਈ ਦੇ ਅਸਲੀ ਹੱਕਦਾਰ ਦਾ ਨਿਰਣਾ ਕਿਵੇਂ ਹੋਵੇ, ਕਿਸੇ ਨੂੰ ਪਤਾ ਨਹੀਂ ਸੀ। ਤੇਗ ਬਹਾਦਰ ਸਾਹਿਬ ਇਸ ਸਾਰੇ ਤੋਂ ਨਿਰਲੇਪ ਭੋਰੇ ਵਿੱਚ ਬੈਠ ਪ੍ਰਭੂ ਸਿਮਰਨ ਵਿੱਚ ਲੀਨ ਰਹਿੰਦੇ ਸਨ।

**ਮੱਖਣ ਸ਼ਾਹ ਲਬਾਣਾ:**

ਮੱਖਣ ਸ਼ਾਹ ਇਕ ਅਮੀਰ ਵਪਾਰੀ ਸੀ ਜਿਸ ਦਾ ਵਪਾਰ ਦੇਸ਼ ਵਿਦੇਸ਼ ਵਿੱਚ ਸੀ। ਸਮੁੰਦਰੀ ਜਹਾਜ਼ਾਂ ਦਾ ਵੱਡਾ ਬੇੜਾ ਉਸ ਦੀ ਨਿੱਜੀ ਮਲਕੀਅਤ ਸੀ। ਇਕ ਵਾਰ ਜਦ ਇਹ ਵਪਾਰ ਕਰ ਵਾਪਸ ਹਿੰਦੁਸਤਾਨ ਵੱਲ ਪਰਤ ਰਿਹਾ ਸੀ ਤਾਂ ਉਸ ਦਾ ਬੇੜਾ ਤੁਫਾਨ ਵਿੱਚ ਫਸ ਗਿਆ। ਬਚਣ ਦੀ ਕੋਈ ਉਮੀਦ ਜਦ ਬਾਕੀ ਨਾ ਰਹੀ ਤਦ ਉਸ ਨੇ ਗੱਲ ਪੱਲਾ ਪਾ ਗੁਰੂ ਪਾਤਸ਼ਾਹ ਅੱਗੇ ਬੇਨਤੀ ਕੀਤੀ ਕਿ ਜੇਕਰ ਜਹਾਜ ਬੰਨੇ ਲੱਗ ਜਾਵੇ ਤੇ ਉਹ ਨਾਨਕ ਘਰ ਨੂੰ ਪੰਜ ਸੌ ਮੋਹਰਾਂ ਭੇਟ ਕਰੇਗਾ। ਬਖ਼ਸ਼ਿਸ਼ ਹੋਈ ਜਹਾਜ ਬੰਨੇ ਲਗਾ। ਮੱਖਣ ਸ਼ਾਹ ਸਿੱਧਾ 'ਬਕਾਲੇ' ਆ ਪਹੁੰਚਿਆ ਪਰ ਇੱਥੋਂ ਦਾ ਮਹੌਲ ਵੇਖ ਹੈਰਾਨ ਰਹਿ ਗਿਆ। ਇਕ ਤੋਂ ਬਾਅਦ ਇਕ ਬਾਈ ਮੰਜੀਆਂ ਲਗਾ ਪੂਜਾ ਕਰਵਾ ਰਹੇ ਸਨ। ਉਸਨੇ ਸੋਚਿਆ ਤੇ ਹਰੇਕ ਅੱਗੇ ਪੰਜ ਮੋਹਰਾਂ

ਧਰ ਨਤਮਸਤਕ ਹੋਣ ਲੱਗਾ ਇਹ ਸੋਚ ਜਿਹੜਾ ਅਸਲੀ ਹੋਵੇਗਾ ਉਹ ਬਾਕੀ ਮੋਹਰਾਂ ਆਪ ਮੰਗ ਲਵੇਗਾ ਪਰ ਕਿਸੇ ਨੇ ਵੀ ਨਾ ਮੰਗੀਆਂ। ਬੇਵਸੀ ਦਾ ਆਲਮ ਸੀ ਤੇ ਬੇਵਸੀ ਦੇ ਆਲਮ ਵਿੱਚ ਮੱਖਣ ਸ਼ਾਹ ਕੋਲ ਹੱਥ ਮਲਣ ਤੋਂ ਸਿਵਾਏ ਬਚਿਆ ਹੀ ਕੀ ਸੀ। ਮੱਖਣ ਸ਼ਾਹ ਨੇ ਕਿਸੇ ਕੋਲੋਂ ਹੋਰ ਗੁਰੂ ਜੀ ਬਾਰੇ ਪੁੱਛਿਆ, ਉਸ ਨੇ ਇਸ਼ਾਰਾ ਭੋਰੇ ਵੱਲ ਕੀਤਾ। ਉਹੀ ਪ੍ਰਕਿਰਿਆ ਦੁਹਰਾਈ ਮੋਹਰਾਂ ਰੱਖੀਆਂ, ਆਸ ਨਾਲ 'ਤੇਗ ਬਹਾਦਰ' ਵੱਲ ਵੇਖਿਆ। ਸਾਹਮਣੇ ਤੋਂ ਨਾ ਅੱਖ ਖੋਹਲੀ ਨਾ ਹੀ ਕੁਝ ਬੋਲ ਕੰਨੀ ਪਏ। ਉਦਾਸ ਹੋ ਵਾਪਸ ਮੁੜਿਆ ਪਰ ਉਸੇ ਸਮੇਂ ਇਕ ਆਵਾਜ ਕੰਨੀ ਪਈ 'ਸ਼ਾਹ ਜੀ ਪੰਜ ਕਿ ਪੰਜ ਸੌ' ਕੰਨਾਂ ਵਿੱਚ ਮਿਸ਼ਰੀ ਢਲ ਗਈ, ਅੱਖਾਂ ਵਿੱਚੋਂ ਨੀਰ ਵਹਿਣ ਲੱਗਾ ਤੇ ਭੌਰੇ ਦੀ ਛੱਤ ਤੇ ਚੜ ਪੱਲੂ ਫੇਰਨਾ ਸ਼ੁਰੂ ਕਰ ਦਿੱਤਾ। ਲੋਕ ਇੱਕ ਹੀ ਆਵਾਜ਼ ਸੁਣ ਰਹੇ ਸਨ,'ਗੁਰੂ ਲਾਧੋ ਰੇ, ਗੁਰੂ ਲਾਧੋ ਰੇ'। ਸੰਗਤਾਂ ਭੱਜ ਤੁਰੀਆਂ ਤੇ ਭੋਰੇ ਦੇ ਸਾਹਮਣੇ ਤਿਲ ਸੁਟਣ ਨੂੰ ਵੀ ਥਾਂ ਨਾ ਬਚੀ।

**ਗੁਰਿਆਈ:**

ਦੀਵਾਨ ਦੁਰਗਾ ਮੱਲ, ਭਾਈ ਗੁਰਦਿਤਾ, ਮਾਤਾ ਨਾਨਕੀ, ਗੁਜਰੀ ਜੀ ਤੇ ਸਮੁੱਚੀ ਸਾਧ ਸੰਗਤ ਖੁਸ਼ੀ ਚ' ਝੂਮ ਰਹੀ ਸੀ ਤੇ ਮੱਖਣ ਸ਼ਾਹ ਲਬਾਣਾ ਅਜੇ ਵੀ 'ਗੁਰੂ ਲਾਧੋ ਰੇ' ਦੇ ਬੋਲਾਂ ਨਾਲ ਭੋਰੇ ਤੋਂ ਠੰਡ ਪਾ ਰਿਹਾ ਸੀ ਸਭ ਦੇ ਹਿਰਦਿਆਂ ਵਿੱਚ ਪਾਤਸ਼ਾਹ ਬਾਹਰ ਆਏ, ਮੱਖਣ ਸ਼ਾਹ ਨੂੰ ਫੁਰਮਾਨ ਕੀਤਾ ਸ਼ਾਹ ਜੀ ਆ ਜਾਓ ਤੁਹਾਡੀ ਸੇਵਾ ਸੰਪੂਰਨ ਹੋਈ। ਮਾਤਾ ਨਾਨਕੀ ਜੀ ਨੇ ਇਸ਼ਾਰਾ ਕੀਤਾ, ਦੀਵਾਨ ਦੁਰਗਾ ਮਲ ਜੀ ਉੱਠੇ, ਹੱਥ ਵਿਚ ਨਾਰੀਅਲ, ਪੰਜ ਪੈਸੇ ਭਾਈ ਗੁਰਦਿਤਾ ਜੀ ਵੱਲ ਵੇਖਿਆ, ਬੋਲੇ ਸੇਵਾ ਨਿਭਾਓ ਜੀ। ਗੁਰਿਆਈ ਦਾ ਟਿੱਕਾ ਭਾਈ ਗੁਰਦਿਤਾ ਜੀ ਨੇ ਲਾਇਆ ਤੇ ਨੌਵੇਂ ਪਾਤਸ਼ਾਹ ਸਨ ਹੁਣ 'ਸ੍ਰੀ ਗੁਰੂ ਤੇਗ ਬਹਾਦਰ ਜੀ'।

**ਗੁਰੂ ਸਾਹਿਬ ਜੀ ਦੀਆਂ ਪ੍ਰਚਾਰ ਯਾਤਰਾਵਾਂ ਦਾ ਅਰੰਭ:**

ਗੁਰਗੱਦੀ ਪ੍ਰਾਪਤੀ ਉਪਰੰਤ ਗੁਰੂ ਜੀ ਨੇ ਬਾਬੇ ਬਕਾਲੇ ਤੋਂ ਸਿੱਖੀ ਦਾ ਪ੍ਰਚਾਰ ਯਾਤਰਾਵਾਂ ਦੁਆਰਾ ਕਰਨ ਦਾ ਫੈਸਲਾ ਕੀਤਾ। ਇੱਥੋਂ ਖਡੂਰ ਸਾਹਿਬ, ਗੋਇੰਦਵਾਲ ਅਤੇ ਤਰਨਤਾਰਨ ਹੁੰਦੇ ਹੋਏ ਆਪ ਜੀ ਅੰਮ੍ਰਿਤਸਰ ਗਏ ਜਿੱਥੇ ਕਿ ਹਰਿਮੰਦਰ ਸਾਹਿਬ ਵਿਖੇ ਪ੍ਰਿਥੀ ਚੰਦ ਦਾ ਘਰਾਣਾ ਕਾਬਜ਼ ਸੀ। ਉਨ੍ਹਾਂ ਨੇ ਗੁਰੂ ਜੀ ਨੂੰ ਅੰਦਰ ਵੜਨ ਨਾ ਦਿੱਤਾ। ਇੱਥੋਂ ਗੁਰੂ ਜੀ ਕੀਰਤਪੁਰ ਸਾਹਿਬ ਨੂੰ ਚਲੇ ਗਏ ਤੇ ਰਸਤੇ ਵਿੱਚ ਕਈ ਥਾਵਾਂ ਤੇ ਸਿੱਖੀ ਦਾ ਬੂਟਾ ਲਾਉਂਦੇ ਗਏ।ਗੁਰੂ ਜੀ ਕੀਰਤਪੁਰ ਸਾਹਿਬ ਵਿਖੇ ਪਹੁੰਚੇ ਅਤੇ ਗੁਰੂ ਜੀ ਇੱਥੇ ਕੁਝ ਸਮਾਂ ਰੁਕੇ। ਸਿੱਖ ਰਵਾਇਤ ਅਨੁਸਾਰ ਗੁਰੂ ਸਾਹਿਬ ਨੇ ਦੋ ਪਿੰਡ ਮੁੱਲ ਲਏ, ਇਨ੍ਹਾਂ ਦਾ ਨਾਮ ਮਾਖੋਵਾਲ ਤੇ ਮਥੌਰ ਸੀ। ਇਹ ਦੋਵੇਂ ਪਿੰਡ ਮੁਸਲਮਾਨ ਭਰਾਵਾਂ ਨੇ ਆਬਾਦ ਕੀਤੇ ਸਨ।

**ਚੱਕ ਨਾਨਕੀ / ਅਨੰਦਪੁਰ ਵਸਾਉਣਾ:**

ਗੁਰੂ ਤੇਗ ਬਹਾਦਰ ਜੀ ਨੇ ਬਹੁਤ ਹੀ ਸੋਚ ਵਿਚਾਰ ਦੇ ਨਾਲ ਇਸ ਨਗਰ ਦੀ

ਸਥਾਪਨਾ ਕੀਤੀ। ਇੱਕ ਤਾਂ ਇਹ ਜਗ੍ਹਾ ਪ੍ਰਸਿੱਧ ਨੈਣਾਂ ਦੇਵੀ ਮੰਦਿਰ ਦੇ ਨਜ਼ਦੀਕ ਸੀ। ਦੂਸਰਾ ਕੀਰਤਪੁਰ ਸਾਹਿਬ ਤੋਂ ੪ ਕੁ ਕਿਲੋਮੀਟਰ ਦੀ ਦੂਰੀ ਤੇ ਸੀ ਜਿੱਥੇ ਕਿ ਗੁਰੂ ਪਰਿਵਾਰ ਰਹਿ ਰਿਹਾ ਸੀ। ਪਹਾੜੀਆਂ ਦੀ ਰਮਣੀਕ ਜਗ੍ਹਾ ਤੇ ਸਤਲੁਜ ਦੇ ਕਿਨਾਰੇ ਤੇ ਹੋਣ ਕਾਰਨ ਗੁਰੂ ਜੀ ਨੇ ਇੱਥੇ ਨਗਰ ਦੀ ਸਥਾਪਨਾ ਕੀਤੀ ਤੇ ਇਸ ਨਗਰ ਦਾ ਨਾਮ ਮਾਤਾ ਨਾਨਕੀ ਜੀ ਦੀ ਯਾਦ ਵਿੱਚ ''ਚੱਕ ਨਾਨਕੀ'' ਰੱਖ ਦਿੱਤਾ। ਚੱਕ ਨਾਨਕੀ ਨਗਰ ਵਿੱਚ ਥੋੜ੍ਹੇ ਸਮੇਂ ਵਿੱਚ ਹੀ ਰੌਣਕਾਂ ਲੱਗ ਗਈਆਂ। ਭਾਈ ਸੰਤੋਖ ਸਿੰਘ ਅਨੁਸਾਰ ਇੱਕ ਦਿਨ ਗੁਰੂ ਤੇਗ਼ ਬਹਾਦਰ ਜੀ ਨੇ ਚੱਕ ਨਾਨਕੀ ਦੇ ਦੋਵਾਂ ਪਾਸਿਆਂ ਵੱਲ ਵੇਖਿਆ, ਇੱਕ ਪਾਸੇ ਪਹਾੜਾਂ ਦੀ ਸ਼੍ਰੇਣੀ ਪੱਥਰਾਂ ਸਣੇ ਫੈਲੀ ਹੋਈ ਸੀ। ਦੂਜੇ ਪਾਸੇ ਸਤਲੁਜ ਦਰਿਆ ਦਾ ਸੁੰਦਰ ਨਜ਼ਾਰਾ ਅਨੰਦ ਵੇਖਿਆ। ਇਹ ਜਗ੍ਹਾ ਅਨੰਦਮਈ ਹੋਣ ਕਰਕੇ ਗੁਰੂ ਜੀ ਨੇ ਇਸ ਜਗ੍ਹਾ ਦਾ ਨਾਮ 'ਅਨੰਦਪੁਰ' ਰੱਖ ਦਿੱਤਾ।

**ਮੌਜੂਦਾ ਪੰਜਾਬ, ਹਰਿਆਣਾ ਵਿੱਚ ਪ੍ਰਚਾਰ ਯਾਤਰਾ:**

ਅਨੰਦਪੁਰ ਸਾਹਿਬ ਨਗਰ ਵਸਾ ਕੇ ਗੁਰੂ ਜੀ ਇਸ ਤੋਂ ਬਾਅਦ ਸਿੱਖੀ ਪ੍ਰਚਾਰ ਦਾ ਦੂਸਰਾ ਪੜਾਅ ਸ਼ੁਰੂ ਕੀਤਾ। ਗੁਰੂ ਜੀ ਦੀ ਇਹ ਪ੍ਰਚਾਰ ਯਾਤਰਾ ਮਾਲਵੇ ਵੱਲ ਨੂੰ ਸੀ। ਡਾ. ਕਿਰਪਾਲ ਸਿੰਘ ਅਨੁਸਾਰ ਪੰਜਾਬ ਵਿੱਚ ਅਨੰਦਪੁਰ ਸਾਹਿਬ ਤੋਂ ਚੱਲ ਕੇ ਗੁਰੂ ਜੀ ਨੇ ਰੋਪੜ, ਫਤਹਿਗੜ੍ਹ ਸਾਹਿਬ, ਪਟਿਆਲਾ, ਸੰਗਰੂਰ, ਬਰਨਾਲਾ, ਮਾਨਸਾ, ਬਠਿੰਡਾ ਦੇ ਪਿੰਡਾਂ ਵਿੱਚ ਪ੍ਰਚਾਰ ਕੀਤਾ। ਤਲਵੰਡੀ ਸਾਬੋ (ਬਠਿੰਡਾ) ਤੋਂ ਗੁਰੂ ਜੀ ਧਮਧਾਨ ਸਾਹਿਬ (ਜੀਂਦ) ਵਿੱਚ ਪਹੁੰਚ ਗਏ। ਧਮਧਾਨ ਸਾਹਿਬ ਤੋਂ ਕੈਥਲ, ਕੁਰੂਕਸ਼ੇਤਰ, ਥਾਨੇਸਰ ਹੁੰਦੇ ਹੋਏ ਪੂਰਬ ਵੱਲ ਚਲੇ ਗਏ।

**ਪੂਰਬ ਵੱਲ ਪ੍ਰਚਾਰ ਯਾਤਰਾ:**


ਗੁਰੂ ਜੀ ਦਾ ਪ੍ਰਚਾਰ ਖੇਤਰ ਪੂਰਬ ਇਲਾਕਾ ਸੀ। ਗੁਰੂ ਜੀ ਕੜਾ ਮਾਣਕਪੁਰ ਪਹੁੰਚੇ, ਜੋ ਅੱਜ ਦੇ ਉੱਤਰ ਪ੍ਰਦੇਸ਼ ਦਾ ਪ੍ਰਮੁੱਖ ਸ਼ਹਿਰ ਹੈ। ਇਸ ਇਲਾਕੇ ਨੂੰ ਭਾਗ ਲਾਉਂਦੇ ਹੋਏ ਗੁਰੂ ਜੀ ਮਥੁਰਾ, ਅਯੁੱਧਿਆ ਹੁੰਦੇ ਹੋਏ ਇਲਾਹਾਬਾਦ ਪਹੁੰਚੇ। ਅੱਗੇ ਪ੍ਰਯਾਗ ਤੋਂ ਕਾਸ਼ੀ (ਬਨਾਰਸ) ਪਹੁੰਚ ਗਏ। ਕਾਸ਼ੀ ਤੋਂ ਗੁਰੂ ਜੀ ਸਸਰਾਮ ਪਹੁੰਚੇ। ਸਸਰਾਮ ਤੋਂ ਗੰਗਾ ਕਿਨਾਰੇ ਬਣੇ ਹਿੰਦੂਆਂ ਦੇ ਬਹੁਤ ਪਵਿੱਤਰ ਅਸਥਾਨ ਗਯਾ ਜੀ ਪਹੁੰਚੇ। ਗੁਰੂ ਪਾਤਸ਼ਾਹ ਜੀ ਨੇ ਇੱਥੋਂ ਦੇ ਪੰਡਤਾਂ ਨਾਲ ਪਰਵਚਨ ਰਚਾਏ ਅਤੇ ਉਨ੍ਹਾਂ ਦੇ ਪਖੰਡਾਂ ਬਾਰੇ ਲੋਕਾਂ ਨੂੰ ਸਮਝਾਇਆ ਕਿ ਮੁਕਤੀ ਦਾ ਇਕੋ ਇਕ ਰਸਤਾ 'ਨਾਮ ਸਿਮਰਨ' ਹੈ। ਗੁਰੂ ਜੀ ਗਯਾ ਚੱਲ ਕੇ ਪਟਨਾ ਸਾਹਿਬ ਪਹੁੰਚੇ। ਪਟਨਾ ਸਾਹਿਬ ਗੁਰੂ ਜੀ ਦੋ ਮਹੀਨੇ ਰਹੇ। ਪਟਨਾ ਸਾਹਿਬ ਤੋਂ ਅੱਗੇ, ਮੁੰਗੇਰ, ਭਾਗਲਪੁਰ, ਮਾਲਦਾ ਹੁੰਦੇ ਹੋਏ ਗੁਰੂ ਜੀ ਢਾਕੇ ਪਹੁੰਚੇ। ਔਰੰਗਜ਼ੇਬ ਨੇ ਮੀਰ ਜੁਮਲਾ ਨੂੰ ਆਸਾਮ ਤੇ ਕਬਜ਼ਾ ਕਰਨ ਲਈ ਭੇਜਿਆ। ਮੀਰ ਜੁਮਲਾ ਆਸਾਮ ਦੇ ਵਿੱਚ ਮਾਰਿਆ ਜਾਂਦਾ ਹੈ। ਆਸਾਮ ਨਾ ਜਿੱਤਣ ਦਾ ਕਾਰਨ ਉੱਥੋਂ ਦੀਆਂ ਜਾਦੂਗਰ ਔਰਤਾਂ ਸਨ ਜੋ ਕਿ ਜਾਦੂ, ਮੰਤਰ, ਟੂਣੇ ਆਦਿ ਵਿੱਚ ਮਾਹਰ ਸਨ। ਔਰੰਗਜ਼ੇਬ ਇਸ ਹਾਰ ਦਾ ਬਦਲਾ ਲੈਣ

ਲਈ ਰਾਜਾ ਰਾਮ ਸਿੰਘ ਨੂੰ ਫੌਜ ਲੈ ਕੇ ਆਸਾਮ ਜਾਣ ਦੇ ਲਈ ਕਹਿੰਦਾ ਹੈ। ਰਾਮ ਸਿੰਘ ਗੁਰੂ ਤੇਗ ਬਹਾਦਰ ਜੀ ਨੂੰ ਬਹੁਤ ਪਿਆਰ ਤੇ ਸਤਿਕਾਰ ਨਾਲ ਆਪਣੇ ਨਾਲ ਆਸਾਮ ਜਾਣ ਦੇ ਲਈ ਬੇਨਤੀ ਕਰਦਾ ਹੈ। ਗੁਰੂ ਜੀ ਨੇ ਸੋਚਿਆ ਕਿ ਨਾਲ ਚੱਲਣਾ ਚਾਹੀਦਾ ਹੈ, ਨਾਲੇ ਉੱਥੇ ਸਿੱਖੀ ਦਾ ਪ੍ਰਚਾਰ ਹੋ ਜਾਵੇਗਾ। ਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਵਰੋਸਾਏ ਅਸਾਮੀ ਇਲਾਕੇ ਧੁਬੜੀ ਜਾਣ ਦਾ ਮਨ ਪਹਿਲਾਂ ਹੀ ਬਣਾਇਆ ਹੋਇਆ ਸੀ। ਰਾਜਾ ਰਾਮ ਸਿੰਘ ਨੇ ਔਰੰਗਜ਼ੇਬ ਨੂੰ ਕਿਹਾ ਕਿ ਉਹ ਆਸਾਮ ਦੀ ਮੁਹਿੰਮ ਤੇ ਗੁਰੂ ਤੇਗ ਬਹਾਦਰ ਜੀ ਨੂੰ ਨਾਲ ਲੈ ਕੇ ਜਾਣਾ ਚਾਹੁੰਦਾ ਹੈ। ਹੁਣ ਉਹ ਪਟਨੇ ਵੱਲ ਹਨ ਤੇ ਮੈਂ ਉਨ੍ਹਾਂ ਨੂੰ ਪਟਨੇ ਵਿੱਚ ਮਿਲ ਲਵਾਂਗਾ। ਉਥੇ ਪਹੁੰਚ ਗੁਰੂ ਜੀ ਨੇ ਕਾਮਰੂਪ ਦੇ ਰਾਜੇ ਨੂੰ ਸਮਝਾਇਆ ਤੇ ਰਾਜਾ ਰਾਮ ਸਿੰਘ ਨੂੰ ਫੌਜਾਂ ਤੋਂ ਬਿਨਾ ਉੱਥੇ ਬੁਲਾ ਕੇ ਸੁਲ੍ਹਾ ਕਰਵਾ ਦਿੱਤੀ।


**ਅਨੰਦਪੁਰ ਸਾਹਿਬ ਵਾਪਸੀ:**

ਇਸ ਤੋਂ ਉਪਰੰਤ ਗੁਰੂ ਜੀ ਫਿਰ ਵਾਪਸ ਲਖਨੌਰ ਆ ਗਏ, ਇੱਥੋਂ ਦਿੱਲੀ ਗਏ ਤੇ ਰਾਜਾ ਰਾਮ ਸਿੰਘ ਦੇ ਪਰਿਵਾਰ ਨੂੰ ਭਰੋਸਾ ਦਿਵਾਇਆ ਕਿ ਰਾਜਾ ਠੀਕ ਠਾਕ ਹੈ ਤੇ ਜਿੱਤ ਕੇ ਵਾਪਸ ਆ ਰਿਹਾ ਹੈ। ਔਰੰਗਜ਼ੇਬ ਨੂੰ ਯਕੀਨ ਹੋ ਗਿਆ ਕਿ ਜ਼ਰੂਰ ਗੁਰੂ ਤੇਗ ਬਹਾਦਰ ਜੀ 'ਚ ਕੋਈ ਸ਼ਕਤੀ ਹੈ ਜਿਹੜਾ ਆਸਾਮ ਦੇ ਰਾਜੇ ਨਾਲ ਗੁਰੂ ਜੀ ਨੇ ਸਮਝੌਤਾ ਕਰਾ ਦਿੱਤਾ। ਉਹ ਗੁਰੂ ਜੀ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਸੀ। ਇਸ ਕਾਰਨ ਉਸਨੇ ਗੁਰੂ ਜੀ ਉੱਤੇ ਸਖ਼ਤ ਨਿਗਰਾਨੀ ਕਰ ਦਿੱਤੀ। ਇੱਧਰ ਗੁਰੂ ਜੀ ਅਨੰਦਪੁਰ ਸਾਹਿਬ ਵਿਖੇ ਆ ਗਏ। ਗੁਰੂ ਜੀ ਦਾ ਪਰਿਵਾਰ ਪਟਨਾ ਸਾਹਿਬ ਤੋਂ ਚੱਲ ਕੇ ਲਖਨੌਰ ਆ ਗਿਆ ਸੀ। ਗੁਰੂ ਜੀ ਨੇ ਸੁਨੇਹਾ ਭੇਜ ਕੇ ਪਰਿਵਾਰ ਨੂੰ ਵੀ ਅਨੰਦਪੁਰ ਸਾਹਿਬ ਵਿਖੇ ਬੁਲਾ ਲਿਆ।


**ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਯਾਤਰਾਵਾਂ ( ਪੜਾਅ ਪਹਿਲਾ)**



## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਯਾਤਰਾਵਾਂ ( ਦੂਸਰਾ ਪੜਾਅ)




## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪੂਰਬ ਦੀ ਯਾਤਰਾ




**ਕਸ਼ਮੀਰੀ ਪੰਡਿਤਾਂ ਦੀ ਫ਼ਰਿਆਦ ਸੁਣਨਾ:**

ਬਾਦਸ਼ਾਹ ਔਰੰਗਜ਼ੇਬ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਰਿਹਾ ਸੀ। ਜੇਕਰ ਕੋਈ ਵੀ ਹਿੰਦੂ ਮੁਸਲਮਾਨ ਬਣਨ ਤੋਂ ਇਨਕਾਰ ਕਰਦਾ ਸੀ ਤਾਂ ਉਸ ਦੀ ਸਜ਼ਾ ਮੌਤ ਸੀ। ਕਸ਼ਮੀਰੀ ਪੰਡਿਤਾਂ ਨੂੰ ਬੁਲਾਇਆ ਗਿਆ ਤੇ ਉਨ੍ਹਾਂ ਨੂੰ ਕਿਹਾ ਕਿ ਬਾਦਸ਼ਾਹ ਦਾ ਹੁਕਮ ਹੈ ਕਿ ਸਾਰੇ ਕਸ਼ਮੀਰੀ ਪੰਡਿਤ ਮੁਸਲਮਾਨ ਬਣਾ ਦਿੱਤੇ ਜਾਣ ਅਤੇ ਜੇਕਰ ਇਹ ਨਾ ਮੰਨਣ ਤਾਂ ਇਨ੍ਹਾਂ ਨੂੰ ਸਖ਼ਤੀ ਨਾਲ ਮੁਸਲਮਾਨ ਬਣਾਇਆ ਜਾਵੇ। ਕਸ਼ਮੀਰੀ ਪੰਡਿਤਾਂ ਨੇ ਸੋਚਿਆ ਕਿ ਹੁਣ ਕੀ ਕੀਤਾ ਜਾਵੇ। ਕਿਸੇ ਨੇ ਸਲਾਹ ਦਿੱਤੀ, ਹੁਣ ਇਸ ਵੇਲੇ ਤੁਹਾਡੀ ਮਦਦ, ਗੁਰੂ ਤੇਗ ਬਹਾਦਰ ਜੀ ਹੀ ਕਰ ਸਕਦੇ ਹਨ। ਕਸ਼ਮੀਰੀ ਪੰਡਿਤਾਂ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਬਾਦਸ਼ਾਹ ਔਰੰਗਜ਼ੇਬ ਸਾਨੂੰ ਧੱਕੇ ਨਾਲ ਮੁਸਲਮਾਨ ਬਣਾ ਕੇ ਸਾਡਾ ਧਰਮ ਤਬਦੀਲ ਕਰ ਰਿਹਾ ਹੈ। ਤੁਸੀਂ ਸਾਡੀ ਮਦਦ ਕਰੋ। ਗੁਰੂ ਤੇਗ ਬਹਾਦਰ ਜੀ ਨੇ ਸੋਚ-ਵਿਚਾਰ ਤੇ ਗੋਬਿੰਦ ਰਾਏ ਜੀ ਨਾਲ ਵਿਚਾਰ ਚਰਚਾ ਤੋਂ ਬਾਅਦ ਬੜੇ ਹੌਂਸਲੇ ਵਾਲੀ ਸਲਾਹ ਦਿੱਤੀ ਤੇ ਪੰਡਿਤਾਂ ਨੂੰ ਕਿਹਾ ਕਿ 'ਜਾਉ, ਜਾ ਕੇ ਔਰੰਗਜ਼ੇਬ ਨੂੰ ਕਹਿ ਦੇਵੋ ਕਿ ਜੇ ਗੁਰੂ ਤੇਗ ਬਹਾਦਰ ਮੁਸਲਮਾਨ ਬਣ ਜਾਣ ਤਾਂ ਕਸ਼ਮੀਰੀ ਪੰਡਿਤ ਆਪ ਹੀ ਮੁਸਲਮਾਨ ਬਣ ਜਾਣਗੇ।'

### ਗੁਰਿਆਈ ਤੇ ਦਿੱਲੀ ਵੱਲ ਚਾਲੇ:

ਗੁਰੂ ਜੀ ਗੋਬਿੰਦ ਰਾਏ ਨੂੰ ਗੁਰਗੱਦੀ ਦੇ ਕੇ ਆਪ ਦਿੱਲੀ ਵੱਲ ਨੂੰ ਚੱਲ ਪਏ। ਉਨ੍ਹਾਂ ਦੇ ਨਾਲ ਤਿੰਨ ਸਿੱਖ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਨਾਲ ਗਏ। ਲੱਗਭਗ 4 ਮਹੀਨਿਆਂ ਦੇ ਸਮੇਂ ਦੇ ਸਫ਼ਰ ਤੋਂ ਬਾਅਦ ਗੁਰੂ ਜੀ ਦਿੱਲੀ ਪੁੱਜੇ।

### ਸ਼ਹਾਦਤ:

ਦਿੱਲੀ ਵਿਖੇ ਗੁਰੂ ਜੀ ਨੂੰ ਇਸਲਾਮ ਕਬੂਲ ਕਰਾਉਣ ਦੇ ਲਈ ਔਰੰਗਜ਼ੇਬ ਨੇ ਹਰ ਹੀਲਾ ਵਰਤਿਆ। ਗੁਰੂ ਜੀ ਦੇ ਸਾਹਮਣੇ ਤਿੰਨ ਸਿੱਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਨੂੰ ਸਖ਼ਤ ਤਸੀਹੇ ਦੇ ਕੇ ਸ਼ਹੀਦ ਕੀਤਾ। ਨਾ ਹੀ ਗੁਰੂ ਜੀ ਡੋਲੇ ਤੇ ਨਾ ਹੀ ਉਨ੍ਹਾਂ ਦੇ ਸਿੱਖ। ਉਸ ਅਕਾਲ ਪੁਰਖ ਦੇ ਭਾਣੇ ਨੂੰ ਸਵੀਕਾਰ ਕੀਤਾ। ਗੁਰੂ ਜੀ ਨੂੰ ਇਸਲਾਮ ਕਬੂਲ ਨਾ ਕਰਵਾ ਸਕਣ ਤੇ ਅਖੀਰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਗੁਰੂ ਜੀ ਦਾ ਸੀਸ ਧੜ ਤੋਂ ਅਲੱਗ ਕਰ ਕੇ ਗੁਰੂ ਜੀ ਨੂੰ 1675 ਈ ਨੂੰ ਸ਼ਹੀਦ ਕਰ ਦਿੱਤਾ ਗਿਆ। ਅੱਜ ਸਾਰਾ ਸੰਸਾਰ ਉਨ੍ਹਾਂ ਨੂੰ 'ਹਿੰਦ ਦੀ ਚਾਦਰ' ਕਹਿ ਕੇ ਯਾਦ ਕਰਦਾ ਹੈ। ਗੁਰੂ ਜੀ ਦਾ ਸੀਸ ਭਾਈ ਜੈਤਾ ਜੀ ਨੇ ਸੰਭਾਲ ਲਿਆ ਤੇ ਅਨੰਦਪੁਰ ਸਾਹਿਬ ਲੈ ਕੇ ਆਏ। ਦਿੱਲੀ 'ਚ ਹੀ ਗੁਰੂ ਦੇ ਸਿੱਖ ਭਾਈ ਲੱਖੀ ਸ਼ਾਹ ਵਣਜਾਰੇ ਨੇ ਗੁਰੂ ਜੀ ਦੇ ਧੜ ਦਾ ਸਸਕਾਰ ਆਪਣੇ ਘਰ ਨੂੰ ਅੱਗ ਲਗਾ ਕੇ ਕਰ ਦਿੱਤਾ।

### ਬਾਣੀ ਰਚਨਾ ਤੇ ਸਿੱਖਿਆ:

ਗੁਰੂ ਤੇਗ ਬਹਾਦਰ ਜੀ ਉੱਚ ਰੂਹਾਨੀ ਦਾਰਸ਼ਨਿਕ ਸ਼ਖ਼ਸੀਅਤ ਦੇ ਮਾਲਕ ਸਨ ਜਿਸ ਦਾ ਪ੍ਰਗਟਾਵਾ ਉਹਨਾਂ ਦੇ ਜੀਵਨ ਘਟਨਾ ਕਰਮ ਦੇ ਨਾਲ ਨਾਲ ਉਨ੍ਹਾਂ ਦੀ ਬਾਣੀ ਵਿਚੋਂ ਸਹਿਜੇ ਹੀ ਹੋ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਉਨ੍ਹਾਂ ਦੀ ਬਾਣੀ 15 ਰਾਗਾਂ ਵਿੱਚ 59 ਸ਼ਬਦ ਅਤੇ 57 ਸਲੋਕ ਦਰਜ ਹਨ।

1. ਗੁਰੂ ਜੀ ਦੀ ਸਮੁੱਚੀ ਬਾਣੀ ਦਾ ਮੁੱਖ ਵਿਸ਼ਾ ਮੋਹ ਮਾਇਆ ਅਤੇ ਵਿਕਾਰਾਂ ਵਿੱਚ ਖਚਿਤ ਮਨੁੱਖ ਨੂੰ ਸੰਸਾਰਿਕ ਪਦਾਰਥਾਂ ਤੇ ਰਿਸ਼ਤਿਆਂ ਦੀ ਅਸਥਿਰਤਾ ਬਾਰੇ ਅਸਲੀਅਤ ਦਰਸਾ ਕੇ ਅਕਾਲ ਪੁਰਖ ਦੇ ਨਾਮ ਨਾਲ ਜੋੜਨਾ ਹੈ।
2. ਗੁਰੂ ਤੇਗ ਬਹਾਦਰ ਜੀ ਦੀ ਸਾਰੀ ਬਾਣੀ ਦਾ ਪ੍ਰਮੁੱਖ ਵਿਸ਼ਾ ਵੈਰਾਗਮਈ ਅਤੇ ਸੰਸਾਰ ਦੀ ਨਾਸ਼ਵਾਨਤਾ ਵੱਲ ਕੇਂਦਰਿਤ ਹੈ ਪਰ ਉਸ ਦੇ ਨਾਲ-ਨਾਲ ਉਨ੍ਹਾਂ ਦੀ ਪਵਿੱਤਰ ਬਾਣੀ ਵਿੱਚੋਂ ਪਰਮਸੱਤਾ, ਮਨੁੱਖ, ਜਗਤ, ਨਾਮ, ਜੀਵਨ ਮੁਕਤੀ, ਮਾਇਆ, ਮਨ, ਵਿਸ਼ੇ ਵਿਕਾਰ, ਹਉਮੈ ਦਾ ਤਿਆਗ ਆਦਿ ਪੱਖਾਂ ਨੂੰ ਵੀ ਵੇਖਿਆ ਜਾ ਸਕਦਾ ਹੈ। ਇਸ ਤਰ੍ਹਾਂ ਗੁਰੂ ਪਾਤਸ਼ਾਹ ਦੀ ਸਮੁੱਚੀ ਬਾਣੀ ਦੇ ਅਧਿਐਨ ਤੋਂ ਬਾਅਦ ਇਕ ਗੱਲ ਤਾਂ ਸਪਸ਼ਟ ਕਹੀ ਜਾ ਸਕਦੀ ਹੈ ਕਿ ਉਨ੍ਹਾਂ ਦੀ ਬਾਣੀ ਮਨੁੱਖ ਨੂੰ ਇਕ ਆਦਰਸ਼ ਮਨੁੱਖ ਬਣਾਉਣ ਵੱਲ ਕੇਂਦਰਿਤ ਹੈ।

4. ਗੁਰੂ ਜੀ ਦਸਦੇ ਹਨ ਕਿ ਜੋ ਮਨੁੱਖ ਲੋਭ, ਮੋਹ, ਮਾਇਆ, ਵਿਸ਼ੇ ਵਿਕਾਰਾਂ ਤੋਂ ਮੁਕਤ, ਖੁਸ਼ੀ ਗਮੀ ਵਿਚ ਇਕ ਸਮਾਨ, ਸਵਰਗ ਤੇ ਨਰਕ, ਅੰਮ੍ਰਿਤ ਤੇ ਜਹਿਰ, ਸੋਨਾ ਅਤੇ ਪੈਸਾ, ਵਡਿਆਈ ਤੇ ਨਿੰਦਾ, ਦੁਖ ਤੇ ਸੁਖ ਵਿਚ ਇਕ ਸਮਾਨ ਰਹਿੰਦਾ ਹੈ ਉਹ ਹੀ ਅਸਲ ਗਿਆਨੀ ਹੈ। ਇਹੋ ਹੀ ਆਦਰਸ਼ ਮਨੁੱਖ ਦੀ ਸਭ ਤੋਂ ਉਤਮ ਮਿਸਾਲ ਹੈ।

## ਪ੍ਰਸ਼ਨੋਤਰੀ

ਪ੍ਰਸ਼ਨ 1. ਗੁਰੂ ਤੇਗ ਬਹਾਦਰ ਸਾਹਿਬ ਦਾ ਜਨਮ ਕਿਸ ਗੁਰੂ ਪਾਤਸ਼ਾਹ ਦੇ ਘਰ ਹੋਇਆ ?

(ੳ) ਸੱਤਵੇਂ (ਅ) ਛੇਵੇਂ

(ੲ) ਪੰਜਵੇਂ (ਸ) ਦੂਜੇ

ਪ੍ਰਸ਼ਨ 2. ਗੁਰੂ ਤੇਗ ਬਹਾਦਰ ਸਾਹਿਬ ਦਾ ਮੁਢਲਾ ਨਾਮ ਕੀ ਸੀ ?

(ੳ) ਜੇਠਾ ਜੀ (ਅ) ਤਿਆਗ ਮੱਲ

(ੲ) ਗੁਰਦਿੱਤਾ (ਸ) ਬਹਾਦਰ ਸਾਹਿਬ

ਪ੍ਰਸ਼ਨ 3. ਕਿਸ ਜੰਗ ਵਿੱਚ ਆਪ ਨੇ ਮੁਗਲਾਂ ਦਾ ਡਟ ਕੇ ਮੁਕਾਬਲਾ ਕੀਤਾ ?

(ੳ) ਕੀਰਤਪੁਰ (ਅ) ਅੰਮ੍ਰਿਤਸਰ

(ੲ) ਕਰਤਾਰਪੁਰ (ਸ) ਅਨੰਦਪੁਰ ਸਾਹਿਬ

ਪ੍ਰਸ਼ਨ 4. ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸੁਪਤਨੀ ਦਾ ਕੀ ਨਾਮ ਸੀ ?

(ੳ) ਨਾਨਕੀ ਜੀ (ਅ) ਗੁਜਰੀ ਜੀ

(ੲ) ਭਾਗੋ ਜੀ (ਸ) ਦਾਨੀ ਜੀ

ਪ੍ਰਸ਼ਨ 5. ਕਿਸ ਸਿੱਖ ਨੇ ਗੁਰੂ ਤੇਗ ਬਹਾਦਰ ਸਾਹਿਬ ਅੱਗੇ ਅਰਦਾਸ ਕੀਤੀ ਕਿ ਉਸਦਾ ਡੁੱਬਦਾ ਜਹਾਜ਼ ਪਾਰ ਲੰਘ ਜਾਵੇ?

(ੳ) ਭਾਈ ਲੱਖੀ ਸ਼ਾਹ (ਅ) ਭਾਈ ਜੈਤਾ ਜੀ

(ੲ) ਭਾਈ ਮੱਖਣ ਸ਼ਾਹ ਸ) ਭਾਈ ਮਤੀ ਦਾਸ

ਪ੍ਰਸ਼ਨ 6. ਗੁਰੂ ਤੇਗ ਬਹਾਦਰ ਸਾਹਿਬ ਨੇ ਕਿਸ ਨਗਰ ਦੀ ਸਥਾਪਨਾ ਕੀਤੀ ?

(ੳ) ਕਹਿਲੂਰ (ਅ) ਚੱਕ ਨਾਨਕੀ

(ੲ) ਰੋਪੜ (ਸ) ਤਰਨਤਾਰਨ

ਪ੍ਰਸ਼ਨ 7. ਗੁਰੂ ਜੀ ਪੂਰਬ ਵੱਲ ਕਿਸ ਪ੍ਰਦੇਸ਼ ਦੀ ਯਾਤਰਾ ਕੀਤੀ ?

(ੳ) ਅਰੁਣਾਚਲ ਪ੍ਰਦੇਸ਼ (ਅ) ਆਸਾਮ

(ੲ) ਮੀਆਂਮਾਰ (ਸ) ਲੰਕਾ

ਪ੍ਰਸ਼ਨ 8. ਕਸ਼ਮੀਰੀ ਪੰਡਿਤਾਂ ਦਾ ਜਥਾ ਕਿਸ ਗੁਰੂ ਕੋਲ ਫ਼ਰਿਆਦ ਲਈ ਗਿਆ ?

(ੳ) ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਅ) ਸ੍ਰੀ ਗੁਰੂ ਅਰਜਨ ਦੇਵ ਜੀ

(ੲ) ਸ੍ਰੀ ਗੁਰੂ ਤੇਗ ਬਹਾਦਰ ਜੀ (ਸ) ਸ੍ਰੀ ਗੁਰੂ ਨਾਨਕ ਦੇਵ ਜੀ

ਪ੍ਰਸ਼ਨ 9. ਗੁਰੂ ਤੇਗ ਬਹਾਦਰ ਸਾਹਿਬ ਨੂੰ ਕਿਸ ਮੁਗ਼ਲ ਬਾਦਸ਼ਾਹ ਨੇ ਸ਼ਹੀਦ ਕੀਤਾ ?

(ੳ) ਸ਼ਾਹਜਹਾਂ (ਅ) ਔਰੰਗਜ਼ੇਬ

(ੲ) ਬਹਾਦਰ ਸ਼ਾਹ (ਸ) ਜਹਾਂਗੀਰ

ਪ੍ਰਸ਼ਨ 10. ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਕਿੱਥੇ ਹੋਈ ?

(ੳ) ਲਾਹੌਰ (ਅ) ਦਿੱਲੀ, ਚਾਂਦਨੀ ਚੌਂਕ

(ੲ) ਸਰਹਿੰਦ (ਸ) ਫਤਿਹਗੜ੍ਹ ਸਾਹਿਬ

ਪ੍ਰਸ਼ਨ 11. ਗੁਰੂ ਤੇਗ ਬਹਾਦਰ ਜੀ ਦਾ ਜਨਮ ਕਿੱਥੇ ਹੋਇਆ?

(ੳ) ਕਰਤਾਰਪੁਰ (ਅ) ਕੀਰਤਪੁਰ

(ੲ) ਅੰਮ੍ਰਿਤਸਰ (ਸ) ਤਰਨਤਾਰਨ

ਪ੍ਰਸ਼ਨ 12. ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਕਦੋਂ ਹੋਇਆ?

(ੳ) 1621 ਈ: (ਅ) 1630 ਈ:

(ੲ) 1645 ਈ: (ਸ) 1605 ਈ:

ਪ੍ਰਸ਼ਨ 13. ਗੁਰੂ ਤੇਗ ਬਹਾਦਰ ਜੀ ਦੀ ਮਾਤਾ ਜੀ ਦਾ ਕੀ ਨਾਮ ਸੀ?

(ੳ) ਮਾਤਾ ਗੁਜਰੀ ਜੀ (ਅ) ਮਾਤਾ ਨਾਨਕੀ ਜੀ

(ੲ) ਮਾਤਾ ਦਾਨੀ ਜੀ (ਸ) ਮਾਤਾ ਭਾਨੀ ਜੀ

ਪ੍ਰਸ਼ਨ 14. ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸੈਨਿਕ ਗੁਣਾਂ ਅਤੇ ਜੰਗੀ ਹੁਨਰਾਂ ਵਾਲੀ ਨਿਪੁੰਨਤਾ ਕਿਸ ਪਾਸੋਂ ਪ੍ਰਾਪਤ ਕੀਤੀ?

(ੳ) ਭਾਈ ਗੁਰਦਾਸ ਜੀ (ਅ) ਭਾਈ ਮਤੀ ਦਾਸ ਜੀ

(ੲ) ਭਾਈ ਜੈਤਾ ਜੀ (ਸ) ਬਾਬਾ ਬੁੱਢਾ ਜੀ

ਪ੍ਰਸ਼ਨ 15. 'ਹਿੰਦ ਦੀ ਚਾਦਰ' ਕਿਸ ਗੁਰੂ ਸਾਹਿਬਾਨ ਨੂੰ ਕਿਹਾ ਜਾਂਦਾ ਹੈ?

(ੳ) ਸ੍ਰੀ ਗੁਰੂ ਤੇਗ ਬਹਾਦਰ ਜੀ (ਅ) ਸ੍ਰੀ ਗੁਰੂ ਅਰਜਨ ਦੇਵ ਜੀ

(ੲ) ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਸ) ਸ੍ਰੀ ਗੁਰੂ ਨਾਨਕ ਦੇਵ ਜੀ

ਪ੍ਰਸ਼ਨ 16. ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕਦੋਂ ਸ਼ਹੀਦ ਕੀਤਾ ਗਿਆ?

(ੳ) 1670 ਈ: (ਅ) 1607 ਈ:

(ੲ) 1675 ਈ: (ਸ) 1672 ਈ:

ਪ੍ਰਸ਼ਨ 17. ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਕੌਣ ਦਿੱਲੀ ਤੋਂ ਅਨੰਦਪੁਰ ਸਾਹਿਬ ਲੈ ਕੇ ਆਇਆ ਸੀ?

(ੳ) ਭਾਈ ਲੱਖੀ ਸ਼ਾਹ (ਅ) ਭਾਈ ਮਤੀ ਦਾਸ

(ੲ) ਭਾਈ ਜੈਤਾ ਜੀ (ਸ) ਭਾਈ ਮੱਖਣ ਸ਼ਾਹ

ਪ੍ਰਸ਼ਨ 18. ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਕੌਣ ਫ਼ਰਿਆਦ ਲੈ ਕੇ ਆਏ ਸਨ?

(ੳ) ਪੰਡਿਤ (ਅ) ਸਿੱਖ

(ੲ) ਮੁਸਲਮਾਨ (ਸ) ਈਸਾਈ

ਪ੍ਰਸ਼ਨ 19. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਪੁੱਤਰ ਦਾ ਕੀ ਨਾਮ ਸੀ?

(ੳ) ਸ੍ਰੀ ਗੁਰੂ ਅੰਗਦ ਦੇਵ ਜੀ (ਅ) ਸ੍ਰੀ ਗੁਰੂ ਗੋਬਿੰਦ ਸਿੰਘ ਜੀ

(ੲ) ਸ੍ਰੀ ਗੁਰੂ ਅਰਜਨ ਦੇਵ ਜੀ (ਸ) ਸ੍ਰੀ ਗੁਰੂ ਹਰਿਗੋਬਿੰਦ ਜੀ

ਪ੍ਰਸ਼ਨ 20. ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਦਿੱਲੀ ਵੱਲ ਸ਼ਹੀਦੀ ਲਈ ਕਿੰਨੇ ਸਿੱਖ ਗਏ ਸਨ?

(ੳ) ਇੱਕ (ਅ) ਤਿਨ

(ੲ) ਦੋ (ਸ) ਚਾਰ

**ਉੱਤਰ:-** 1.(ਅ),2.(ਅ),3.(ੲ), 4.(ਅ), 5.(ੲ), 6.(ਅ), 7.(ਅ), 8.(ੲ), 9.(ਅ), 10.(ਅ), 11. (ੲ),12.(ੳ), 13.(ਅ), 14.(ਸ), 15.(ੳ),16.(ੲ), 17.(ੲ), 18.(ੳ), 19.(ਅ), 20.(ਅ)

# ਸ੍ਰੀ ਗੁਰੂ ਗੋਬਿੰਦ ਸਾਹਿਬ ਜੀ



**ਜਨਮ:**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖ ਧਰਮ ਦੇ ਦਸਵੇਂ ਗੁਰੂ ਹੋਏ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ 22 ਦਸੰਬਰ 1666 ਈ: ਨੂੰ ਪਟਨਾ ਸਹਿਬ (ਬਿਹਾਰ) ਵਿਖੇ ਹੋਇਆ।

**ਮਾਤਾ ਪਿਤਾ:**

ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਸਿੱਖ ਧਰਮ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਮਾਤਾ ਗੁਜਰੀ ਜੀ ਸਨ। ਜਿਸ ਸਮੇਂ ਗੁਰੂ ਜੀ ਦਾ ਜਨਮ ਹੋਇਆ ਉਸ ਸਮੇਂ ਗੁਰੂ ਤੇਗ ਬਹਾਦਰ ਸਾਹਿਬ ਜੀ ਢਾਕੇ (ਬੰਗਲਾ ਦੇਸ਼) ਵਿੱਚ ਸਨ।

**ਬਚਪਨ:**

ਗੁਰੂ ਗੋਬਿੰਦ ਸਿੰਘ ਜੀ ਦੇ ਲਗਭਗ ਪਹਿਲੇ 5 ਸਾਲ ਪਟਨਾ ਸਾਹਿਬ ਵਿਖੇ ਹੀ ਗੁਜ਼ਰੇ। ਆਪ ਜੀ ਨੂੰ ਘੋੜ ਸਵਾਰੀ, ਤੀਰ ਅੰਦਾਜ਼ੀ ਅਤੇ ਸ਼ਸਤਰਾਂ ਦੀ ਸਿਖਲਾਈ ਦਿੱਤੀ ਗਈ। ਗੁਰਮੁਖੀ ਅਤੇ ਗੁਰਬਾਣੀ ਦੀ ਪੜ੍ਹਾਈ ਵੀ ਨਾਲ ਨਾਲ ਚਲਦੀ ਰਹੀ। ਆਪਦੇ ਸਾਥੀਆਂ ਨੂੰ ਦੋ ਟੋਲੀਆਂ ਵਿੱਚ ਵੰਡ ਕੇ ਆਪਸ ਵਿੱਚ ਯੁੱਧ ਕਰਾਉਂਦੇ। ਉਨ੍ਹਾਂ ਨੂੰ ਯੁੱਧ ਵਾਲੀਆਂ ਚਾਲਾਂ ਅਤੇ ਯੋਜਨਾਵਾਂ ਦੀ ਜਾਚ ਸਿਖਾਉਂਦੇ ਰਹਿੰਦੇ ਸਨ।

**ਅਨੰਦਪੁਰ ਸਾਹਿਬ ਆਉਣਾ:**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਸਾਮ ਤੋਂ ਆਉਂਦੇ ਹੋਏ ਪਰਿਵਾਰ ਨੂੰ

ਪੰਜਾਬ ਆਉਣ ਦਾ ਸੱਦਾ ਭੇਜਿਆ। ਮਾਤਾ ਗੁਜਰੀ ਜੀ ਨੇ ਪਰਿਵਾਰ ਸਮੇਤ ਤੁਰਨ ਦੀ ਤਿਆਰੀ ਕੀਤੀ ਅਤੇ ਪੰਜਾਬ ਵੱਲ ਚਾਲੇ ਪਾ ਦਿੱਤੇ। ਦਾਨਾਪੁਰ, ਬਕਸਰ, ਆਰਾ, ਛੋਟਾ ਮਿਰਜਾਪੁਰ, ਬਨਾਰਸ, ਪਰਾਗ, ਲਖਨਊ, ਮਥਰਾ, ਥਾਨੇਸਰ, ਸਹਾਰਨਪੁਰ ਆਦਿ ਥਾਵਾਂ ਤੇ ਤੀਰਥਾਂ ਤੇ ਹੁੰਦੇ ਹੋਏ ਭਾਦੋਂ 1672 ਈ. ਵਿੱਚ ਸਾਰਾ ਪਰਿਵਾਰ ਲਖਨੌਰ ਕੁੱਝ ਸਮਾਂ ਠਹਿਰ ਕੇ ਅਨੰਦਪੁਰ ਸਾਹਿਬ ਪਹੁੰਚਿਆ।

**ਵਿਦਿਆ:**

ਗੋਬਿੰਦ ਰਾਏ ਜੀ ਦੀ ਸੰਸਕ੍ਰਿਤ ਅਤੇ ਫ਼ਾਰਸੀ ਦੀ ਪੜ੍ਹਾਈ ਲਈ ਅਨੰਦਪੁਰ ਸਹਿਬ ਵਿਖੇ ਚੰਗੀ ਪਾਠਸ਼ਾਲਾ ਅਤੇ ਮਦਰੱਸੇ ਦਾ ਪ੍ਰਬੰਧ ਕੀਤਾ ਗਿਆ। ਪਾਠਸ਼ਾਲਾ ਦਾ ਪ੍ਰਬੰਧ ਮੁਨਸ਼ੀ ਸਾਹਿਬ ਚੰਦ ਅਤੇ ਮਦਰੱਸੇ ਦਾ ਪ੍ਰਬੰਧ ਪੀਰ ਮੁਹੰਮਦ ਕਰਦੇ ਸਨ। ਗੁਰਮੁਖੀ ਅਤੇ ਕਾਫ਼ੀ ਸਾਰੀ ਗੁਰਬਾਣੀ ਆਪ ਜੀ ਨੇ ਮਾਤਾ ਜੀ ਪਾਸੋਂ ਪਹਿਲਾਂ ਹੀ ਪੜ੍ਹ ਲਈ ਸੀ। ਗੁਰਬਾਣੀ ਦਾ ਹੋਰ ਗਿਆਨ ਆਪ ਜੀ ਨੂੰ ਮੁਨਸ਼ੀ ਸਾਹਿਬ ਚੰਦ ਨੇ ਕਰਵਾਇਆ। ਸੰਸਕ੍ਰਿਤ ਦੀ ਉੱਚੀ ਵਿਦਿਆ ਲਈ ਪੰਡਿਤ ਕਿਰਪਾ ਰਾਮ ਦੀ ਸੇਵਾ ਲਈ ਗਈ। ਕੁਰਾਨ ਸਰੀਫ਼ ਆਪ ਜੀ ਨੇ ਕਾਜ਼ੀ ਪੀਰ ਮੁਹੰਮਦ ਪਾਸੋਂ ਪੜ੍ਹਿਆ। ਇਸ ਤੋਂ ਇਲਾਵਾ ਆਪ ਜੀ ਨੇ ਸ਼ਸਤਰ ਵਿਦਿਆ ਅਤੇ ਘੋੜ ਸਵਾਰੀ ਦੀ ਸਿਖਲਾਈ ਵੀ ਲਈ।

**ਗੁਰਿਆਈ:**

ਕਸ਼ਮੀਰੀ ਪੰਡਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਫਰਿਆਦ ਲੈ ਕੇ ਆਏ। ਗੋਬਿੰਦ ਰਾਏ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਕਿਹਾ ਕਿ ਆਪ ਜੀ ਤੋਂ ਵੱਡਾ ਕੌਣ ਹੈ ਜੋ ਹਿੰਦੂ ਧਰਮ ਦੀ ਰੱਖਿਆ ਕਰ ਸਕੇ। ਅਨੰਦਪੁਰ ਤੋਂ ਤੁਰਨ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਹੁਕਮ ਕਰ ਗਏ ਸਨ ਕਿ ਸਾਡੇ ਪਿੱਛੋਂ ਗੁਰਗੱਦੀ ਦੀ ਜਿੰਮੇਂਵਾਰੀ ਗੋਬਿੰਦ ਰਾਇ ਜੀ ਸੰਭਾਲਣਗੇ। ਇਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ 9 ਸਾਲ ਦੀ ਸੀ।

**ਵਿਆਹ:**

ਗੁਰੂ ਜੀ ਦਾ ਪਹਿਲਾ ਵਿਆਹ ਲਾਹੌਰ ਨਿਵਾਸੀ ਹਰਿਜਸ ਦੀ ਸਪੁੱਤਰੀ ਜੀਤੋ ਜੀ ਨਾਲ 1677 ਈ. ਵਿੱਚ ਅਨੰਦਪੁਰ ਦੇ ਉੱਤਰ ਵਿੱਚ ਸਥਿਤ ਗੁਰੂ ਕੇ ਲਾਹੌਰ ਵਿਖੇ ਹੋਇਆ। ਮਾਤਾ ਜੀ ਦੀ ਕੁੱਖੋਂ ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਦਾ ਜਨਮ ਹੋਇਆ। ਗੁਰੂ ਜੀ ਦਾ ਦੂਜਾ ਵਿਆਹ ਵੀ ਲਾਹੌਰ ਨਿਵਾਸੀ ਸ੍ਰੀ ਰਾਮ ਸ਼ਰਨ ਦੀ ਸਪੁੱਤਰੀ, ਮਾਤਾ ਸੁੰਦਰੀ ਜੀ ਨਾਲ 1684 ਈ: ਵਿੱਚ ਹੋਇਆ। ਇਨ੍ਹਾਂ ਦੀ ਕੁੱਖ ਤੋਂ ਵੱਡੇ ਸ਼ਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਦਾ ਜਨਮ ਹੋਇਆ। ਗੁਰੂ ਜੀ ਦਾ ਤੀਜਾ ਵਿਆਹ ਰੁਹਤਾਸ ਜ਼ਿਲ੍ਹਾ ਜੇਹਲਮ ਨਿਵਾਸੀ ਰਾਮੂ ਬੱਸੀ ਖੱਤਰੀ ਦੀ ਸਪੁੱਤਰੀ, ਮਾਤਾ ਸਾਹਿਬ ਦੇਵਾਂ ਨਾਲ 1700 ਈ.

ਵਿੱਚ ਹੋਇਆ। ਅੰਮ੍ਰਿਤ ਛੱਕਣ ਤੋਂ ਬਾਅਦ ਆਪ ਜੀ ਮਾਤਾ ਸਾਹਿਬ ਕੌਰ ਬਣੇ ਉਪਰੰਤ ਗੁਰੂ ਸਾਹਿਬ ਨੇ ਆਪ ਜੀ ਨੂੰ 'ਖਾਲਸੇ ਦੀ ਮਾਤਾ' ਹੋਣ ਦਾ ਮਾਣ ਬਖਸ਼ਿਆ।

**ਖਾਲਸਾ ਪੰਥ ਦੀ ਸਾਜਨਾ:**

ਗੁਰੂ ਗੋਬਿੰਦ ਸਿੰਘ ਜੀ ਦੀ ਜ਼ਿੰਦਗੀ ਦਾ ਮੁੱਖ ਉਦੇਸ਼ ਸੀ ਕਿ ਲੋਕਾਂ ਨੂੰ ਜਬਰ, ਜ਼ੁਲਮ ਅਤੇ ਬਦੀ ਦਾ ਮੂੰਹ ਤੋੜਵਾਂ ਜਵਾਬ ਦੇਣ ਦੇ ਸਮਰੱਥ ਬਣਾਇਆ ਜਾਵੇ। ਇਸ ਉਦੇਸ਼ ਦੀ ਪੂਰਤੀ ਲਈ ਇੱਕ ਐਸੀ ਸਿਰਲੱਥ ਕੌਮ ਦਾ ਨਿਰਮਾਣ ਕਰਨ ਦੀ ਲੋੜ ਸੀ ਜੋ ਜ਼ਾਲਮ ਹਕੂਮਤ ਨੂੰ ਵੰਗਾਰ ਸਕੇ। ਇਸ ਮੰਤਵ ਦੀ ਪੂਰਤੀ ਲਈ ਗੁਰੂ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਦੇ ਸਥਾਨ 'ਤੇ 1699 ਈ. ਦੀ ਵਿਸਾਖੀ ਵਾਲੇ ਦਿਨ ਕੀਤੀ। ਕੇਸਗੜ੍ਹ ਸਾਹਿਬ ਦੇ ਸਥਾਨ 'ਤੇ ਹੋਏ ਸਿੱਖ ਸੰਗਤਾਂ ਦੇ ਭਾਰੀ ਇਕੱਠ ਵਿਚੋਂ ਗੁਰੂ ਸਾਹਿਬ ਜੀ ਨੇ ਨੰਗੀ ਕਿਰਪਾਨ ਲੈ ਕੇ ਇਕ ਸਿੱਖ ਦੇ ਸਿਰ ਦੀ ਮੰਗ ਕੀਤੀ। ਲਾਹੌਰ ਨਿਵਾਸੀ ਭਾਈ ਦਇਆ ਰਾਮ (ਖੱਤਰੀ) ਨੇ ਆਪਣੇ ਆਪ ਨੂੰ ਇਸ ਹੁਕਮ ਦੀ ਪੂਰਤੀ ਲਈ ਗੁਰੂ ਜੀ ਦੇ ਸਾਹਮਣੇ ਪੇਸ਼ ਕੀਤਾ। ਇਸ ਤੋਂ ਬਾਅਦ ਉਨ੍ਹਾਂ ਨੇ ਵਾਰੀ ਵਾਰੀ ਚਾਰ ਹੋਰ ਸਿਰਾਂ ਦੀ ਮੰਗ ਕੀਤੀ ਤੇ ਭਾਈ ਦਇਆ ਰਾਮ ਤੋਂ ਬਾਅਦ ਹਸਤਨਾਪੁਰ ਨਿਵਾਸੀ ਭਾਈ ਧਰਮ ਦਾਸ (ਜੱਟ),ਜਗਨਾਥ ਪੁਰੀ ਨਿਵਾਸੀ ਭਾਈ ਹਿੰਮਤ ਰਾਇ (ਝਿਊਰ), ਦਵਾਰਕਾ ਨਿਵਾਸੀ ਭਾਈ ਮੋਹਕਮ ਚੰਦ (ਛੀਂਬੇ) ਅਤੇ ਬਿਦਰ ਨਿਵਾਸੀ ਭਾਈ ਸਾਹਿਬ ਚੰਦ (ਨਾਈ) ਨੇ ਕ੍ਰਮਵਾਰ ਆਪਣੇ ਸੀਸ ਭੇਂਟ ਕੀਤੇ। ਕੁੱਝ ਸਮੇਂ ਪਿੱਛੋਂ ਗੁਰੂ ਜੀ ਇਨ੍ਹਾਂ ਪੰਜਾਂ ਸਿੰਘਾਂ ਨੂੰ ਇਕੋ ਵਰਗੇ ਸੁੰਦਰ ਬਸਤਰ ਪਹਿਨਾ ਕੇ ਤੰਬੂ ਵਿਚੋਂ ਨਿਕਲ ਕੇ ਸੰਗਤਾਂ ਦੇ ਸਾਹਮਣੇ ਆਏ। ਉਨ੍ਹਾਂ ਨੇ ਸਰਬ ਲੋਹ ਦੇ ਬਾਟੇ ਵਿਚ ਸਵੱਛ ਜਲ ਲੈ ਕੇ ਪੰਜ ਬਾਣੀਆਂ (ਜਪੁ ਜੀ, ਜਾਪੁ ਸਾਹਿਬ, ਤ੍ਵ ਪ੍ਰਸਾਦਿ ਸਵੱਯੇ, ਚੌਪਈ ਸਾਹਿਬ ਅਤੇ ਅਨੰਦ ਸਾਹਿਬ) ਦਾ ਪਾਠ ਕਰਦੇ ਹੋਏ ਸਰਬ ਲੋਹ ਦੇ ਖੰਡੇ ਨੂੰ ਇਸ ਜਲ ਵਿਚ ਫੇਰਦੇ ਹੋਏ ਅੰਮ੍ਰਿਤ ਤਿਆਰ ਕੀਤਾ। ਇਸ ਅੰਮ੍ਰਿਤ ਵਿਚ ਮਿਠਾਸ ਲਈ ਪਤਾਸੇ ਵੀ ਪਾਏ ਅਤੇ ਪੰਜਾਂ ਸਿੰਘਾਂ ਨੂੰ ਇਕੋ ਬਾਟੇ ਵਿਚ ਅੰਮ੍ਰਿਤ ਛਕਾਇਆ। ਉਨ੍ਹਾਂ ਸਾਰਿਆਂ ਦੇ ਨਾਮ ਦੇ ਨਾਲ ਸਿੰਘ ਸ਼ਬਦ (ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ) ਜੋੜਣ ਤੋਂ ਬਾਅਦ 'ਪੰਜ ਪਿਆਰੇ' ਦੀ ਉਪਾਧੀ ਬਖਸ਼ ਕੇ ਸਭ ਜਾਤਾਂ ਪਾਤਾਂ ਦੇ ਭੇਦ ਮਿਟਾ ਦਿੱਤੇ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਖਾਲਸੇ ਦੀ ਰਹਿਤ ਦ੍ਰਿੜ੍ਹ ਰੱਖਣ ਲਈ ਜਾਤਾਂ ਪਾਤਾਂ ਛੱਡ ਕੇ ਇਕ ਅਕਾਲ ਪੁਰਖ ਨਾਲ ਜੁੜਣ, ਪੰਜ ਕਕਾਰੀ ਰਹਿਤ ਰੱਖਣ, ਨਾਮ-ਬਾਣੀ ਦੇ ਧਾਰਨੀ ਹੋਣ ਦਾ ਉਪਦੇਸ਼ ਦਿੱਤਾ। ਚਾਰ ਬਜਰ ਕੁਰਹਿਤਾਂ- ਕੇਸਾਂ ਦੀ ਬੇਅਦਬੀ, ਕੁੱਠਾ ਖਾਣ, ਪਰ ਇਸਤਰੀ ਜਾਂ ਪਰ ਪੁਰਸ਼ ਦਾ ਗਮਨ ਅਤੇ ਤੰਬਾਕੂ ਜਾਂ ਨਸ਼ੇ ਦੀ ਵਰਤੋਂ ਤੋਂ ਬਚਣ ਦੇ ਹੁਕਮ ਦਿੱਤੇ। ਪੰਜ ਸਿੰਘਾਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਗੁਰੂ

ਜੀ ਨੇ ਪੰਜਾਂ ਪਿਆਰਿਆਂ ਤੋਂ ਆਪਣੇ ਲਈ ਅੰਮ੍ਰਿਤ ਦੀ ਦਾਤ ਮੰਗ ਕੇ 'ਆਪੇ ਗੁਰ ਚੇਲਾ' ਦੀ ਇਕ ਅਨੋਖੀ ਮਿਸਾਲ ਪੇਸ਼ ਕੀਤੀ ਅਤੇ ਗੁਰੂ 'ਗੋਬਿੰਦ ਰਾਇ' ਤੋਂ ਗੁਰੂ 'ਗੋਬਿੰਦ ਸਿੰਘ' ਸਜ ਕੇ ਇਸ ਖਾਲਸਾ ਪੰਥ ਦਾ ਹਿੱਸਾ ਬਣੇ। ਇਸ ਪ੍ਰਕਾਰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਨੂੰ ਪੂਰਾ ਕਰਦੇ ਹੋਏ ਇਲਾਹੀ ਕੌਤਕ ਰਚਾ ਕੇ ਖਾਲਸਾ ਪੰਥ ਪ੍ਰਗਟ ਕਰਨ ਦਾ ਕਾਰਜ ਕੀਤਾ।

**ਗੁਰੂ ਗੋਬਿੰਦ ਸਿੰਘ ਜੀ ਦੇ ਯੁੱਧ:**

ਗੁਰੂ ਜੀ ਨੇ ਬਹੁਤ ਸਾਰੇ ਯੁੱਧ ਲੜੇ ਤੇ ਜਿੱਤੇ ਸਨ। ਇਹ ਯੁੱਧ ਮਜ਼ਲੂਮ, ਦੱਬੇ ਕੁਚਲੇ ਸਤਾਏ ਲੋਕਾਂ ਨੂੰ ਉਨ੍ਹਾਂ ਦੇ ਹੱਕ ਦੁਆਉਣ ਲਈ ਅਤੇ ਦੇਸ਼ ਵਿਚੋਂ ਵਿਦੇਸ਼ੀ ਰਾਜ ਦੀਆਂ ਜੜ੍ਹਾਂ ਪੁੱਟਣ ਲਈ ਲੜੇ ਗਏ ਸਨ।

**ਭੰਗਾਣੀ ਦਾ ਯੁੱਧ:**

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਭ ਤੋਂ ਪਹਿਲਾਂ ਭੰਗਾਣੀ ਦਾ ਯੁੱਧ (1688 ਈ.) ਲੜਿਆ ਗਿਆ। ਇਸ ਲੜਾਈ ਵਿੱਚ ਗੁਰੂ ਜੀ ਨਾਲ ਲੜਣ ਵਾਲੇ ਰਾਜੇ ਭੀਮ ਚੰਦ ਕਹਿਲੂਰੀਆ, ਕ੍ਰਿਪਾਲ ਚੰਦ ਕਟੋਚੀਆ, ਹਰੀ ਚੰਦ ਜਸਵਾਲੀਆ, ਸੁਖਦਿਆਲ ਜਸਰੋਟੀਆ, ਕੇਸਰੀ ਚੰਦ ਹੰਡੂਰੀਆ, ਪ੍ਰਿਥੀ ਚੰਦ ਢਡਵਾਲੀਆ ਅਤੇ ਫ਼ਤਿਹ ਚੰਦ ਗੜ੍ਹਵਾਲੀਆ। ਗੁਰੂ ਜੀ ਦੀ ਭੂਆ ਬੀਬੀ ਵੀਰੋ ਜੀ ਦੇ 5 ਪੁੱਤਰ ਵੀ ਗੁਰੂ ਜੀ ਨਾਲ ਸਨ। ਮਾਮਾ ਕਿਰਪਾਲ, ਦੀਵਾਨ ਨੰਦ ਚੰਦ, ਸਾਹਿਬ ਚੰਦ, ਪ੍ਰੋਹਤ ਦਇਆ ਰਾਮ ਆਦਿ ਸਮੇਤ ਗੁਰੂ ਜੀ ਕੋਲ ਕੋਈ ਪੰਜ ਕੁ ਹਜ਼ਾਰ ਦੀ ਫੌਜ ਸੀ। ਰਾਜਿਆਂ ਦੀ ਫੌਜ ਬਹੁਤ ਜ਼ਿਆਦਾ ਸੀ। ਇਹ ਲੜਾਈ ਜਮਨਾ ਅਤੇ ਗਿਰੀ ਨਦੀ ਦੇ ਵਿਚਕਾਰ ਹੋਈ ਅਤੇ ਤਿੰਨ ਦਿਨਾਂ ਤੱਕ ਹੁੰਦੀ ਰਹੀ। ਅੰਤ ਰਾਜਾ ਹਰੀ ਚੰਦ ਗੁਰੂ ਜੀ ਹੱਥੋਂ ਮਾਰਿਆ ਗਿਆ ਅਤੇ ਬਾਕੀ ਰਾਜਿਆਂ ਦੀਆਂ ਫੌਜਾਂ ਭੱਜ ਨਿਕਲੀਆਂ। ਇਸ ਲੜਾਈ ਵਿੱਚ ਬੀਬੀ ਵੀਰੋ ਜੀ ਦੇ ਦੋ ਪੁੱਤਰ, ਪੀਰ ਬੁੱਧੂ ਸ਼ਾਹ ਦੇ ਦੋ ਪੁੱਤਰ ਸ਼ਹੀਦ ਹੋ ਗਏ। ਗੁਰੂ ਜੀ ਨੇ ਪੀਰ ਜੀ ਨੂੰ ਦਸਤਾਰ, ਕੰਘਾ, ਕਿਰਪਾਨ ਅਤੇ ਹੁਕਮਨਾਮਾ ਦੇ ਕੇ ਨਿਵਾਜਿਆ। ਗੁਰੂ ਜੀ ਵਾਪਿਸ ਅਨੰਦਪੁਰ ਚਲੇ ਗਏ। ਰਸਤੇ ਵਿੱਚ ਕੋਟਲੇ ਦੇ ਪਠਾਣਾਂ ਨੇ ਆਪ ਜੀ ਦੀ ਬਹੁਤ ਸੇਵਾ ਕੀਤੀ। ਗੁਰੂ ਜੀ ਨੇ ਉਨ੍ਹਾਂ ਨੂੰ ਇਕ ਤਲਵਾਰ ਬਖ਼ਸ਼ੀ। ਅਨੰਦਪੁਰ ਸਾਹਿਬ ਪਹੁੰਚ ਕੇ ਗੁਰੂ ਜੀ ਨੇ ਜੰਗੀ ਤਿਆਰੀਆਂ ਜਾਰੀ ਰੱਖੀਆਂ ਅਤੇ ਸ਼ਹਿਰ ਦੀ ਸੁਰੱਖਿਆ ਲਈ ਚਾਰ ਕਿਲੇ ਅਨੰਦਗੜ੍ਹ, ਲੋਹਗੜ੍ਹ, ਫ਼ਤਿਹਗੜ੍ਹ ਅਤੇ ਕੇਸਗੜ੍ਹ ਬਣਵਾਏ।

**ਨਦੌਣ ਦਾ ਯੁੱਧ:**

ਔਰੰਗਜ਼ੇਬ ਨੇ ਪਹਾੜੀ ਰਾਜਿਆਂ ਤੋਂ ਟੈਕਸ ਵਸੂਲ ਕਰਨ ਲਈ ਮੀਆਂ ਖਾਂ ਫੌਜਦਾਰ ਨੂੰ ਭੇਜਿਆ, ਉਸਨੇ ਅੱਗੋਂ ਆਪਣੇ ਭਤੀਜੇ ਅਲਫ਼ ਖਾਂ ਨੂੰ ਭੇਜ ਦਿੱਤਾ। ਰਾਜਿਆਂ ਨੇ ਗੁਰੂ ਜੀ ਤੋਂ ਸਹਾਇਤਾ ਮੰਗੀ। ਜੋ ਗੁਰੂ ਜੀ ਨੇ ਕੌਮੀ ਜੰਗ ਸਮਝ ਕੇ

ਦਿੱਤੀ ਅਤੇ ਰਾਜਿਆਂ ਦੀਆਂ ਪਿਛਲੀਆਂ ਭੁੱਲਾਂ ਵੀ ਬਖ਼ਸ਼ ਦਿੱਤੀਆਂ। ਇਸ ਵਿੱਚ ਮੁਗਲਾਂ ਦੀ ਹਾਰ ਹੋਈ।

**ਗੁਲੇਰ ਯੁੱਧ:**

ਭੀਮ ਚੰਦ ਕਹਿਲੂਰੀਆ, ਕਿਰਪਾਲ ਚੰਦ ਕਟੋਚੀਆ ਅਤੇ ਕਈ ਹੋਰ ਰਾਜੇ ਵੀ ਹੁਸੈਨੀ ਨਾਲ ਜਾ ਮਿਲੇ। ਉਨ੍ਹਾਂ ਪਹਿਲਾਂ ਗੁਲੇਰ ਤੇ ਹਮਲਾ ਕੀਤਾ। ਗੁਲੇਰੀਏ ਦੀ ਬੇਨਤੀ ਤੇ ਗੁਰੂ ਜੀ ਨੇ ਭਾਈ ਸੰਗਤੀਆਂ ਜੀ ਦੀ ਕਮਾਂਡ ਹੇਠ ਸਿੰਘਾਂ ਦਾ ਇਕ ਜੱਥਾ ਮਦਦ ਲਈ ਭੇਜਿਆ।ਹੁਸੈਨੀ,ਕਿਰਪਾਲ ਚੰਦ ਕਟੋਚੀਆ ਅਤੇ ਕੁਝ ਪਹਾੜੀ ਸਰਦਾਰ ਮਾਰੇ ਗਏ। ਫੌਜ ਨੂੰ ਭਾਜੜਾਂ ਪੈ ਗਈਆਂ।ਰਾਜਾ ਭੀਮ ਚੰਦ ਨੇ ਭੱਜ ਕੇ ਆਪਣੀ ਜਾਨ ਬਚਾਈ।ਇਸ ਯੁੱਧ ਵਿਚ ਵੀ ਗੁਰੂ ਸਾਹਿਬ ਦੀ ਜਿੱਤ ਹੋਈ। ਇਸ ਤੋਂ ਬਾਅਦ ਪੰਜ ਕੁ ਸਾਲ ਗੁਰੂ ਜੀ ਨੂੰ ਅਮਨ ਸ਼ਾਂਤੀ ਦੇ ਮਿਲੇ ਜਿਸ ਵਿੱਚ ਖ਼ਾਲਸਾ ਪੰਥ ਦੀ ਸਥਾਪਨਾ ਅਤੇ ਸਿੱਖ ਧਰਮ ਦੀ ਉਸਾਰੀ ਲਈ ਗੁਰੂ ਸਾਹਿਬ ਨੇ ਬਹੁਤ ਸਾਰੇ ਕੰਮ ਕੀਤੇ ਅਤੇ ਖ਼ਾਲਸਾ ਪੰਥ ਸਾਜ ਕੇ ਪੂਰੀ ਦੀ ਪੂਰੀ ਸਿੱਖ ਕੌਮ ਨੂੰ ਸ਼ਸਤਰਧਾਰੀ ਬਣਾ ਦਿੱਤਾ ਜਿਸ ਬਾਰੇ ਪਹਿਲਾਂ ਗੱਲ ਕੀਤੀ ਜਾ ਚੁੱਕੀ ਹੈ।

**ਆਨੰਦਪੁਰ ਸਾਹਿਬ ਦਾ ਯੁੱਧ:**

ਖਾਲਸਾ ਦੀ ਸਥਾਪਨਾ ਨਾਲ ਪਹਾੜੀ ਰਾਜੇ ਘਬਰਾ ਗਏ ਸਨ। ਉਹ ਗੁਰੂ ਸਾਹਿਬ ਦੀ ਸਿੱਖਾਂ ਵਿੱਚ ਵੱਧ ਰਹੀ ਲੋਕ-ਪ੍ਰਿਯਤਾ ਅਤੇ ਉਨ੍ਹਾਂ ਦੀਆਂ ਸੈਨਿਕ ਕਾਰਵਾਈਆਂ ਨੂੰ ਆਪਣੇ ਰਾਜਾਂ ਲਈ ਖ਼ਤਰਨਾਕ ਸਮਝਣ ਲੱਗ ਪਏ ਸਨ। ਖ਼ਾਲਸਾ ਦੇ ਸਿਧਾਂਤ ਵੀ ਪਹਾੜੀ ਰਾਜਿਆਂ ਦੇ ਧਰਮ ਦੇ ਵਿਰੁੱਧ ਸਨ। ਰਾਜਾ ਭੀਮ ਚੰਦ ਅਤੇ ਕੁਝ ਹੋਰ ਪਹਾੜੀ ਰਾਜਿਆਂ ਦੀਆਂ ਸੈਨਾਵਾਂ ਨੇ 1701 ਈ. ਵਿਚ ਅਨੰਦਪੁਰ ਸਾਹਿਬ ਦੇ ਚੌਂਹੀ ਪਾਸੀ ਘੇਰਾ ਪਾ ਲਿਆ ਅਤੇ ਕਿਲ੍ਹੇ ਅੰਦਰ ਰਸਦ ਪਹੁੰਚਣ ਦੇ ਸਾਰੇ ਰਾਹ ਬੰਦ ਕਰ ਦਿੱਤੇ। ਗੁਰੂ ਸਾਹਿਬ ਨੇ ਆਪਣੀ ਘੱਟ ਗਿਣਤੀ ਦੇ ਹੁੰਦਿਆਂ ਹੋਇਆਂ ਵੀ ਕਿਲ੍ਹੇ ਦੇ ਅੰਦਰੋਂ ਵੈਰੀਆਂ ਦਾ ਡੱਟ ਕੇ ਮੁਕਾਬਲਾ ਕੀਤਾ। ਸਾਹਿਬਜ਼ਾਦਾ ਅਜੀਤ ਸਿੰਘ ਨੇ, ਜਿਸ ਦੀ ਉਮਰ ਕੇਵਲ 14-15 ਵਰ੍ਹਿਆਂ ਦੀ ਸੀ, ਬੜੀ ਬਹਾਦਰੀ ਦਾ ਸਬੂਤ ਦਿੱਤਾ ਅਤੇ ਵੈਰੀਆਂ ਨੂੰ ਭਾਰੀ ਨੁਕਸਾਨ ਪਹੁੰਚਾਇਆ। ਲੜਾਈ ਕਈ ਦਿਨਾਂ ਤੱਕ ਚਲਦੀ ਰਹੀ। ਪਹਾੜੀ ਰਾਜਿਆਂ ਨੂੰ ਜਦੋਂ ਸਫ਼ਲਤਾ ਦੀ ਕੋਈ ਆਸ ਨਾ ਰਹੀ ਤਾਂ ਉਨ੍ਹਾਂ ਨੇ ਲੜਾਈ ਬੰਦ ਕਰਕੇ ਗੁਰੂ ਸਾਹਿਬ ਨਾਲ ਸਮਝੌਤਾ ਕਰਨ ਦਾ ਫ਼ੈਸਲਾ ਕੀਤਾ। ਗੁਰੂ ਜੀ ਅਨੰਦਪੁਰ ਸਾਹਿਬ ਤੋਂ ਕੀਰਤਪੁਰ ਤੋਂ ਲਗਭਗ ਦੋ ਕਿਲੋਮੀਟਰ ਦੀ ਦੂਰੀ ਤੇ ਸਥਿਤ ਨਿਰਮੋਹ ਨਾਮੀ ਪਿੰਡ ਵਿਚ ਚਲੇ ਗਏ।

**ਨਿਰਮੋਹ ਦਾ ਯੁੱਧ:**

ਜਦੋਂ ਗੁਰੂ ਸਾਹਿਬ ਨਿਰਮੋਹ ਵਿਚ ਚਲੇ ਗਏ ਤਾਂ 1702 ਈ. ਦੇ ਸ਼ੁਰੂ ਵਿਚ ਨਿਰਮੋਹ ਉਤੇ ਇਕ ਪਾਸਿਉਂ ਭੀਮ ਚੰਦ ਦੀ ਸੈਨਾ ਅਤੇ ਦੂਜੇ ਪਾਸਿਉਂ ਮੁਗ਼ਲ ਸੈਨਾ ਨੇ

ਹਮਲਾ ਕਰ ਦਿੱਤਾ। ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿੱਖ ਵੀ ਲੜਾਈ ਲਈ ਤਿਆਰ ਸਨ। ਇਸ ਲੜਾਈ ਵਿਚ ਨੇੜੇ-ਤੇੜੇ ਦੇ ਗੁੱਜਰਾਂ ਨੇ ਵੀ ਹਮਲਾਵਰਾਂ ਦਾ ਸਾਥ ਦਿੱਤਾ। ਸਿੱਖਾਂ ਨੇ ਬੜੀ ਬਹਾਦਰੀ ਨਾਲ ਦੁਸ਼ਮਣਾਂ ਦਾ ਟਾਕਰਾ ਕੀਤਾ। ਇਕ ਦਿਨ ਤੇ ਇਕ ਰਾਤ ਲੜਾਈ ਹੁੰਦੀ ਰਹੀ। ਅੰਤ ਸਿੱਖਾਂ ਨੇ ਦੁਸ਼ਮਣਾਂ ਨੂੰ ਕਰਾਰੀ ਹਾਰ ਦਿੱਤੀ ਅਤੇ ਉਨ੍ਹਾਂ ਨੂੰ ਭੱਜ ਜਾਣ ਲਈ ਮਜ਼ਬੂਰ ਕਰ ਦਿੱਤਾ। ਹੁਣ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਸਹਿਤ ਨਿਰਮੋਹ ਨੂੰ ਛੱਡ ਕੇ ਸਤਲੁਜ ਪਾਰ ਕਰਕੇ ਬਸੋਲੀ ਵੱਲ ਜਾਣ ਦਾ ਨਿਸ਼ਚਾ ਕੀਤਾ।

**ਬਸੋਲੀ ਦਾ ਯੁੱਧ:**

ਸਤਲੁਜ ਨਦੀ ਨੂੰ ਪਾਰ ਕਰਕੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿੱਖ ਬਸੌਲੀ ਵਿਚ ਚਲੇ ਗਏ। ਕਿਹਾ ਜਾਂਦਾ ਹੈ ਕਿ ਬਸੋਲੀ ਦੇ ਰਾਜੇ ਨੇ ਉਨ੍ਹਾਂ ਨੂੰ ਆਪਣੇ ਕੋਲ ਆਉਣ ਦਾ ਸੱਦਾ ਦਿੱਤਾ ਸੀ। ਰਾਜਾ ਭੀਮ ਚੰਦ ਨੇ ਗੁਰੂ ਸਾਹਿਬ ਦਾ ਪਿੱਛਾ ਕਰਨ ਲਈ ਬਸੋਲੀ ਵੱਲ ਸੈਨਾ ਭੇਜੀ ਪਰੰਤੂ ਸਿੱਖਾਂ ਨੇ ਇਸ ਸੈਨਾ ਨੂੰ ਹਰਾ ਕੇ ਭਜਾ ਦਿੱਤਾ। ਬਸੋਲੀ ਦੀ ਲੜਾਈ ਵਿਚ ਜਿੱਤ ਪ੍ਰਾਪਤ ਕਰਨ ਪਿੱਛੋਂ ਸਿੱਖਾਂ ਨੇ ਭੀਮ ਚੰਦ ਦੇ ਇਲਾਕਿਆਂ ਉਤੇ ਹਮਲੇ ਕਰਨੇ ਅਰੰਭ ਕਰ ਦਿੱਤੇ। ਉਨ੍ਹਾਂ ਨੇ ਕਲਮੋਟ ਦੇ ਕਿਲ੍ਹੇ ਨੂੰ ਫ਼ਤਿਹ ਕਰ ਲਿਆ ਅਤੇ ਅਨੰਦਪੁਰ ਦੇ ਨੇੜੇ ਆ ਗਏ। ਇਥੇ ਉਨ੍ਹਾਂ ਨੇ ਆਪਣੀ ਸੈਨਿਕ ਸ਼ਕਤੀ ਨੂੰ ਮਜ਼ਬੂਤ ਕੀਤਾ ਅਤੇ ਅਨੰਦਪੁਰ ਦੇ ਕਿਲ੍ਹੇ ਦੀ ਫਿਰ ਉਸਾਰੀ ਕਰਵਾਈ।

**ਅਨੰਦਪੁਰ ਸਾਹਿਬ ਦੀ ਦੂਜੀ ਲੜਾਈ:**

ਪਹਾੜੀ ਰਾਜਿਆਂ ਨੇ ਈਰਖ਼ਾ ਵਿਚ ਗੁਰੂ ਸਾਹਿਬ ਵਿਰੁੱਧ ਇਕ ਸੰਘ ਬਣਾ ਲਿਆ ਅਤੇ ਉਨ੍ਹਾਂ ਨੂੰ ਅਨੰਦਪੁਰ ਸਾਹਿਬ ਛੱਡ ਜਾਣ ਲਈ ਕਿਹਾ। ਗੁਰੂ ਸਾਹਿਬ ਨੇ ਬਗ਼ੈਰ ਉੱਤਰ ਦਿੱਤੇ ਅਨੰਦਪੁਰ ਸਾਹਿਬ ਵਿੱਚ ਰੱਖਿਆ ਦੇ ਪ੍ਰਬੰਧ ਮਜ਼ਬੂਤ ਕਰਨੇ ਅਰੰਭ ਕਰ ਦਿੱਤੇ। ਪਹਾੜੀ ਰਾਜਿਆਂ ਦੀਆਂ ਮਿਲਵੀਆਂ ਸੈਨਾਵਾਂ ਨੇ ਅਨੰਦਪੁਰ ਸਾਹਿਬ ਉੱਤੇ ਹੱਲਾ ਬੋਲ ਦਿੱਤਾ। ਗੁਰੂ ਸਾਹਿਬ ਨੇ ਆਪਣੇ ਬਹਾਦਰ ਸਿੱਖਾਂ ਦੀ ਸਹਾਇਤਾ ਨਾਲ ਪਹਾੜੀ ਰਾਜਿਆਂ ਨੂੰ ਇਕ ਵਾਰੀ ਫਿਰ ਭਾਂਜ ਦਿੱਤੀ ਅਤੇ ਵਾਪਸ ਜਾਣ ਲਈ ਮਜਬੂਰ ਕਰ ਦਿੱਤਾ। ਹੁਣ ਭੀਮ ਚੰਦ ਤੇ ਹੋਰ ਪਹਾੜੀ ਰਾਜਿਆਂ ਨੇ ਮੁਗ਼ਲ ਸਰਕਾਰ ਤੋਂ ਸਹਾਇਤਾ ਮੰਗੀ। ਸਰਹਿੰਦ ਦੇ ਫ਼ੌਜਦਾਰ ਵਜ਼ੀਰ ਖਾਂ ਦੀ ਅਗਵਾਈ ਹੇਠ ਵਿਸ਼ਾਲ ਮੁਗ਼ਲ ਸੈਨਾ ਇਕੱਠੀ ਕੀਤੀ ਗਈ ਅਤੇ ਉਸ ਨੂੰ ਪਹਾੜੀ ਰਾਜਿਆਂ ਵੱਲੋਂ ਲੜਨ ਲਈ ਭੇਜਿਆ ਗਿਆ। ਪਹਾੜੀ ਰਾਜਿਆਂ ਨੇ ਆਪਣੇ ਸੈਨਿਕਾਂ ਨੂੰ ਤਿਆਰ ਕਰਨ ਤੋਂ ਇਲਾਵਾ ਗੁੱਜਰਾਂ ਤੇ ਰੰਘੜਾਂ ਨੂੰ ਵੀ, ਜੋ ਸਿੱਖਾਂ ਦੇ ਵਿਰੁੱਧ ਸਨ, ਆਪਣੇ ਨਾਲ ਮਿਲਾ ਲਿਆ। ਇਸ ਵਿਸ਼ਾਲ ਤੇ ਸ਼ਕਤੀਸ਼ਾਲੀ ਸੈਨਾ ਨੇ ਅਨੰਦਪੁਰ ਸਾਹਿਬ ਉੱਤੇ ਹੱਲ੍ਹਾ ਬੋਲ ਦਿੱਤਾ। ਸਿੱਖਾਂ ਨੇ ਕਿਲ੍ਹੇ ਦੇ ਅੰਦਰੋਂ ਦੁਸ਼ਮਣਾਂ

ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਉਨ੍ਹਾਂ ਦੇ ਪਹਿਲੇ ਹਮਲੇ ਨੂੰ ਅਸਫਲ ਬਣਾ ਦਿੱਤਾ। ਹੁਣ ਹਮਲਾਵਰਾਂ ਨੇ ਅਨੰਦਪੁਰ ਸਾਹਿਬ ਨੂੰ ਚੌਹਾਂ ਪਾਸਿਆਂ ਤੋਂ ਘੇਰ ਲਿਆ ਅਤੇ ਕਿਲ੍ਹੇ ਵਿਚ ਜਾਣ ਤੇ ਆਉਣ ਦੇ ਸਾਰੇ ਰਸਤੇ ਰੋਕ ਲਏ। ਕਿਲ੍ਹੇ ਅੰਦਰ ਰਸਦ ਦੀ ਥੁੜ੍ਹ ਹੋ ਜਾਣ ਕਾਰਨ ਸਿੱਖਾਂ ਲਈ ਜ਼ਿਆਦਾ ਸਮੇਂ ਤੱਕ ਯੁੱਧ ਜਾਰੀ ਰੱਖਣਾ ਸੰਭਵ ਨਹੀਂ ਸੀ। ਸੋ ਗੁਰੂ ਸਾਹਿਬ ਨੇ ਮਜਬੂਰ ਹੋ ਕੇ ਮਾਤਾ ਗੁਜਰੀ ਜੀ ਦੇ ਕਹਿਣ ਤੇ ਦਸੰਬਰ, 1704 ਈ. ਨੂੰ ਅਨੰਦਪੁਰ ਸਾਹਿਬ ਛੱਡ ਦਿੱਤਾ। ਇਹ ਇਕ ਠੰਡੀ, ਹਨੇਰੀ ਤੇ ਵਰਖਾ ਦੀ ਰਾਤ ਸੀ ਜਦੋਂ ਕਿ ਗੁਰੂ ਸਾਹਿਬ ਨੇ ਆਪਣੇ ਪਰਿਵਾਰ ਅਤੇ ਲਗਭੱਗ 1500 ਸਿੱਖਾਂ ਸਹਿਤ ਅਨੰਦਪੁਰ ਸਾਹਿਬ ਨੂੰ ਛੱਡਿਆ।

**ਸਰਸਾ ਦੀ ਲੜਾਈ:**

ਜਦੋਂ ਗੁਰੂ ਸਾਹਿਬ ਤੇ ਉਨ੍ਹਾਂ ਦੇ ਸਾਥੀ ਸਰਸਾ ਨਦੀ ਤੇ ਪਹੁੰਚੇ ਅਤੇ ਉਨ੍ਹਾਂ ਨੂੰ ਸਮਾਚਾਰ ਮਿਲਿਆ ਕਿ ਦੁਸ਼ਮਣ-ਸੈਨਾ ਉਨ੍ਹਾਂ ਦਾ ਪਿੱਛਾ ਕਰਨ ਲਈ ਬੜੀ ਤੇਜ਼ੀ ਨਾਲ ਅੱਗੇ ਵੱਧ ਰਹੀ ਹੈ ਤਾਂ ਗੁਰੂ ਸਾਹਿਬ ਨੇ ਰੰਗਰੇਟੇ ਸਿੱਖ ਭਾਈ ਜੈਤਾ ਨੂੰ 100 ਸਿੱਖਾਂ ਸਹਿਤ ਵੈਰੀਆਂ ਦੀ ਸੈਨਾ ਨੂੰ ਰੋਕਣ ਦਾ ਹੁਕਮ ਦਿੱਤਾ। ਇਨ੍ਹਾਂ ਸੌ ਸਿੱਖਾਂ ਨੇ ਸਰਸਾ ਨਦੀ ਦੇ ਕੰਢੇ ਭਾਈ ਜੈਤਾ ਦੀ ਅਗਵਾਈ ਹੇਠ ਵੈਰੀਆਂ ਨਾਲ ਯੁੱਧ ਕੀਤਾ। ਉਨ੍ਹਾਂ ਨੇ ਵੈਰੀਆਂ ਨੂੰ ਬਹੁਤ ਨੁਕਸਾਨ ਪਹੁੰਚਾਇਆ ਅਤੇ ਸਾਰੇ ਦੇ ਸਾਰੇ ਸਿੱਖ ਸ਼ਹੀਦ ਹੋ ਗਏ। ਉਸ ਸਮੇਂ ਸਰਸਾ ਨਦੀ ਵਿਚ ਹੜ੍ਹ ਆਇਆ ਹੋਇਆ ਸੀ। ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸੈਂਕੜੇ ਸਿੱਖ ਘੋੜਿਆਂ ਸਮੇਤ ਹੀ ਦਰਿਆ ਵਿਚ ਕੁੱਦ ਪਏ। ਸਿੱਖ ਸਾਹਿਤ ਵੀ ਨਦੀ ਵਿਚ ਰੁੜ੍ਹ ਗਿਆ। ਇਸ ਭੱਜ-ਦੌੜ ਵਿਚ ਬਹੁਤ ਸਾਰੇ ਸਿੱਖ ਅਤੇ ਗੁਰੂ ਸਾਹਿਬ ਦੇ ਪਰਿਵਾਰ ਦੇ ਜੀਅ ਵੀ ਉਨ੍ਹਾਂ ਤੋਂ ਨਿਖੜ ਗਏ।

**ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ:**

ਸਰਸਾ ਨਦੀ ਨੂੰ ਪਾਰ ਕਰਦੇ ਸਮੇਂ ਗੁਰੂ ਸਾਹਿਬ ਦੀ ਮਾਤਾ ਗੁਜਰੀ ਜੀ ਅਤੇ ਉਨ੍ਹਾਂ ਦੇ ਦੋ ਛੋਟੇ ਸਾਹਿਬਜ਼ਾਦੇ, ਜ਼ੋਰਾਵਰ ਸਿੰਘ ਤੇ ਫ਼ਤਿਹ ਸਿੰਘ, ਉਨ੍ਹਾਂ ਤੋਂ ਵਿੱਛੜ ਗਏ। ਇਹ ਤਿੰਨੋਂ ਸਹੇੜੀ ਨਾਮੀ ਪਿੰਡ ਵਿਚ ਚਲੇ ਗਏ ਜਿੱਥੇ ਨੌਕਰ ਗੰਗੂ ਬ੍ਰਾਹਮਣ ਦੇ ਵਿਸ਼ਵਾਸਘਾਤ ਦੇ ਕਾਰਨ ਉਨ੍ਹਾਂ ਨੂੰ ਮੋਰਿੰਡਾ ਦੇ ਕੋਤਵਾਲ ਦੇ ਹਵਾਲੇ ਕਰ ਦਿੱਤਾ ਗਿਆ। ਕੋਤਵਾਲ ਨੇ ਉਨ੍ਹਾਂ ਨੂੰ ਸਰਹਿੰਦ ਭੇਜ ਦਿੱਤਾ। ਸਰਹਿੰਦ ਦੇ ਫ਼ੌਜਦਾਰ ਵਜ਼ੀਰ ਖਾਂ ਨੇ ਇਨ੍ਹਾਂ ਬੱਚਿਆਂ ਨੂੰ, ਜੋ ਕ੍ਰਮਵਾਰ ਨੌਂ ਤੇ ਸੱਤ ਵਰ੍ਹਿਆਂ ਦੇ ਸਨ, ਇਸਲਾਮ ਧਰਮ ਸਵੀਕਾਰ ਕਰਨ ਲਈ ਕਿਹਾ ਅਤੇ ਇਨਕਾਰ ਕਰ ਦੇਣ ਕਰਕੇ ਬੜੀ ਨਿਰਦੈਤਾ ਨਾਲ ਉਨ੍ਹਾਂ ਨੂੰ ਜੀਉਂਦਿਆਂ ਹੀ ਦੀਵਾਰ ਦੀਆਂ ਨੀਹਾਂ ਵਿਚ ਚਿਣਵਾ ਦਿੱਤਾ।ਮਾਤਾ ਗੁਜਰੀ ਜੀ ਨੇ ਆਪਣੇ ਪੋਤਰਿਆਂ ਦੇ ਦੁੱਖ ਕਾਰਨ ਆਪਣੇ ਪ੍ਰਾਣ ਤਿਆਗ ਦਿੱਤੇ।

**ਚਮਕੌਰ ਸਾਹਿਬ ਦੀ ਲੜਾਈ:**

ਸਰਸਾ ਨਦੀ ਨੂੰ ਪਾਰ ਕਰਨ ਪਿੱਛੋਂ ਗੁਰੂ ਸਾਹਿਬ ਆਪਣੇ ਕੁੱਝ ਸਿੱਖਾਂ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਅਜੀਤ ਸਿੰਘ ਤੇ ਜੁਝਾਰ ਸਿੰਘ ਸਮੇਤ ਕੋਟਲਾ ਨਿਹੰਗ ਖਾਂ ਪਹੁੰਚ ਗਏ, ਜਿੱਥੇ ਉਹ ਪਠਾਣ ਜ਼ਿਮੀਂਦਾਰ ਨਿਹੰਗ ਖਾਂ ਦੇ ਘਰ ਠਹਿਰੇ ਜੋ ਸਿੱਖ ਗੁਰੂਆਂ ਦਾ ਸ਼ਰਧਾਲੂ ਸੀ। ਕੋਟਲਾ ਨਿਹੰਗ ਖਾਂ ਤੋਂ ਉਹ ਚਮਕੌਰ ਦੀ ਗੜ੍ਹੀ ਵੱਲ ਵਧੇ। ਕੁੱਝ ਸਮੇਂ ਪਿੱਛੋਂ ਵੈਰੀਆਂ ਦੀ ਸੈਨਾ ਵੀ ਚਮਕੌਰ ਸਾਹਿਬ ਆ ਪਹੁੰਚੀ। ਚਮਕੌਰ ਸਾਹਿਬ ਦੀ ਲੜਾਈ ਵਿਚ ਗੁਰੂ ਸਾਹਿਬ ਨਾਲ ਕੇਵਲ 40 ਸਿੱਖ ਸਨ। ਫਿਰ ਵੀ ਉਨ੍ਹਾਂ ਨੇ ਅਦਭੁਤ ਦਲੇਰੀ ਤੇ ਬਹਾਦਰੀ ਨਾਲ ਵੈਰੀਆਂ ਦਾ ਮੁਕਾਬਲਾ ਕੀਤਾ ਜੋ ਹਜ਼ਾਰਾਂ ਦੀ ਗਿਣਤੀ ਵਿਚ ਸਨ। ਗੁਰੂ ਸਾਹਿਬ ਆਪ ਬੜੀ ਬਹਾਦਰੀ ਨਾਲ ਲੜੇ ਅਤੇ ਉਨ੍ਹਾਂ ਨੇ ਆਪਣੇ ਹੱਥੀਂ ਸ਼ਾਹੀ ਸੈਨਾ ਦੇ ਸੈਨਾਪਤੀ ਨਾਹਰ ਖਾਂ ਨੂੰ ਮਾਰ ਦਿੱਤਾ ਅਤੇ ਇਕ ਹੋਰ ਸੈਨਾਨਾਇਕ ਖ਼ਵਾਜਾ ਮੁਹੰਮਦ ਨੂੰ ਘਾਇਲ ਕਰ ਦਿੱਤਾ। ਗੁਰੂ ਸਾਹਿਬ ਦੇ ਦੋਹਾਂ ਸਾਹਿਬਜ਼ਾਦਿਆਂ, ਅਜੀਤ ਸਿੰਘ ਤੇ ਜੁਝਾਰ ਸਿੰਘ ਇਸ ਲੜਾਈ ਵਿਚ ਵੈਰੀਆਂ ਦੇ ਕਈ ਸੈਨਿਕਾਂ ਨੂੰ ਮਾਰ ਕੇ ਸ਼ਹੀਦੀਆਂ ਪ੍ਰਾਪਤ ਕਰ ਗਏ। ਪੰਜ ਪਿਆਰਿਆਂ ਵਿਚੋਂ ਤਿੰਨ ਪਿਆਰੇ ਵੀ ਲੜਦੇ ਹੋਏ ਇਸ ਲੜਾਈ ਵਿਚ ਸ਼ਹੀਦ ਹੋ ਗਏ। ਅੰਤ ਗੁਰੂ ਸਾਹਿਬ ਦੇ ਚਾਲ੍ਹੀ ਸਿੱਖਾਂ ਵਿਚੋਂ ਕੇਵਲ ਪੰਜ ਸਿੱਖ ਜੀਉਂਦੇ ਰਹਿ ਗਏ। ਪੰਜ ਸਿੰਘਾਂ ਨੇ ਗੁਰੂ ਜੀ ਨੂੰ ਗੜ੍ਹੀ ਦੇ ਵਿੱਚੋਂ ਬਾਹਰ ਜਾਣ ਦੇ ਲਈ ਕਿਹਾ।

**ਚਮਕੌਰ ਦੀ ਗੜ੍ਹੀ ਛੱਡਣਾ:**

ਗੁਰੂ ਜੀ ਨੇ ਉਨ੍ਹਾਂ ਪੰਜ ਸਿੰਘਾਂ ਨੂੰ ਸੀਸ ਨਿਵਾਇਆ ਤੇ ਪੂਰਨ ਸਤਿਕਾਰ ਦੇ ਕੇ ਤਾੜੀ ਮਾਰ ਕੇ ਗੁਰੂ ਜੀ ਗੜ੍ਹੀ ਦੇ ਵਿੱਚੋਂ ਨਿਕਲ ਗਏ। ਗੁਰੂ ਜੀ ਦੇ ਨਾਲ ਦੋ ਪਿਆਰੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਤੀਸਰੇ ਭਾਈ ਮਾਨ ਸਿੰਘ ਜੀ ਸਨ ਜਿਹੜੇ ਕਿ ਗੁਰੂ ਸਾਹਿਬ ਜੀ ਦੇ ਨਾਲ ਗਏ ਪਰ ਰਾਤ ਦੇ ਹਨੇਰੇ ਕਾਰਨ ਉਹ ਗੁਰੂ ਜੀ ਤੋਂ ਵਿੱਛੜ ਗਏ।

**ਮਾਛੀਵਾੜੇ ਦੇ ਜੰਗਲ:**

ਗੁਰੂ ਜੀ ਰਾਤ ਦੇ ਹਨੇਰੇ ਵਿੱਚ ਚਲਦੇ-ਚਲਦੇ ਮਾਛੀਵਾੜੇ ਵਿਖੇ ਪਹੁੰਚੇ। ਕਈ ਦਿਨਾਂ ਦੀ ਥਕਾਵਟ ਦੇ ਕਾਰਨ ਗੁਰੂ ਜੀ ਉੱਥੇ ਮਾਛੀਵਾੜੇ ਦੇ ਜੰਗਲਾਂ ਵਿੱਚ ਟਿੰਡ ਦਾ ਸਿਰਹਾਣਾ ਲਾ ਕੇ ਆਰਾਮ ਕਰਨ ਲੱਗ ਪਏ। ਇਨ੍ਹਾਂ ਹਾਲਾਤਾਂ ਦੇ ਵਿੱਚ ਵੀ ਗੁਰੂ ਸਾਹਿਬ ਜੀ ਪਰਮਾਤਮਾ ਦਾ ਹੀ ਸ਼ੁਕਰ ਮਨਾ ਰਹੇ ਸਨ। ਮਾਛੀਵਾੜੇ ਦੇ ਜੰਗਲ ਦੇ ਵਿੱਚ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਜੀ ਹੋਰੀਂ ਵੀ ਗੁਰੂ ਜੀ ਨੂੰ ਆ ਮਿਲੇ। ਗੁਰੂ ਸਾਹਿਬ ਜੀ ਉੱਥੋਂ ਅੱਗੇ ਚੱਲ ਪਏ।

**ਉੱਚ ਦਾ ਪੀਰ:**

ਮਾਛੀਵਾੜੇ ਦੇ ਹੀ ਦੋ ਸਕੇ ਭਰਾ ਗਨੀ ਖ਼ਾਂ ਤੇ ਨਬੀ ਖ਼ਾਂ ਕੁੱਝ ਚਿਰ ਗੁਰੂ

ਸਾਹਿਬ ਜੀ ਪਾਸ ਨੌਕਰੀ ਕਰਦੇ ਰਹੇ ਸਨ। ਇਹ ਗੁਰੂ ਘਰ ਦੇ ਪੱਕੇ ਸ਼ਰਧਾਲੂ ਸਨ। ਇਨ੍ਹਾਂ ਨੇ ਗੁਰੂ ਸਾਹਿਬ ਜੀ ਨੂੰ ਆ ਕੇ ਬੇਨਤੀ ਕੀਤੀ ਕਿ ਸਾਨੂੰ ਸੇਵਾ ਦਾ ਮੌਕਾ ਦਿੱਤਾ ਜਾਵੇ। ਦੋਨਾ ਭਰਾਵਾਂ ਦੀ ਸ਼ਰਧਾ ਭਾਵਨਾ ਨੂੰ ਮੁੱਖ ਰੱਖਦਿਆਂ ਹੋਇਆਂ ਗੁਰੂ ਸਾਹਿਬ ਜੀ ਨੇ ਉਨ੍ਹਾਂ ਦੀ ਮੰਗ ਨੂੰ ਸਵੀਕਾਰ ਕੀਤਾ ਤੇ ਨੀਲਾ ਬਾਣਾ ਧਾਰਨ ਕੀਤਾ ਤੇ ਇੱਕ ਪੀਰ ਦਾ ਭੇਸ ਵਟਾ ਲਿਆ। ਗਨੀ ਖ਼ਾਂ, ਨਬੀ ਖ਼ਾਂ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਜੀ ਨੇ ਗੁਰੂ ਸਾਹਿਬ ਜੀ ਨੂੰ ਮੋਢਿਆਂ ਉੱਪਰ ਚੁੱਕ ਲਿਆ ਤੇ ਭਾਈ ਦਇਆ ਸਿੰਘ ਜੀ ਪਿੱਛੇ ਚੌਰ ਕਰਨ ਲੱਗ ਪਏ। ਜੇਕਰ ਕੋਈ ਪੁੱਛਦਾ ਤਾਂ ਦੋਨੋਂ ਭਰਾ ਕਹਿ ਦਿੰਦੇ ਕਿ "ਉੱਚ ਦਾ ਪੀਰ" ਜਾ ਰਿਹਾ ਹੈ।

**ਮੁਗਲ ਹਕੂਮਤ ਦੀ ਵੀ ਜੜ੍ਹ ਪੁੱਟੀ ਗਈ:**

ਗੁਰੂ ਸਾਹਿਬ ਜੱਟਪੁਰਾ ਪਹੁੰਚੇ। ਇੱਥੇ ਮੁਸਲਮਾਨ ਸਰਦਾਰ ਰਾਇ ਕੱਲਾ ਜੋ ਕਿ ਇਸ ਇਲਾਕੇ ਦਾ ਚੌਧਰੀ ਸੀ, ਆਪ ਦੇ ਦਸ਼ਰਨਾਂ ਲਈ ਹਾਜ਼ਰ ਹੋਇਆ। ਉਸਨੇ ਗੁਰੂ ਜੀ ਦਾ ਅਥਾਹ ਸਤਿਕਾਰ ਕੀਤਾ ਤੇ ਗੁਰੂ ਜੀ ਦੀਆਂ ਮੁਸੀਬਤਾਂ ਨੂੰ ਮਹਿਸੂਸ ਕਰਦਿਆਂ ਜ਼ਾਲਮਾਂ ਨੂੰ ਬਦ-ਅਸੀਸਾਂ ਦਿੱਤੀਆਂ। ਰਾਇ ਕੱਲ੍ਹਾ ਵੱਲੋਂ ਭੇਜੇ ਚਰਵਾਹੇ ਨੂਰੇ ਰਾਹੀਂ ਇੱਥੇ ਹੀ ਪਤਾ ਲੱਗਿਆ ਕਿ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤਾ ਗਿਆ ਹੈ। ਜਦੋਂ ਇਹ ਖ਼ਬਰ ਗੁਰੂ ਸਾਹਿਬ ਜੀ ਨੇ ਸੁਣੀ ਤਾਂ ਇੱਕ ਬੂਟੇ ਨੂੰ ਜੜ੍ਹ ਸਮੇਤ ਪੁੱਟ ਕੇ ਕਿਹਾ ਕਿ ਇਸ ਤਰ੍ਹਾਂ ਸਰਹੰਦ (ਮੁਗਲ ਹਕੂਮਤ) ਦੀ ਵੀ ਜੜ੍ਹ ਪੁੱਟੀ ਜਾਵੇਗੀ।

**ਜ਼ਫ਼ਰਨਾਮਾ:**

ਇੱਥੋਂ ਗੁਰੂ ਜੀ ਦੀਨੇ ਕਾਂਗੜ ਵਿਖੇ ਪਹੁੰਚੇ। ਇੱਥੇ ਕਾਫ਼ੀ ਸਿੱਖ ਆ ਕੇ ਗੁਰੂ ਜੀ ਨੂੰ ਮਿਲਣ ਲੱਗੇ। ਗੁਰੂ ਜੀ ਕਾਫ਼ੀ ਚਿਰ ਇੱਥੇ ਠਹਿਰੇ ਤੇ ਇੱਥੇ ਹੀ ਆਪ ਨੇ ਔਰੰਗਜ਼ੇਬ ਨੂੰ "ਜ਼ਫ਼ਰਨਾਮਾ" ਭੇਜਿਆ। "ਜ਼ਫ਼ਰਨਾਮਾ" ਤੋਂ ਭਾਵ ਹੈ ਜਿੱਤ ਦੀ ਚਿੱਠੀ। ਇਸ ਰਚਨਾ ਦੇ ਵਿੱਚ ਗੁਰੂ ਸਾਹਿਬ ਜੀ ਨੇ ਸਪੱਸ਼ਟ ਲਿਖਿਆ ਕਿ ਤੂੰ ਦਗੇਬਾਜ਼ ਤੇ ਝੂਠਾ ਹੈਂ, ਤੂੰ ਬਾਦਸ਼ਾਹ ਜ਼ਰੂਰ ਹੈਂ, ਪਰ ਦੀਨ-ਈਮਾਨ ਤੇਰੇ ਨੇੜੇ-ਤੇੜੇ ਵੀ ਨਹੀਂ। ਤੂੰ ਮੇਰੇ ਚਾਰੇ ਪੁੱਤ ਤਾਂ ਸ਼ਹੀਦ ਕਰਵਾ ਦਿੱਤੇ ਹਨ, ਪਰ ਫਿਰ ਕੀ ਹੋਇਆ ਮੇਰਾ ਭੁਜੰਗੀ ਖਾਲਸਾ ਤਾਂ ਅਜੇ ਜਿਉਂਦਾ ਹੈ। ਇਹ ਜ਼ਫ਼ਰਨਾਮਾ ਭਾਈ ਦਇਆ ਸਿੰਘ ਜੀ ਔਰੰਗਜ਼ੇਬ ਨੂੰ ਦੇ ਕੇ ਆਏ। ਇਸ ਨੂੰ ਪੜ੍ਹ ਕੇ ਔਰੰਗਜ਼ੇਬ ਦੇ ਮਨ ਉੱਤੇ ਬਹੁਤ ਡੂੰਘਾ ਅਸਰ ਹੋਇਆ ਤੇ ਗੁਰੂ ਗੋਬਿੰਦ ਸਿੰਘ ਪ੍ਰਤੀ ਉਸਦਾ ਵਤੀਰਾ ਥੋੜ੍ਹਾ ਨਰਮ ਹੋ ਗਿਆ।

**ਮੁਕਤਸਰ ਦਾ ਯੁੱਧ:**

ਦੂਸਰੇ ਪਾਸੇ ਵਜ਼ੀਰ ਖ਼ਾਂ ਦੇ ਬਾਰੇ ਗੁਰੂ ਜੀ ਨੂੰ ਪਤਾ ਲੱਗ ਗਿਆ ਸੀ ਕਿ ਉਹ ਫੌਜ ਲੈ ਕੇ ਗੁਰੂ ਜੀ ਦੇ ਵਿਰੁੱਧ ਚੜ੍ਹਾਈ ਕਰ ਰਿਹਾ ਹੈ। ਇਸ ਲਈ ਗੁਰੂ ਜੀ ਉੱਥੋਂ

ਤੁਰੇ ਜਲਾਲ, ਭਗਤੇ, ਕੋਟਕਪੂਰੇ ਦੇ ਵਿੱਚ ਦੀ ਹੁੰਦੇ ਹੋਏ ਖ਼ਿਦਰਾਣੇ ਕੋਲ ਪਹੁੰਚ ਗਏ। ਇੱਥੇ ਹੀ ਗੁਰੂ ਜੀ ਦੇ ਨਾਲ ਭਾਈ ਮਹਾਂ ਸਿੰਘ ਜੀ ਦਾ 40 ਸਿੰਘਾਂ ਦਾ ਜਥਾ ਵੀ ਨਾਲ ਰਲ ਗਿਆ ਜੋ ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਨੂੰ ਛੱਡ ਗਏ ਸਨ। ਖ਼ਿਦਰਾਣੇ ਦੀ ਉੱਚੀ ਢਾਬ ਤੇ ਗੁਰੂ ਜੀ ਨੇ ਮੋਰਚਾ ਲਾ ਲਿਆ ਤੇ ਯੁੱਧ ਦਾ ਅਰੰਭ ਹੋ ਗਿਆ। ਗੁਰੂ ਜੀ ਅਤੇ ਦਲੇਰ ਸਿੱਖਾਂ ਨੇ ਇਤਨੀ ਬੀਰਤਾ ਦੇ ਨਾਲ ਜੌਹਰ ਦਿਖਾਏ ਕਿ ਮੁਗ਼ਲ ਫੌਜ ਉੱਤੇ ਗੁਰੂ ਜੀ ਨੇ ਜਿੱਤ ਪ੍ਰਾਪਤ ਕਰ ਲਈ। ਜੰਗ ਦੇ ਮੈਦਾਨ ਵਿੱਚ ਗੁਰੂ ਸਾਹਿਬ ਜੀ ਨੇ ਦੇਖਿਆ ਕਿ 40 ਸਿੰਘਾਂ ਦੇ ਵਿੱਚੋਂ ਕੁੱਝ ਸ਼ਹੀਦ ਹੋ ਚੁੱਕੇ ਸਨ ਤੇ ਕੁੱਝ ਜ਼ਖ਼ਮੀ ਸਨ। ਭਾਈ ਮਹਾਂ ਸਿੰਘ ਨੇ ਸਹਿਕਦੇ ਹੋਏ ਗੁਰੂ ਜੀ ਨੂੰ 'ਬੇਦਾਵਾ' ਪਾੜ ਦੇਣ ਲਈ ਬੇਨਤੀ ਕੀਤੀ। ਗੁਰੂ ਜੀ ਨੇ 'ਬੇਦਾਵਾ' ਪਾੜ ਦਿੱਤਾ। ਗੁਰੂ ਸਾਹਿਬ ਜੀ ਨੇ 40 ਮੁਕਤਿਆਂ ਦਾ ਵਰ ਇਨ੍ਹਾਂ ਨੂੰ ਦੇ ਦਿੱਤਾ। ਅੱਜ ਇਸ ਜਗ੍ਹਾ ਨੂੰ 'ਮੁਕਤਸਰ ਸਾਹਿਬ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਕਰਕੇ ਗੁਰੂ ਜੀ ਅੱਗੇ ਤੁਰ ਪਏ।

**ਦਮਦਮੀ ਬੀੜ:**

ਆਪ ਸਾਬੋ ਕੀ ਤਲਵੰਡੀ ਪੁੱਜੇ। ਇੱਥੇ ਹੀ ਆਪ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਸ਼ਾਮਿਲ ਕਰਕੇ ਭਾਈ ਮਨੀ ਸਿੰਘ ਜੀ ਤੋਂ ਆਦਿ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ ਜਿਸ ਨੂੰ "ਦਮਦਮੇ ਵਾਲੀ ਬੀੜ" ਕਿਹਾ ਜਾਂਦਾ ਹੈ। ਇਸੇ ਅਸਥਾਨ ਤੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮੇ ਵਾਲੀ ਬੀੜ ਦੇ ਤਿੰਨ ਉਤਾਰੇ ਕਰਵਾਏ ਜਿਸ ਦੇ ਵਿੱਚੋਂ ਇੱਕ ਬੀੜ ਅਕਾਲ ਤਖ਼ਤ ਸਾਹਿਬ ਵਿਖੇ, ਇੱਕ ਬੀੜ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਅਤੇ ਇੱਕ ਬੀੜ ਗੁਰੂ ਸਾਹਿਬ ਜੀ ਆਪਣੇ ਨਾਲ ਹੀ ਹਜ਼ੂਰ ਸਾਹਿਬ (ਨਾਂਦੇੜ) ਵਿਖੇ ਲੈ ਗਏ ਤੇ ਇਸੇ ਬੀੜ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਬਖ਼ਸ਼ੀ।

**ਔਰੰਗਜ਼ੇਬ ਦੀ ਮੌਤ:**

ਅੱਗੇ ਆਪ ਜੀ ਰਾਜਪੂਤਾਨੇ ਵੱਲ ਨੂੰ ਚਲੇ ਗਏ। ਆਪ ਜੀ ਨੂੰ ਸੂਚਨਾ ਮਿਲੀ ਕਿ ਔਰੰਗਜ਼ੇਬ ਮਰ ਗਿਆ ਹੈ।ਔਰੰਗਜ਼ੇਬ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰਾਂ ਵਿਚਕਾਰ ਦਿੱਲੀ ਦੇ ਤਖ਼ਤ ਲਈ ਝਗੜਾ ਚੱਲ ਰਿਹਾ ਸੀ। ਸ਼ਹਿਜ਼ਾਦਾ ਮੁਅੱਜ਼ਮ, ਜੋ ਬਾਅਦ ਦੇ ਵਿੱਚ ਬਹਾਦਰ ਸ਼ਾਹ ਬਣਿਆ, ਇਹ ਆਗਰੇ ਤੱਕ ਮਾਰਚ ਕਰ ਰਿਹਾ ਸੀ। ਜਦੋਂ ਇਸ ਦਾ ਮਿਲਾਪ ਗੁਰੂ ਗੋਬਿੰਦ ਸਿੰਘ ਜੀ ਨਾਲ ਹੁੰਦਾ ਹੈ। ਸ਼ਹਿਜ਼ਾਦਾ ਗੁਰੂ ਸਾਹਿਬ ਜੀ ਤੋਂ ਆਸ਼ੀਰਵਾਦ ਤੇ ਸਹਾਇਤਾ ਦੀ ਮੰਗ ਕਰਦਾ ਹੈ ਤੇ ਗੁਰੂ ਜੀ ਨੂੰ ਕਹਿੰਦਾ ਹੈ ਕਿ ਆਜ਼ਮ ਸ਼ਾਹ ਦੇ ਵਿਰੁੱਧ ਜੰਗ ਵਿੱਚ ਵੀ ਮੇਰੀ ਸਹਾਇਤਾ ਕੀਤੀ ਜਾਵੇ। ਗੁਰੂ ਜੀ ਨੇ ਬਾਦਸ਼ਾਹ ਦੀ ਸਹਾਇਤਾ ਕੀਤੀ ਜਿਸ ਵਿੱਚ ਕਿ ਸ਼ਹਿਜ਼ਾਦਾ ਮੁਅੱਜ਼ਮ ਦੀ ਜਿੱਤ ਹੋਈ ਤੇ ਉਹ ਬਾਦਸ਼ਾਹ ਬਣ ਗਿਆ। ਜਿੱਤ ਤੋਂ

ਬਾਅਦ ਗੁਰੂ ਜੀ ਆਗਰੇ ਵਿਖੇ ਬਹਾਦਰ ਸ਼ਾਹ ਨੂੰ ਮਿਲੇ ਤੇ ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਤੋਹਫ਼ੇ ਭੇਟ ਕੀਤੇ।

**ਮਾਧੋ ਦਾਸ ਤੋਂ ਬੰਦਾ ਸਿੰਘ ਬਹਾਦਰ:**

ਇਸ ਤੋਂ ਬਾਅਦ ਗੁਰੂ ਜੀ ਨੇ ਦੱਖਣ ਵੱਲ ਚਾਲੇ ਪਾ ਦਿੱਤੇ। ਬਹਾਦਰ ਸ਼ਾਹ ਵੀ ਗੁਰੂ ਜੀ ਦੇ ਨਾਲ ਸੀ। ਰਸਤੇ ਵਿੱਚ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਨਾਂਦੇੜ ਪਹੁੰਚ ਗਏ। ਗੁਰੂ ਜੀ ਨੇ ਇੱਥੇ ਡੇਰਾ ਲਾ ਲਿਆ। ਇੱਥੇ ਹੀ ਮਾਧੋ ਦਾਸ ਬੈਰਾਗੀ ਨੂੰ ਆਪਣੇ ਆਤਮਿਕ ਬਲ ਨਾਲ ਜਿੱਤ ਕੇ ਉਸਨੂੰ ਨਾਮ ਦੀ ਦਾਤ ਦਿੱਤੀ ਤੇ ਬੰਦਾ ਸਿੰਘ ਬਹਾਦਰ ਬਣਾ ਕੇ ਪੰਜ ਤੀਰ ਦੇ ਕੇ ਪੰਜਾਬ ਵਿੱਚ ਸਿੱਖ ਰਾਜ ਕਾਇਮ ਕਰਨ ਦੇ ਲਈ ਭੇਜ ਦਿੱਤਾ।

**ਰਚਨਾ/ਬਾਣੀ:**

ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਦਸਮ ਗ੍ਰੰਥ ਦੀ ਰਚਨਾ ਕੀਤੀ, ਜਿਸ ਵਿੱਚ ਇਨ੍ਹਾਂ ਦੀਆਂ ਪ੍ਰਮੁਖ ਰਚਨਾਵਾਂ ਜਾਪੁ ਸਾਹਿਬ, ਵਾਰ ਸ੍ਰੀ ਭਗਉਤੀ ਜੀ ਕੀ, ਜਫ਼ਰਨਾਮਾ, ਅਕਾਲ ਉਸਤਤਿ, ਚੰਡੀ ਦੀ ਵਾਰ, ਬਚਿਤ੍ਰ ਨਾਟਕ, ਖਾਲਸੇ ਦੀ ਮਹਿਮਾ ਆਦਿ ਦਰਜ ਸਨ।

**ਗੁਰਿਆਈ ਤੇ ਜੋਤੀ-ਜੋਤਿ ਸਮਾਉਣਾ:**

ਵਜ਼ੀਰ ਖ਼ਾਂ ਨੇ ਦੋ ਪਠਾਣ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਬਣਾ ਕੇ ਦੱਖਣ ਵੱਲ ਨੂੰ ਹੀ ਭੇਜ ਦਿੱਤੇ। ਗੁਰੂ ਜੀ ਕੋਲ ਆ ਕੇ ਉਹ ਦੋਵੇਂ ਗੁਰੂ ਜੀ ਦੇ ਸੇਵਕ ਬਣ ਗਏ ਅਤੇ ਮੌਕਾ ਮਿਲਣ ਤੇ ਇਨ੍ਹਾਂ ਨੇ ਗੁਰੂ ਜੀ ਦੀ ਖੱਬੀ ਵੱਖੀ ਵਿੱਚ ਛੁਰਾ ਖੋਭ ਦਿੱਤਾ। ਗੁਰੂ ਜੀ ਦੇ ਜ਼ਖ਼ਮ ਹੋ ਗਿਆ। ਗੁਰੂ ਜੀ ਦੇ ਜ਼ਖ਼ਮ ਨੂੰ ਸੀਤਾ ਗਿਆ ਤੇ ਹੌਲੀ-ਹੌਲੀ ਉਹ ਠੀਕ ਵੀ ਹੋਣ ਲੱਗ ਪਿਆ। ਗੁਰੂ ਦਰਬਾਰ ਵਿੱਚ ਕਿਸੇ ਨੇ ਗੁਰੂ ਜੀ ਨੂੰ ਕਮਾਨ ਭੇਟ ਕੀਤੀ। ਉਸ ਕਮਾਨ ਨੂੰ ਚਿੱਲਾ ਚੜ੍ਹਾਉਣ ਲੱਗੇ ਤਾਂ ਜ਼ਖ਼ਮ ਫਟ ਗਿਆ। ਗੁਰੂ ਜੀ ਨੂੰ ਪ੍ਰਤੀਤ ਹੋਇਆ ਕਿ ਸਮਾਂ ਨੇੜੇ ਆ ਗਿਆ ਹੈ। ਗੁਰੂ ਜੀ ਨੇ ਸੋਚਿਆ ਕਿ ਹੁਣ ਸਿੱਖ ਸਮਾਜ ਨੂੰ ਦੇਹ ਰੂਪ ਵਿੱਚ ਗੁਰੂ ਦੀ ਲੋੜ ਨਹੀਂ ਹੈ। ਦਸ ਗੁਰੂ ਸਾਹਿਬਾਨ ਦੇ ਸਮੇਂ ਦੌਰਾਨ ਵਿਵਾਹਰਕ ਤੌਰ 'ਤੇ ਸਿੱਖਾਂ ਨੇ ਗੁਰੂ ਸਾਹਿਬਾਨਾਂ ਤੋਂ ਬਹੁਤ ਕੁਛ ਧਾਰਨ ਕਰ ਲਿਆ ਹੈ ਤੇ ਸਿਧਾਂਤਕ ਤੌਰ ਤੇ ਅਗਵਾਈ ਇਸ ਦੈਵੀ ਰਚਨਾ ਗੁਰੂ ਗ੍ਰੰਥ ਸਾਹਿਬ ਜੀ ਕੋਲੋਂ ਲੈਣੀ ਹੈ। ਗੁਰੂ ਜੀ ਨੇ ਦਮਦਮੀ ਬੀੜ ਨੂੰ ਗੁਰਿਆਈ ਪ੍ਰਦਾਨ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਣਾ ਦਿੱਤਾ। ਸਿੱਖ ਰਵਾਇਤ ਅਨੁਸਾਰ ਪੰਜ ਪੈਸੇ ਅੱਗੇ ਰੱਖ ਕੇ ਮੱਥਾ ਟੇਕਿਆ ਤੇ 1708 ਈ: ਨੂੰ ਗੁਰੂ ਸਾਹਿਬ ਜੀ ਮਨੁੱਖਤਾ ਨੂੰ ਸੱਚ ਦਾ ਉਪਦੇਸ਼ ਦਿੰਦੇ ਹੋਏ ਜੋਤੀ-ਜੋਤਿ ਸਮਾ ਗਏ।

**ਸਿਧਾਂਤ/ਹੁਕਮ:**

1. ਨਾਮ-ਬਾਣੀ ਦੇ ਧਾਰਨੀ ਹੋਣ ਦਾ ਉਪਦੇਸ਼ ਦਿੱਤਾ।
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣਾ
3. ਧਰਮ ਦੀ ਕਿਰਤ ਕਰਨੀ, ਦਸਵੰਧ ਦੇਣਾ।
4. ਸਭ ਜਾਤਾਂ ਪਾਤਾਂ ਛੱਡ ਕੇ ਇਕ ਅਕਾਲ ਪੁਰਖ ਨਾਲ ਜੁੜਣਾ।
5. ਪੰਜ ਕਕਾਰਾਂ ਦੀ ਰਹਿਤ ਰੱਖਣਾ।
6. ਸਭ ਕਾਰਜਾਂ ਦੇ ਆਰੰਭ ਵਿੱਚ ਅਰਦਾਸ ਕਰਨੀ।
7. ਪਿਆਰ ਨਾਲ ਲੋੜਵੰਦਾਂ ਦੀ ਸੇਵਾ ਕਰਨੀ।
8. ਮੱਤ ਉੱਚੀ ਤੇ ਸੁੱਚੀ ਰੱਖਣਾ, ਸ਼ੁਭ ਕਰਮ ਕਰਦੇ ਰਹਿਣਾ।
9. ਕਦੇ ਵੀ ਕਿਸੇ ਦੀ ਨਿੰਦਾ, ਚੁਗਲੀ, ਈਰਖਾ ਨਹੀਂ ਕਰਨੀ।
10. ਚੋਰੀ, ਯਾਰੀ, ਠੱਗੀ ਤੇ ਧੋਖਾ ਨਹੀਂ ਕਰਨਾ।

## ਪ੍ਰਸ਼ਨੋਤਰੀ

ਪ੍ਰਸ਼ਨ 1. ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਕਦੋਂ ਹੋਇਆ ?

(ੳ) 1667 ਈ. (ਅ) 1666 ਈ.
(ੲ) 1668 ਈ. (ਸ) 1670 ਈ.

ਪ੍ਰਸ਼ਨ 2. ਗੁਰੂ ਗੋਬਿੰਦ ਸਿੰਘ ਜੀ ਨੇ ਸੰਸਕ੍ਰਿਤ ਕਿਸ ਕੋਲੋਂ ਪੜ੍ਹੀ ?

(ੳ) ਪੰਡਿਤ ਤ੍ਰਿਲੋਚਨ (ਅ) ਪੰਡਿਤ ਸੂਰਦਾਸ
(ੲ) ਪੰਡਿਤ ਕਿਰਪਾ ਰਾਮ (ਸ) ਪੰਡਿਤ ਹਰਦਿਆਲ

ਪ੍ਰਸ਼ਨ 3. ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਕੋਲੋਂ ਕੁਰਾਨ ਸ਼ਰੀਫ਼ ਪੜ੍ਹਿਆ ?

(ੳ) ਕਾਜ਼ੀ ਨੂਰ ਮੁਹੰਮਦ (ਅ) ਕਾਜ਼ੀ ਪੀਰ ਮੁਹੰਮਦ
(ੲ) ਕਾਜ਼ੀ ਰੁਕਨੁੱਦੀਨ (ਸ) ਕਾਜ਼ੀ ਕਮਾਲੁਦੀਨ

ਪ੍ਰਸ਼ਨ 4. ਗੁਰੂ ਗੋਬਿੰਦ ਸਿੰਘ ਜੀ ਦਾ ਪਹਿਲਾ ਵਿਆਹ ਕਿਸ ਨਾਲ ਹੋਇਆ ?

(ੳ) ਮਾਤਾ ਸੁੰਦਰੀ ਜੀ (ਅ) ਮਾਤਾ ਸਾਹਿਬ ਕੌਰ ਜੀ
(ੲ) ਮਾਤਾ ਜੀਤੋ ਜੀ (ਸ) ਮਾਤਾ ਗੰਗਾ ਜੀ

ਪ੍ਰਸ਼ਨ 5. ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੀ ਧਰਤੀ ਤੇ ਕਿੰਨੇ ਕਿਲ੍ਹੇ ਬਣਾਏ ?

(ੳ) ਚਾਰ (ਅ) ਤਿੰਨ
(ੲ) ਪੰਜ (ਸ) ਸੱਤ

ਪ੍ਰਸ਼ਨ 6. ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਕਿੱਥੇ ਹੋਇਆ ?

(ੳ) ਹਜ਼ੂਰ ਸਾਹਿਬ (ਅ) ਪਟਨਾ ਸਾਹਿਬ
(ੲ) ਅਨੰਦਪੁਰ ਸਾਹਿਬ (ਸ) ਜਮੁਨਾ ਨਗਰ

ਪ੍ਰਸ਼ਨ 7. ਕਿਹੜੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੀ ਹੈ ?

(ੳ) ਪੰਥ ਪ੍ਰਕਾਸ਼ (ਅ) ਸ੍ਰੀ ਦਸਮ ਗ੍ਰੰਥ
(ੲ) ਜਪੁਜੀ ਸਾਹਿਬ (ਸ) ਅਨੰਦ ਸਾਹਿਬ

ਪ੍ਰਸ਼ਨ 8. ਗੁਰੂ ਗੋਬਿੰਦ ਸਿੰਘ ਜੀ ਨੇ ਸਭ ਤੋਂ ਪਹਿਲਾਂ ਕਿਹੜਾ ਯੁੱਧ ਲੜਿਆ ?

(ੳ) ਭੰਗਾਣੀ (ਅ) ਨਦੌਣ
(ੲ) ਚਮਕੌਰ (ਸ) ਚੱਪੜ ਚਿੜ੍ਹੀ

ਪ੍ਰਸ਼ਨ 9. ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਦੋਂ ਕੀਤੀ ?

(ੳ) 1667 ਈ. (ਅ) 1606 ਈ.
(ੲ) 1699 ਈ. (ਸ) 1666 ਈ.

ਪ੍ਰਸ਼ਨ10.ਗੁਰੂ ਗੋਬਿੰਦ ਸਿੰਘ ਜੀ ਦਾ ਅਨੰਦਪੁਰ ਸਾਹਿਬ ਵਿਖੇ ਸਭ ਤੋਂ ਮਹੱਤਵਪੂਰਣ ਕਾਰਜ ਕਿਹੜਾ ਸੀ ?

(ੳ) ਖਾਲਸਾ ਸਾਜਨਾ (ਅ) ਕਿਲ੍ਹੇ ਬਣਵਾਉਣਾ
(ੲ) ਯੁੱਧ ਦੀ ਤਿਆਰੀ ਕਰਨਾ (ਸ) ਪ੍ਰਚਾਰ

ਪ੍ਰਸ਼ਨ 11. ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਕਿਸ ਦੇ ਹੁਕਮ ਨਾਲ ਸ਼ਹੀਦ ਕੀਤਾ ?

(ੳ) ਗੰਗੂ ਬ੍ਰਾਹਮਣ (ੲ) ਸੁੱਚਾ ਨੰਦ
(ੲ) ਵਜ਼ੀਰ ਖਾਂ (ਸ) ਮੋਤੀ ਰਾਮ

ਪ੍ਰਸ਼ਨ 12. ਚਮਕੌਰ ਦੀ ਲੜਾਈ ਵਿੱਚ ਗੁਰੂ ਸਾਹਿਬ ਨਾਲ ਕਿੰਨੇ ਸਿੰਘ ਸਨ ?

(ੳ) 45 (ਅ) 41

(ੲ) 40 (ਸ) 44

ਪ੍ਰਸ਼ਨ 13. ਚਮਕੌਰ ਦੀ ਜੰਗ ਵਿੱਚ ਪੰਜਾਂ ਪਿਆਰਿਆਂ ਵਿਚੋਂ ਕਿੰਨੇ ਪਿਆਰੇ ਸ਼ਹੀਦ ਹੋ ਗਏ ਸਨ ?

(ੳ) ਚਾਰ (ਅ) ਤਿੰਨ

(ੲ) ਦੋ (ਸ) ਇਕ

ਪ੍ਰਸ਼ਨ 14. "ਜਫ਼ਰਨਾਮਾ" ਕਿਸ ਗੁਰੂ ਸਾਹਿਬ ਦੀ ਰਚਨਾ ਹੈ ?

(ੳ) ਗੁਰੂ ਗੋਬਿੰਦ ਸਿੰਘ ਜੀ (ਅ) ਗੁਰੂ ਅਮਰਦਾਸ ਜੀ

(ੲ) ਗੁਰੂ ਨਾਨਕ ਦੇਵ ਜੀ (ਸ) ਗੁਰੂ ਰਾਮਦਾਸ ਜੀ

ਪ੍ਰਸ਼ਨ 15. ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਜੀ ਦਾ ਕੀ ਨਾਮ ਸੀ?

(ੳ) ਮਾਤਾ ਭਾਨੀ ਜੀ (ਅ) ਮਾਤਾ ਸੁਲੱਖਣੀ ਜੀ

(ੲ) ਮਾਤਾ ਗੁਜਰੀ ਜੀ (ਸ) ਮਾਤਾ ਦਯਾ ਜੀ

ਪ੍ਰਸ਼ਨ 16. ਗੁਰੂ ਗੋਬਿੰਦ ਸਿੰਘ ਜੀ ਦਾ ਦੂਜਾ ਵਿਆਹ ਕਿਸ ਨਾਲ ਹੋਇਆ

(ੳ) ਮਾਤਾ ਸੁੰਦਰੀ ਜੀ (ਅ) ਮਾਤਾ ਸਾਹਿਬ ਜੀ

(ੲ) ਮਾਤਾ ਗੰਗਾ ਜੀ (ਸ) ਮਾਤਾ ਜੀਤੋਂ ਜੀ

ਪ੍ਰਸ਼ਨ 17. ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮੀ ਬੀੜ ਕਿਸ ਤੋਂ ਲਿਖਵਾਈ ਸੀ?

(ੳ) ਭਾਈ ਮਨੀ ਸਿੰਘ (ਅ) ਭਾਈ ਦਇਆ ਸਿੰਘ

(ੲ) ਭਾਈ ਮਹਾਂ ਸਿੰਘ (ਸ) ਭਾਈ ਧਰਮ ਸਿੰਘ

ਪ੍ਰਸ਼ਨ 18 "ਉੱਚ ਦਾ ਪੀਰ" ਕਿਸ ਗੁਰੂ ਸਾਹਿਬ ਨੂੰ ਕਿਹਾ ਜਾਂਦਾ ਹੈ?

(ੳ) ਸ੍ਰੀ ਗੁਰੂ ਨਾਨਕ ਦੇਵ ਜੀ (ਅ) ਸ੍ਰੀ ਗੁਰੂ ਤੇਗ ਬਹਾਦਰ ਜੀ

(ੲ) ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਸ) ਸ੍ਰੀ ਗੁਰੂ ਅਰਜਨ ਦੇਵ ਜੀ

ਪ੍ਰਸ਼ਨ 19. ਗੁਰੂ ਗੋਬਿੰਦ ਸਿੰਘ ਜੀ ਨੇ "ਜਫ਼ਰਨਾਮਾ" ਕਿਸਨੂੰ ਭੇਜਿਆ ਸੀ?

(ੳ) ਬਾਬਰ (ਅ) ਅਕਬਰ

(ੲ) ਵਜ਼ੀਰ ਖਾਂ (ਸ) ਔਰੰਗਜ਼ੇਬ

ਪ੍ਰਸ਼ਨ 20. ਗੁਰੂ ਗੋਬਿੰਦ ਸਿੰਘ ਜੀ ਕਦੋਂ ਜੋਤੀ-ਜੋਤਿ ਸਮਾਏ?

(ੳ) 1700ਈ: (ਅ) 1705 ਈ:

(ੲ) 1708 ਈ: (ਸ) 1720 ਈ

**ਉੱਤਰ:-** 1.(ਅ), 2.(ੲ), 3.(ਅ), 4.(ੲ), 5.(ੳ), 6.(ਅ), 7.(ਅ), 8.(ੳ), 9.(ੲ), 10.(ੳ), 11.(ੲ), 12.(ੲ), 13.(ਅ), 14.(ੳ), 15.(ੲ), 16.(ੳ), 17.(ੳ), 18.(ੲ), 19.(ਸ), 20.(ੲ)

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ



ਕਿਸੇ ਵੀ ਧਰਮ ਦਾ ਪ੍ਰਾਇਮਰੀ ਸਰੋਤ ਉਸ ਧਰਮ ਦਾ ਧਰਮ ਗ੍ਰੰਥ ਹੁੰਦਾ ਹੈ। ਸਿੱਖ ਧਰਮ ਦਾ ਪਵਿੱਤਰ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ 6 ਧਰਮ ਬਾਨੀਆਂ ਦੇ ਨਾਲ 30 ਹੋਰ ਪ੍ਰਤਾਪੀ ਮਹਾਂ ਪੁਰਖਾਂ ਦੀ ਬਾਣੀ ਨੂੰ ਆਪਣੇ ਵਿਚ ਸਮੋਈ ਬੈਠਾ ਹੈ। ਇਸ ਪਵਿੱਤਰ ਧਰਮ ਗ੍ਰੰਥ ਦੀ ਸੰਪਾਦਨ ਕਾਰਜ ਦਾ ਮਾਣ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਪ੍ਰਾਪਤ ਹੋਇਆ ਸੀ, ਅਤੇ 1604 ਈਸਵੀ ਵਿਚ ਇਸ ਦਾ ਕਾਰਜ ਸੰਪੂਰਨ ਹੋਇਆ। ਇਸ ਨੂੰ ਲਿਖਣ ਦਾ ਮਾਣ ਭਾਈ ਗੁਰਦਾਸ ਨੂੰ ਮਿਲਿਆ ਅਤੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਥਾਪਿਆ। ਇਸ ਧਰਮ ਗ੍ਰੰਥ ਦੇ 6 ਗੁਰੂ ਸਾਹਿਬਾਨ, 15 ਭਗਤ ਸਾਹਿਬਾਨ, 11 ਭੱਟ, 4 ਗੁਰਸਿੱਖ ਕੁੱਲ 36 ਬਾਣੀਕਾਰ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਗੁਰੂ ਤੇਗ ਬਹਾਦਰ ਦੇ ਸ਼ਬਦ ਅਤੇ ਸਲੋਕਾਂ ਨੂੰ ਜੋੜ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਸਰਪ੍ਰਸਤੀ ਹੇਠਾਂ ਨਵੇਂ ਸਿਰਿਓ ਲਿਖਵਾਈ ਬੀੜ ਨੂੰ ਦਿੱਤੀ ਗਈ ਸੀ। ਸਿੱਖ ਪ੍ਰੰਪਰਾ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਵਿਖੇ ਸੰਪੂਰਨ ਬਾਣੀ ਆਪਣੇ ਕੰਠ ਤੋਂ ਉਚਾਰ ਕੇ ਇਸੇ ਧਰਮ ਗ੍ਰੰਥ ਦਾ ਲਿਖਤੀ ਰੂਪ ਭਾਈ ਮਨੀ ਸਿੰਘ ਜੀ ਪਾਸੋਂ ਕਰਵਾਇਆ ਅਤੇ 1708 ਈ. ਵਿਚ ਜੋਤੀ- ਜੋਤਿ ਸਮਾਉਣ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਧਰਮ ਗ੍ਰੰਥ ਨੂੰ ਖ਼ਾਲਸੇ ਦਾ ਗੁਰੂ ਹੋਣ ਦਾ ਮਾਣ ਦਿੱਤਾ। 1430 ਪੰਨਿਆ ਵਿਚ ਸਮੋਇਆ ਹੋਇਆ

ਇਹ ਵੱਡ-ਅਕਾਰੀ ਧਰਮ ਗ੍ਰੰਥ 31 ਰਾਗਾਂ ਵਿਚ 'ਧੁਰ ਕੀ ਬਾਣੀ' ਦੀ ਗੱਲ ਕਰਦਾ ਹੈ।

ਸਧਾਰਣ ਰੂਪ ਵਿਚ ਇਸ ਗ੍ਰੰਥ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ। ਪਹਿਲੇ ਭਾਗ ਵਿਚ ਪੰਨਾ 1 ਤੋਂ 13 ਤਕ ਨਿਤਨੇਮ ਦੀਆਂ ਬਾਣੀਆਂ ਦਰਜ ਹਨ ਜਿਨ੍ਹਾਂ ਵਿਚ ਜਪੁ, ਸੋਦਰੁ, ਰਹਿਰਾਸ ਅਤੇ ਸੋਹਿਲਾ ਨਾਮ ਦੀਆਂ ਬਾਣੀਆਂ ਹਨ ਜਿਨ੍ਹਾਂ ਨੂੰ ਸਿੱਖ ਮਰਿਆਦਾ ਅਨੁਸਾਰ ਵੱਖੋ-ਵੱਖਰੇ ਸਮੇਂ ਪੜ੍ਹਨ ਦਾ ਨੇਮ ਦਿੱਤਾ ਗਿਆ ਹੈ ਜਿਵੇਂ ਜਪੁ ਜੀ ਸਾਹਿਬ ਅੰਮ੍ਰਿਤ ਵੇਲੇ, ਰਹਿਰਾਸ ਸਾਹਿਬ ਸੰਧਿਆ ਸਮੇਂ ਅਤੇ ਕੀਰਤਨ ਸੋਹਿਲਾ ਰਾਤ ਸੌਣ ਸਮੇਂ ਪੜ੍ਹਨਾ ਚਾਹੀਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦੂਜਾ ਭਾਗ ਜੋ ਪੰਨਾ 14 ਤੋਂ 1352 ਤੱਕ ਹੈ ਰਾਗਬੱਧ ਸੰਕਲਨ ਅਧੀਨ ਹੈ ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ 30 ਰਾਗਾਂ ਵਿਚ ਵੰਡਿਆ ਹੈ। ਬਾਅਦ ਵਿਚ ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਂਵੇਂ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਜੈਜਾਵੰਤੀ ਰਾਗ ਵਿਚ ਦਰਜ ਕਰਕੇ ਰਾਗਾਂ ਦੀ ਕੁਲ ਗਿਣਤੀ 31 ਕਰ ਦਿਤੀ। ਅਖੀਰਲਾ ਭਾਗ ਰਾਗ ਮੁਕਤ ਬਾਣੀ ਦਾ ਹੈ ਇਹ ਪੰਨਾ 1352 ਤੋਂ 1430 ਤਕ ਦਰਜ ਹੈ ਇਸ ਭਾਗ ਵਿਚ ਸਹਸਕ੍ਰਿਤੀ, ਗਾਥਾ, ਫੁਨਹੇ, ਸਲੋਕ ਸ਼ੇਖ਼ ਫ਼ਰੀਦ ਅਤੇ ਕਬੀਰ, ਸਵਯੇ, ਸਲੋਕ, ਵਾਰਾਂ ਤੇ ਵਧੀਕ, ਚਉਬੋਲੇ, ਸਲੋਕ ਮਹਲਾ ਨੌਂਵਾਂ, ਮੁੰਦਾਵਣੀ ਅਤੇ ਅਖੀਰ ਵਿਚ ਰਾਗਮਾਲਾ ਬਾਣੀ ਦਿਤੀ ਗਈ ਹੈ।"

ਬਾਣੀ ਦੇ ਸੰਕਲਨ ਵਿਚ ਬਾਣੀ ਦੀ ਛੋਟੀ ਤੋਂ ਛੋਟੀ ਇਕਾਈ ਸ਼ਬਦ ਨੂੰ ਵੇਖੀਏ ਤਾਂ ਸ਼ਬਦ ਬਾਣੀ ਦੇ ਸਿਰਲੇਖ ਦਾ ਆਰੰਭ ਮੂਲ ਮੰਤ੍ਰ ਦੇ ਰੂਪ ਵਿਚ ਹੁੰਦਾ ਹੈ ਜਿਸਦੇ ਭਿੰਨ-ਭਿੰਨ ਰੂਪ ਹਨ। ਜਿਵੇਂ ਜਾਂ ਸਤਿਗੁਰ ਪ੍ਰਸਾਦਿ ਜਾਂ ਸਤਿਨਾਮੁ ਗੁਰ ਪ੍ਰਸਾਦਿ ਜਾਂ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ਜਾਂ ਪੂਰਾ ਮੂਲ ਮੰਤ੍ਰ ਹੈ। ਉਸ ਤੋਂ ਬਾਅਦ ਰਾਗ ਦਾ ਅੰਕਣ ਹੈ ਜਿਸ ਵਿਚ 31 ਮੁਖ ਰਾਗ ਅਤੇ 31 ਰਾਗ ਪ੍ਰਕਾਰ ਹਨ। ਰਾਗ ਵਿਸ਼ੇਸ਼ ਵਿਚ ਬਾਣੀ ਅੰਕਿਤ ਕਰਨ ਸਮੇਂ ਪਹਿਲ ਗੁਰੂ ਸਾਹਿਬਾਨ ਨੂੰ ਦਿਤੀ ਗਈ ਹੈ ਜਿਸ ਨੂੰ ਮਹਲਾ ਕ੍ਰਮ ਵਿਚ ਦਰਜ ਕੀਤਾ ਗਿਆ ਹੈ। ਉਦਾਹਰਣ ਵਜੋਂ ਮਹਲਾ 1 ਗੁਰੂ ਨਾਨਕ ਦੇਵ ਜੀ, ਮਹਲਾ 2 ਗੁਰੂ ਅੰਗਦ ਦੇਵ ਜੀ ਜਾਂ ਮਹਲਾ 9 ਗੁਰੂ ਤੇਗ਼ ਬਹਾਦਰ ਜੀ ਵਲ ਸੰਕੇਤ ਕਰਦਾ ਹੈ। ਗੁਰੂ ਸਾਹਿਬਾਨ ਦੀ ਬਾਣੀ ਵਿਸ਼ੇਸ਼ /ਸੰਬੰਧਤ ਰਾਗ ਵਿਚ ਖਤਮ ਹੋਣ ਤੋਂ ਬਾਅਦ ਭਗਤਾਂ ਦੀ ਬਾਣੀ ਉਨ੍ਹਾਂ ਦੇ ਨਾਮ ਸਹਿਤ ਸਿਰਲੇਖ ਰੂਪ ਵਿਚ ਦਰਜ ਹੈ ਉਦਾਹਰਣ ਵਜੋਂ 'ਬਾਣੀ ਭਗਤ ਕਬੀਰ ਜੀ' ਆਦਿ। ਇਸ ਤੋਂ ਅਗੇ ਕ੍ਰਮਵਾਰ ਕਾਵਿ-ਰੂਪ ਜਾਂ ਗਾਇਨ ਰੂਪ ਦਰਜ ਹਨ। ਕਾਵਿ-ਰੂਪਾਂ ਦੇ ਅੰਤਰਗਤ ਪਦੇ, ਦੁਪਦੇ, ਤਿਪਦੇ, ਚਉਪਦੇ ਪੰਜਪਦੇ ਆਦਿ ਆਉਂਦੇ ਹਨ। ਪਦਿਆਂ ਤੋਂ ਬਾਅਦ ਅਸਟਪਦੀਆਂ ਹਨ। ਫੇਰ ਲੰਮੇਰੀਆਂ ਰਚਨਾਵਾਂ ਜਾਂ ਵਾਰਾਂ ਨੂੰ ਕ੍ਰਮਵਾਰ

ਦਰਜ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸੰਬੰਧਤ ਬਾਣੀ ਰਚਨਾਵਾਂ ਵਿਚ ਸਲੋਕ ਅਤੇ ਪਉੜੀਆਂ ਕਾਵਿ ਰੂਪਾਂ ਨੂੰ ਵੀ ਲਿਆ ਗਿਆ ਹੈ। ਕਾਵਿ-ਰੂਪਾਂ ਨੂੰ ਦਰਜ ਕਰਨ ਸਮੇਂ ਵੀ ਗੁਰੂ ਸਾਹਿਬਾਨ ਅਤੇ ਭਗਤਾਂ ਦੇ ਕ੍ਰਮ ਨੂੰ ਧਿਆਨ ਵਿਚ ਰੱਖਿਆ ਗਿਆ ਹੈ। ਪਦ ਦੇ ਕਾਵਿ-ਰੂਪ ਨੂੰ ਅੰਕਾਂ ਨਾਲ ਅੰਕਿਤ ਕੀਤਾ ਗਿਆ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 36 ਬਾਣੀਕਾਰ

**6 ਗੁਰੂ ਸਾਹਿਬਾਨ :**

1.ਗੁਰੂ ਨਾਨਕ ਸਾਹਿਬ, 2.ਗੁਰੂ ਅੰਗਦ ਸਾਹਿਬ, 3.ਗੁਰੂ ਅਮਰਦਾਸ ਸਾਹਿਬ, 4.ਗੁਰੂ ਰਾਮਦਾਸ ਸਾਹਿਬ, 5.ਗੁਰੂ ਅਰਜਨ ਸਾਹਿਬ, 6.ਗੁਰੂ ਤੇਗ ਬਹਾਦਰ ਸਾਹਿਬ

**15 ਭਗਤਾਂ ਦੇ ਨਾਮ :**

1.ਕਬੀਰ ਜੀ, 2.ਫਰੀਦ ਜੀ, 3.ਨਾਮਦੇਵ ਜੀ, 4.ਰਵਿਦਾਸ ਜੀ, 5.ਸਧਨਾ ਜੀ, 6.ਤ੍ਰਿਲੋਚਨ ਜੀ, 7.ਭੀਖਣ ਜੀ, 8.ਪਰਮਾਨੰਦ ਜੀ, 9.ਜੈਦੇਵ ਜੀ, 10.ਪੀਪਾ ਜੀ, 11.ਧੰਨਾ ਜੀ, 12.ਬੇਣੀ ਜੀ, 13.ਸੂਰਦਾਸ ਜੀ, 14.ਸੈਣ ਜੀ, 15.ਰਾਮਾਨੰਦ ਜੀ

**11 ਭੱਟਾਂ ਦੇ ਨਾਮ :**

1.ਕਲ੍ਯ ਜੀ, 2.ਜਾਲਪ ਜੀ, 3.ਕੀਰਤ ਜੀ, 4.ਭਿਖਾ ਜੀ, 5.ਸਲ੍ਯ ਜੀ, 6.ਭਲ੍ਯ ਜੀ, 7.ਨਲ੍ਯ ਜੀ, 8.ਗੰਯਦ ਜੀ, 9.ਮੁਥਰਾ ਜੀ, 10.ਬਲ੍ਯ ਜੀ, 11.ਹਰਿਬੰਸ ਜੀ,

**4 ਗੁਰਸਿੱਖਾਂ ਦੇ ਨਾਮ :**

1.ਬਾਬਾ ਸੁੰਦਰ ਜੀ, 2.ਬਾਬਾ ਸੱਤਾ ਜੀ,
3.ਬਾਬਾ ਬਲਵੰਡ ਜੀ, 4. ਭਾਈ ਮਰਦਾਨਾ ਜੀ

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ 31 ਰਾਗ :**

1.ਸਿਰੀਰਾਗੁ, 2.ਮਾਝ, 3.ਗਉੜੀ, 4.ਆਸਾ, 5.ਗੂਜਰੀ, 6.ਦੇਵਗੰਧਾਰੀ, 7.ਬਿਹਾਗੜਾ, 8.ਵਡਹੰਸੁ, 9.ਸੋਰਠਿ, 10.ਧਨਾਸਰੀ, 11.ਜੈਤਸਰੀ, 12.ਟੋਡੀ, 13.ਬੈਰਾੜੀ, 14.ਤਿਲੰਗ, 15.ਸੂਹੀ, 16.ਬਿਲਾਵਲੁ, 17.ਗੋਂਡ, 18.ਰਾਮਕਲੀ, 19.ਨਟ, 20.ਮਾਲੀ ਗਉੜਾ, 21.ਮਾਰੂ, 22.ਤੁਖਾਰੀ, 23.ਕੇਦਾਰਾ, 24.ਭੈਰਉ, 25.ਬਸੰਤੁ, 26.ਸਾਰੰਗ, 27.ਕਾਨੜਾ, 28.ਮਲਾਰ, 29.ਕਲਿਆਣ, 30.ਪ੍ਰਭਾਤੀ, 31.ਜੈਜਾਵੰਤੀ

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਈ ਵਾਰਾਂ :**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 22 ਵਾਰਾਂ ਦਰਜ ਹਨ। ਇਨ੍ਹਾਂ ਵਾਰਾਂ ਦੇ ਸਿਰਲੇਖ ਗੁਰੂ ਸਾਹਿਬ ਨੇ ਰਾਗਾਂ ਦੇ ਨਾਮ 'ਤੇ ਦਿੱਤੇ ਹਨ ਜਿਸ ਤੋਂ ਭਾਵ ਹੈ ਕਿ ਇਸ ਵਾਰ ਨੂੰ ਇਸ ਰਾਗ ਵਿਚ ਗਾਉਣਾ ਹੈ।

1. ਵਾਰ ਮਾਝ ਕੀ ਮਹਲਾ 1
2. ਆਸਾ ਕੀ ਵਾਰ ਮਹਲਾ 1
3. ਮਲਾਰ ਕੀ ਵਾਰ ਮਹਲਾ 1
4. ਗੂਜਰੀ ਕੀ ਵਾਰ ਮਹਲਾ 3
5. ਸੂਹੀ ਕੀ ਵਾਰ ਮਹਲਾ 3
6. ਰਾਮਕਲੀ ਕੀ ਵਾਰ ਮਹਲਾ 3
7. ਮਾਰੂ ਵਾਰ ਮਹਲਾ 3
8. ਸਿਰੀਰਾਗੁ ਕੀ ਵਾਰ ਮਹਲਾ 4
9. ਗਉੜੀ ਕੀ ਵਾਰ ਮਹਲਾ 4
10. ਬਿਹਾਗੜੇ ਕੀ ਵਾਰ ਮਹਲਾ 4
11. ਵਡਹੰਸ ਕੀ ਵਾਰ ਮਹਲਾ 4
12. ਸੋਰਠਿ ਕੀ ਵਾਰ ਮਹਲਾ 4
13. ਬਿਲਾਵਲ ਕੀ ਵਾਰ ਮਹਲਾ 4
14. ਸਾਰੰਗ ਕੀ ਵਾਰ ਮਹਲਾ 4
15. ਕਾਨੜੇ ਕੀ ਵਾਰ ਮਹਲਾ 4
16. ਗਉੜੀ ਕੀ ਵਾਰ ਮਹਲਾ 5
17. ਗੂਜਰੀ ਕੀ ਵਾਰ ਮਹਲਾ 5
18. ਜੈਤਸਰੀ ਕੀ ਵਾਰ ਮਹਲਾ 5
19. ਰਾਮਕਲੀ ਕੀ ਵਾਰ ਮਹਲਾ 5
20. ਮਾਰੂ ਵਾਰ ਮਹਲਾ 5
21. ਬਸੰਤ ਕੀ ਵਾਰ ਮਹਲਾ 5
22. ਰਾਮਕਲੀ ਕੀ ਵਾਰ ਭਾਈ ਸਤਾ ਅਤੇ ਭਾਈ ਬਲਵੰਡ

**9 ਧੁਨੀਆਂ :**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਇਨ੍ਹਾਂ ਵਾਰਾਂ ਨੂੰ ਇਨ੍ਹਾਂ 9 ਧੁਨੀਆਂ 'ਤੇ ਗਾਉਣ ਦਾ ਆਦੇਸ਼ ਦਿੱਤਾ ਹੈ। ਇਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:

1. ਵਾਰ ਮਾਝ ਕੀ ਤਥਾ ਸਲੋਕ ਮਹਲਾ 1 – ਮਲਕ ਮੁਰੀਦ ਤਥਾ ਚੰਦ੍ਰਹੜਾ ਕੀ ਧੁਨੀ ਗਾਵਣੀ
2. ਗਉੜੀ ਕੀ ਵਾਰ ਮਹਲਾ 5 – ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ
3. ਆਸਾ ਮਹਲਾ 1 – ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ

ਲਿਖੇ-ਟੁੰਡੇ ਅਸ ਰਾਜੈ ਕੀ ਧੁਨੀ

4. ਗੂਜਰੀ ਕੀ ਵਾਰ ਮਹਲਾ 3 - ਸਿਕੰਦਰ ਬਿਰਾਹਿਮ ਕੀ ਧੁਨਿ ਗਾਉਣੀ
5. ਵਡਹੰਸ ਕੀ ਵਾਰ ਮਹਲਾ 4 - ਲਲਾਂ ਬਹਲੀਮਾ ਕੀ ਧੁਨਿ ਗਾਵਣੀ
6. ਰਾਮਕਲੀ ਕੀ ਵਾਰ ਮਹਲਾ 3 - ਜੋਧੈ ਵੀਰੈ ਪੂਰਬਾਣੀ ਕੀ ਧੁਨੀ
7. ਸਾਰੰਗ ਕੀ ਵਾਰ ਮਹਲਾ 4 - ਰਾਇ ਮਹਮੇ ਹਸਨੇ ਕੀ ਧੁਨਿ
8. ਵਾਰ ਮਲਾਰ ਕੀ ਮਹਲਾ 1 - ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ
9. ਕਾਨੜੇ ਕੀ ਵਾਰ ਮਹਲਾ 4 - ਮੂਸੇ ਕੀ ਵਾਰ ਕੀ ਧੁਨੀ

## ਪ੍ਰਸ਼ਨੋਤਰੀ

ਪ੍ਰਸ਼ਨ 1. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਸ ਦੀ ਬਾਣੀ ਦਰਜ ਨਹੀਂ ਹੈ?

(ੳ). ਗੁਰੂ ਸਾਹਿਬਾਨ (ਅ). ਕਬੀਰ ਜੀ
(ੲ). ਪੀਲੂ (ਸ). ਸੇਖ਼ ਫਰੀਦ ਜੀ

ਪ੍ਰਸ਼ਨ 2. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਇਕੱਤਰੀਕਰਨ ਕਿਸਨੇ ਕੀਤਾ?

(ੳ). ਗੁਰੂ ਨਾਨਕ ਦੇਵ ਜੀ (ਅ). ਗੁਰੂ ਅਰਜਨ ਦੇਵ ਜੀ
(ੲ). ਭਾਈ ਗੁਰਦਾਸ (ਸ). ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਪ੍ਰਸ਼ਨ 3. ਬਾਣੀ ਦੇ ਸੰਕਲਨ ਦਾ ਅਧਾਰ ਕੀ ਸੀ?

(ੳ). ਲੋਕ ਵਿਸ਼ਵਾਸ਼ (ਅ). ਵਰਗ ਵੰਡ
(ੲ). ਗੁਰੂ ਸਾਹਿਬਾਨ ਦੀ ਵਿਚਾਰਧਾਰਾ (ਸ). ਵੱਖ-ਵੱਖ ਧਰਮ

ਪ੍ਰਸ਼ਨ 4. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੰਨੇ ਗੁਰੂ ਸਹਿਬਾਨ ਦੀ ਬਾਣੀ ਦਰਜ ਹੈ?

(ੳ). 5 (ਅ). 10
(ੲ). 6 (ਸ). 4

ਪ੍ਰਸ਼ਨ 5. ਜੈਜਾਵੰਤੀ ਰਾਗ ਵਿੱਚ ਕਿਸ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ।

(ੳ). ਗੁਰੂ ਤੇਗ ਬਹਾਦਰ ਜੀ (ਅ). ਗੁਰੂ ਅੰਗਦ ਦੇਵ ਜੀ
(ੲ). ਗੁਰੂ ਨਾਨਕ ਦੇਵ ਜੀ (ਸ). ਗੁਰੂ ਅਰਜਨ ਦੇਵ ਜੀ

ਪ੍ਰਸ਼ਨ 6. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਲਿਖਾਰੀ ਕੌਣ ਸਨ?

(ੳ) ਗੁਰੂ ਅਰਜਨ ਦੇਵ ਜੀ (ਅ) ਗੁਰੂ ਨਾਨਕ ਦੇਵ ਜੀ

(ੲ) ਭਾਈ ਗੁਰਦਾਸ ਜੀ (ਸ) ਇਨ੍ਹਾਂ ਵਿਚੋਂ ਕੋਈ ਨਹੀਂ

ਪ੍ਰਸ਼ਨ 7. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਿਸ ਨੇ ਕੀਤਾ?

(ੳ) ਪਹਿਲੇ ਗੁਰੂ (ਅ) ਦੂਸਰੇ ਗੁਰੂ

(ੲ) ਪੰਜਵੇਂ ਗੁਰੂ (ਸ) ਨੌਂਵੇਂ ਗੁਰੂ

ਪ੍ਰਸ਼ਨ 8. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁਲ ਕਿੰਨੇ ਬਾਣੀਕਾਰਾਂ ਦੀ ਬਾਣੀ ਦਰਜ ਹੈ?

(ੳ) 6 (ਅ) 12

(ੲ) 15 (ਸ) 36

ਪ੍ਰਸ਼ਨ 9. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੰਨੇ ਭਗਤਾਂ ਦੀ ਬਾਣੀ ਦਰਜ ਹੈ?

(ੳ). 11 (ਅ). 15

(ੲ). 6 (ਸ). 10

ਪ੍ਰਸ਼ਨ 10. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1 ਤੋਂ 13 ਤਕ ਦੀਆਂ ਬਾਣੀਆਂ ਨੂੰ ਕਿਵੇਂ ਜਾਣਿਆ ਜਾਂਦਾ?

(ੳ) ਨਿਤਨੇਮ ਦੀਆਂ ਬਾਣੀਆਂ (ਅ) ਰਾਗ ਮੁਕਤ ਬਾਣੀਆਂ

(ੲ) ਰਾਗ ਯੁਕਤ ਬਾਣੀਆਂ (ਸ) ਇਨ੍ਹਾਂ ਵਿਚੋਂ ਕੋਈ ਨਹੀਂ

ਪ੍ਰਸ਼ਨ 11. ਅੰਮ੍ਰਿਤ ਵੇਲੇ ਪੜ੍ਹਨ ਵਾਲੀ ਬਾਣੀ ਦਾ ਕੀ ਨਾਮ ਹੈ?

(ੳ) ਜਪੁਜੀ ਸਾਹਿਬ (ਅ) ਰਹਿਰਾਸ ਸਾਹਿਬ

(ੲ) ਕੀਰਤਨ ਸੋਹਿਲਾ (ਸ) ਮੂਲ ਮੰਤ੍ਰ

ਪ੍ਰਸ਼ਨ 12. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕਿੰਨੇ ਰਾਗਾਂ ਵਿਚ ਹੈ?

(ੳ) 30 (ਅ) 31

(ੲ) 20 (ਸ) 25

ਪ੍ਰਸ਼ਨ 13. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਕਿਸ ਰਾਗ ਵਿਚ ਹੈ?

(ੳ) ਸਿਰੀ (ਅ) ਜੈਜਾਵੰਤੀ

(ੲ) ਆਸਾ (ਸ) ਮਾਝ

ਪ੍ਰਸ਼ਨ 14. ਸ੍ਰੀ ਗੁਰੂ ਤੇਗ ਬਹਾਦਰ ਦੁਆਰਾ ਰਚਿਤ ਬਾਣੀ ਦਾ ਕੀ ਨਾਮ ਹੈ?

(ੳ) ਵਾਰ (ਅ) ਕਵਿਤਾ

(ੲ) ਸ਼ਬਦ ਅਤੇ ਸਲੋਕ (ਸ) ਸਵੈਯੇ

ਪ੍ਰਸ਼ਨ 15. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੰਨੇ ਭੱਟਾਂ ਦੀ ਬਾਣੀ ਦਰਜ ਹੈ?

(ੳ) 11 (ਅ) 22

(ੲ) 15 (ਸ) 10

ਪ੍ਰਸ਼ਨ 16. ਮਹਲਾ ਸ਼ਬਦ ਕਿਸ ਵੱਲ ਸੰਕੇਤ ਹੈ?

(ੳ) ਅੰਕਣ ਦਾ (ਅ) ਸਬੰਧਤ ਗੁਰੂ ਦਾ

(ੲ) ਭਗਤ ਦਾ (ਸ) ਇਨ੍ਹਾਂ ਵਿਚੋਂ ਕੋਈ ਨਹੀਂ

ਪ੍ਰਸ਼ਨ 17. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਨੂੰ ਕਿਸ ਅੰਕ ਨਾਲ ਦਰਸਾਇਆ ਗਿਆ?

(ੳ) ਮਹਲਾ 1 (ਅ) ਮਹਲਾ 9

(ੲ) ਮਹਲਾ 5 (ਸ) ਮਹਲਾ 2

ਪ੍ਰਸ਼ਨ 18. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੰਨੇ ਸਿੱਖਾਂ ਦੀ ਬਾਣੀ ਦਰਜ ਹੈ?

(ੳ) 11 (ਅ) 10

(ੲ) 6 (ਸ) 4

ਪ੍ਰਸ਼ਨ 19. ਸ਼ਬਦ ਬਾਣੀ ਦੇ ਸਿਰਲੇਖ ਦਾ ਆਰੰਭ ਕਿਸ ਤੋਂ ਹੁੰਦਾ ਹੈ?

(ੳ) ਪਦਿਆਂ ਤੋਂ (ਅ) ਮੂਲ ਮੰਤ੍ਰ ਤੋਂ

(ੲ) ਕਾਵਿ-ਰੂਪ ਤੋਂ (ਸ) ਰਹਾਉ

ਪ੍ਰਸ਼ਨ 20. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੰਨੀਆਂ ਵਾਰਾਂ ਦਰਜ ਹਨ?

(ੳ) 21 (ਅ) 22

(ੲ) 31 (ਸ) 9

**ਉੱਤਰ:**-1.(ੲ), 2.(ਅ), 3.(ੲ), 4.(ੲ), 5.(ੳ), 6.(ੲ),7.(ੲ), 8.(ਸ), 9.(ਅ), 10.(ੳ),11.(ੳ), 12.(ਅ),13.(ਅ),14.(ੲ), 15.(ੳ), 16.(ਅ), 17.(ਅ), 18.(ਸ), 19.(ਅ), 20.(ਅ)

# ਅਧਿਆਇ-ਦੂਜਾ

## ਪੰਜ ਪਿਆਰੇ, ਚਾਰ ਸਾਹਿਬਜ਼ਾਦੇ ਅਤੇ ਚਾਲੀ ਮੁਕਤੇ

# ਪੰਜ ਪਿਆਰੇ



ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਨੇ ਗੁਰਗੱਦੀ ਉੱਪਰ ਸੁਸ਼ੋਭਿਤ ਹੋਣ ਤੋਂ ਬਾਅਦ ਸਿੱਖ ਪੰਥ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਇਆ। 1699 ਈ. ਨੂੰ ਵਿਸਾਖੀ ਵਾਲੇ ਦਿਨ ਗੁਰੂ ਪਾਤਸ਼ਾਹ ਨੇ ਖਾਲਸੇ ਦੀ ਸਿਰਜਨਾ ਕੀਤੀ। ਸੰਸਾਰ ਦੇ ਇਸ ਵੱਡੇ ਇਕੱਠ ਵਿਚੋਂ ਗੁਰੂ ਸਾਹਿਬ ਜੀ ਨੇ ਵਾਰੋ-ਵਾਰੀ ਪੰਜ ਸਿਰਾਂ ਦੀ ਮੰਗ ਕੀਤੀ। ਇਸ ਸੂਰਬੀਰਤਾ ਦੇ ਵਰਤਾਰੇ ਵਿਚ ਪਾਸ ਹੋਣ ਵਾਲੇ ਸਿੱਖਾਂ ਨੂੰ ਪੰਜ ਪਿਆਰਿਆਂ ਦਾ ਨਾਮ ਦਿੱਤਾ ਗਿਆ। ਇਨ੍ਹਾਂ ਪੰਜਾਂ ਨੂੰ ਗੁਰੂ ਪਾਤਸ਼ਾਹ ਨੇ ਆਪ ਆਪਣੇ ਹੱਥੀਂ ਅੰਮ੍ਰਿਤ ਛਕਾਇਆ, ਉਪਰੰਤ ਗੁਰੂ ਸਾਹਿਬ ਨੇ ਆਪ ਇਨ੍ਹਾਂ ਪੰਜ ਪਿਆਰਿਆਂ ਦੇ ਹੱਥੋਂ ਅੰਮ੍ਰਿਤ ਛਕ ਕੇ 'ਆਪੇ ਗੁਰ ਚੇਲਾ' ਦੀ ਪ੍ਰੰਪਰਾ ਨੂੰ ਜਨਮ ਦਿੱਤਾ। ਇਨ੍ਹਾਂ ਪੰਜ ਪਿਆਰਿਆਂ ਦਾ ਨਾਮ ਅਤੇ ਸੰਖੇਪ ਵਰਨਣ ਇਸ ਪ੍ਰਕਾਰ ਹੈ:-

**ਪੰਜ ਪਿਆਰੇ**

1. **ਭਾਈ ਦਇਆ ਸਿੰਘ ਜੀ**
2. **ਭਾਈ ਧਰਮ ਸਿੰਘ**
3. **ਭਾਈ ਹਿੰਮਤ ਸਿੰਘ**
4. **ਭਾਈ ਮੋਹਕਮ ਸਿੰਘ**
5. **ਭਾਈ ਸਾਹਿਬ ਸਿੰਘ**

**ਭਾਈ ਦਇਆ ਸਿੰਘ :**

1699 ਈ. ਵਾਲੇ ਦਿਨ ਪੰਜ ਪਿਆਰਿਆਂ ਵਿਚੋਂ ਇੱਕ ਜਿਨ੍ਹਾਂ ਨੇ ਗੁਰੂ

ਸਾਹਿਬ ਅੱਗੇ ਸਭ ਤੋਂ ਪਹਿਲਾਂ ਆਪਣਾ ਸੀਸ ਭੇਂਟ ਕੀਤਾ ਉਹ ਭਾਈ ਦਇਆ ਸਿੰਘ ਜੀ ਸਨ। ਆਪ ਦਾ ਜਨਮ 1661 ਈ. ਵਿੱਚ ਲਾਹੌਰ ਵਿਖੇ ਹੋਇਆ। ਆਪ ਦੇ ਮਾਤਾ ਜੀ ਦਾ ਨਾਮ ਦਿਆਲੀ ਜੀ ਸੀ। ਆਪ ਦੇ ਪਿਤਾ ਭਾਈ ਸੁਧਾ ਜੀ ਸੋਬਤੀ ਖਤ੍ਰੀ ਸਨ ਅਤੇ ਗੁਰੂ ਸਾਹਿਬ ਦੇ ਸ਼ਰਧਾਲੂ ਸਿੱਖ ਸਨ। ਆਪ ਦਾ ਮੁਢਲਾ ਨਾਮ ਦਇਆ ਰਾਮ ਸੀ ਪਰ ਅੰਮ੍ਰਿਤ ਛਕਣ ਮਗਰੋਂ ਆਪ ਦਇਆ ਰਾਮ ਤੋਂ ਦਇਆ ਸਿੰਘ ਹੋ ਗਏ। ਆਪ ਜੰਗਾਂ, ਯੁੱਧਾਂ ਵਿੱਚ ਗੁਰੂ ਸਾਹਿਬ ਦੇ ਨਾਲ ਰਹੇ। ਇਨ੍ਹਾਂ ਦੇ ਹੱਥ ਹੀ ਗੁਰੂ ਸਾਹਿਬ ਨੇ ਦੀਨਾ ਕਾਂਗੜ ਦੇ ਸਥਾਨ ਤੋਂ ਔਰੰਗਜੇਬ ਬਾਦਸ਼ਾਹ ਨੂੰ 'ਜ਼ਫ਼ਰਨਾਮਾ' ਭੇਜਿਆ ਸੀ। ਅੰਤ ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾ ਜਾਣ ਮਗਰੋਂ ਛੇਤੀ ਹੀ ਇਹ ਵੀ ਅਕਾਲ ਚਲਾਣਾ ਕਰ ਗਏ।

**ਭਾਈ ਧਰਮ ਸਿੰਘ :**

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਜਾਏ ਪੰਜ ਪਿਆਰਿਆਂ ਵਿਚੋਂ ਭਾਈ ਧਰਮ ਸਿੰਘ ਦਾ ਜਨਮ 1666 ਈ. ਵਿੱਚ ਇਕ ਜੱਟ ਪਰਿਵਾਰ ਵਿਚ ਹਸਤਨਾਪੁਰ, ਦਿੱਲੀ ਵਿਖੇ ਹੋਇਆ।ਆਪ ਦੇ ਪਿਤਾ ਜੀ ਦਾ ਨਾਂ ਭਾਈ ਸੰਤ ਰਾਮ ਅਤੇ ਮਾਤਾ ਜੀ ਦਾ ਨਾਂ ਮਾਈ ਸਾਭੋ ( ਨਾਮਾਂਤਰ ਜੱਸੀ )ਸੀ। ਭਾਈ ਧਰਮ ਸਿੰਘ ਦਾ ਮੂਲ ਨਾਂ ਧਰਮਦਾਸ ਸੀ। 1699 ਈ . ਦੀ ਵਿਸਾਖੀ ਵਾਲੇ ਦਿਨ ਇਨ੍ਹਾਂ ਨੇ ਦਸਮ ਪਾਤਸ਼ਾਹ ਨੂੰ ਆਪਣਾ ਸੀਸ ਭੇਂਟ ਕਰਕੇ ਅੰਮ੍ਰਿਤ ਪਾਨ ਕੀਤਾ ਅਤੇ ਧਰਮ ਸਿੰਘ ਨਾਮ ਧਾਰਣ ਕਰਕੇ ਪੰਜ ਪਿਆਰਿਆਂ ਵਿਚ ਸ਼ਾਮਲ ਹੋਏ। ਭਾਈ ਧਰਮ ਸਿੰਘ ਜੀ ਵੀ ਨਾਂਦੇੜ (ਹਜ਼ੂਰ ਸਾਹਿਬ) ਵਿਖੇ ਗੁਰੂ ਸਾਹਿਬ ਜੀ ਦੇ ਜੋਤੀ-ਜੋਤਿ ਸਮਾ ਜਾਣ ਮਗਰੋਂ ਅਕਾਲ ਚਲਾਣਾ ਕਰ ਗਏ।

**ਭਾਈ ਹਿੰਮਤ ਸਿੰਘ:**

ਭਾਈ ਹਿੰਮਤ ਸਿੰਘ ਜੀ ਦਾ ਜਨਮ ਜਗਨਨਾਥ ਪੁਰੀ, ਉੜੀਸਾ ਵਿਖੇ 1663 ਈ. ਵਿੱਚ ਹੋਇਆ। ਆਪ ਦੇ ਪਿਤਾ ਜੀ ਦਾ ਨਾਂ ਗੁਲਜ਼ਾਰੀ ਸੀ ਜੋ ਕਿ ਝੀਉਰ ਸਨ। ਆਪ ਦੇ ਮਾਤਾ ਜੀ ਦਾ ਨਾਮ ਧੰਨੋ ਜੀ ਸੀ। ਆਪ ਜੀ ਦਾ ਪਹਿਲਾ ਨਾਮ ਹਿੰਮਤ ਰਾਇ ਸੀ, ਅੰਮ੍ਰਿਤ ਛਕਣ ਮਗਰੋਂ ਆਪ ਹਿੰਮਤ ਸਿੰਘ ਹੋ ਗਏ। ਸੰਨ 1704 ਈ. ਨੂੰ ਚਮਕੌਰ ਸਾਹਿਬ ਦੇ ਯੁੱਧ ਵਿਚ ਆਪ ਸ਼ਹੀਦ ਹੋ ਗਏ ।

**ਭਾਈ ਮੋਹਕਮ ਸਿੰਘ:**

ਭਾਈ ਮੋਹਕਮ ਸਿੰਘ ਜੀ ਦਾ ਜਨਮ 1663 ਈ. ਵਿੱਚ ਦਵਾਰਕਾ, ਗੁਜਰਾਤ ਵਿਖੇ ਹੋਇਆ।ਆਪ ਦੇ ਪਿਤਾ ਜੀ ਦਾ ਨਾਮ ਤੀਰਥ ਚੰਦ ਸੀ ਜੋ ਕਿ ਛੀਂਬਾ ਜਾਤ ਨਾਲ ਸੰਬੰਧ ਰੱਖਦੇ ਸਨ। ਆਪ ਜੀ ਦੇ ਮਾਤਾ ਦਾ ਨਾਂ ਦੇਵਾ ਬਾਈ ਸੀ । ਅੰਮ੍ਰਿਤ ਛਕਣ ਤੋਂ ਪਹਿਲਾਂ ਆਪ ਦਾ ਨਾਮ ਮੋਹਕਮ ਚੰਦ ਸੀ।1704 ਈ . ਨੂੰ ਚਮਕੌਰ ਸਾਹਿਬ ਦੀ ਜੰਗ ਵਿਚ ਹੀ ਆਪ ਨੇ ਸ਼ਹੀਦੀ ਪ੍ਰਾਪਤ ਕੀਤੀ ।

### ਭਾਈ ਸਾਹਿਬ ਸਿੰਘ:

ਭਾਈ ਸਾਹਿਬ ਸਿੰਘ ਜੀ ਦਾ ਜਨਮ 1662 ਈ. ਵਿੱਚ ਬਿਦਰ, ਕਰਨਾਟਕਾ ਵਿਖੇ ਪਿਤਾ ਚਮਨ ਨਾਈ ਦੇ ਘਰ ਹੋਇਆ।ਆਪ ਦੇ ਮਾਤਾ ਜੀ ਦਾ ਨਾਂ ਸੋਨਬਾਈ ਸੀ। ਆਪ ਦਾ ਪਹਿਲਾ ਨਾਮ ਸਾਹਿਬ ਚੰਦ ਸੀ ਜੋ ਕਿ ਅੰਮ੍ਰਿਤ ਪਾਨ ਕਰਨ ਮਗਰੋਂ ਸਾਹਿਬ ਸਿੰਘ ਹੋ ਗਿਆ। 1704 ਈ. ਵਿਚ ਚਮਕੌਰ ਸਾਹਿਬ ਵਿਖੇ ਯੁੱਧ ਕਰਦੇ ਹੋਏ ਆਪ ਸ਼ਹੀਦ ਹੋ ਗਏ।



### ਚਾਰ ਸਾਹਿਬਜ਼ਾਦੇ

1. **ਸਾਹਿਬਜ਼ਾਦਾ ਅਜੀਤ ਸਿੰਘ ਜੀ**
2. **ਸਾਹਿਬਜ਼ਾਦਾ ਜੁਝਾਰ ਸਿੰਘ ਜੀ**
3. **ਸਾਹਿਬਜ਼ਾਦਾ ਜ਼ੋਰਾਵਰ ਸਿੰਘ**
4. **ਸਾਹਿਬਜ਼ਾਦਾ ਫਤਹਿ ਸਿੰਘ**

### ਸਾਹਿਬਜ਼ਾਦਾ ਅਜੀਤ ਸਿੰਘ ਜੀ

ਬਾਬਾ ਅਜੀਤ ਸਿੰਘ ਜੀ, ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਭ ਤੋਂ ਵੱਡੇ ਸਾਹਿਬਜ਼ਾਦੇ ਸਨ। ਇਨ੍ਹਾਂ ਦਾ ਜਨਮ ਮਾਤਾ ਸੁੰਦਰੀ ਜੀ ਦੀ ਪਵਿੱਤਰ ਕੁੱਖ ਤੋਂ 1686 ਈ. ਨੂੰ ਅਨੰਦਪੁਰ ਸਾਹਿਬ ਦੇ ਸਥਾਨ 'ਤੇ ਹੋਇਆ। ਆਪ ਬਚਪਨ ਤੋਂ ਹੀ ਤੀਖਣ ਬੁੱਧੀ ਦੇ ਮਾਲਕ ਸਨ, ਛੋਟੀ ਅਵਸਥਾ ਵਿੱਚ ਹੀ ਸਰੀਰਕ ਤੌਰ 'ਤੇ ਬਹੁਤ ਬਲਵਾਨ ਸਨ। ਤਲਵਾਰ ਬਾਜੀ ਆਪ ਦਾ ਪਹਿਲਾ ਸ਼ੌਂਕ ਸੀ। ਗੁਰੂ ਸਾਹਿਬ ਸਾਹਿਬਜ਼ਾਦੇ ਦੀਆਂ ਇਨ੍ਹਾਂ ਖ਼ੂਬੀਆਂ ਨੂੰ ਬਹੁਤ ਪਸੰਦ ਕਰਦੇ ਸਨ ਕਿਉਂਕਿ ਆਪ ਚੇਤੰਨ ਸਨ ਕਿ ਆਉਣ ਵਾਲੇ ਸਮੇਂ ਵਿੱਚ ਹੋਣ ਵਾਲੀ ਹਥਿਆਰਬੰਦ ਜੱਦੋ-ਜਹਿਦ ਵਿੱਚ ਅਜਿਹੇ ਸੂਰਮਗਤੀ ਵਾਲੇ ਗੁਣ ਹੋਣੇ ਜ਼ਰੂਰੀ ਹਨ।

ਸਾਹਿਬਜ਼ਾਦਾ ਅਜੀਤ ਸਿੰਘ ਜੀ ਖ਼ਾਲਸਾ ਸਾਜਨਾ ਦੇ ਮੌਕੇ ਸਮੇਂ ਤਕਰੀਬਨ 13 ਵਰ੍ਹੇ ਦੇ ਸਨ। ਖ਼ਾਲਸਾ ਸਿਰਜਨਾ ਦਾ ਸਮੁੱਚਾ ਦ੍ਰਿਸ਼ ਆਪ ਦੀਆਂ ਅੱਖਾਂ ਦੇ ਸਾਹਮਣੇ ਸੰਪੂਰਨ ਹੋਇਆ ਸੀ। ਸਾਹਿਬਜ਼ਾਦਾ ਅਜੀਤ ਸਿੰਘ ਨੇ ਆਪਣੀਆਂ ਅੱਖਾਂ ਦੇ ਸਾਹਮਣੇ ਖ਼ਾਲਸੇ ਦੀ ਸਾਜਨਾ ਤੋਂ ਪਹਿਲਾਂ ਅਤੇ ਬਾਅਦ ਵਾਲੇ ਅਨੰਦਪੁਰ ਦੀ ਧਰਤੀ 'ਤੇ ਹੋਏ ਯੁੱਧਾਂ ਨੂੰ ਵੇਖਿਆ ਸੀ ਅਤੇ ਸਿਰ ਉੱਚਾ ਚੁੱਕ ਕੇ ਜਿਊਣ ਦੀ ਅਭਿਲਾਸ਼ਾ ਨੂੰ ਆਪਣੇ ਅੰਗ-ਸੰਗ ਹੰਢਾਉਂਦਿਆਂ ਲੜਾਈ ਦੇ ਮੈਦਾਨ ਵਿੱਚ ਆਪਾ ਕੁਰਬਾਨ ਕਰਦੇ ਸਿੰਘ ਸੂਰਮੇ ਰੋਜ਼ਾਨਾ ਆਪ ਦੀ ਅੱਖਾਂ ਅੱਗੋਂ ਗੁਜ਼ਰਦੇ ਸਨ। ਅਜਿਹੇ ਹਾਲਾਤਾਂ ਵਿੱਚ ਕੁਦਰਤੀ ਸੀ ਕਿ ਸਾਰੇ ਦੈਵੀ ਗੁਣ ਆਪ ਵਿੱਚ ਉੱਤਰ ਚੁੱਕੇ ਸਨ ਜਿਨ੍ਹਾਂ ਗੁਣਾਂ ਨੂੰ ਗੁਰੂ ਨਾਨਕ ਚਿੰਤਨ ਵਿੱਚ ਪ੍ਰਗਟਾਇਆ ਹੋਇਆ ਹੈ।

ਜਿਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਗੁਰੂ ਜੀ ਨੇ ਪੰਥ ਦੇ ਵਿਕਾਸ ਲਈ ਬਹੁਤ ਅਹਿਮ ਯੋਗਦਾਨ ਪਾਇਆ। ਅਨੰਦਪੁਰ ਸਾਹਿਬ ਸਿੱਖ ਜਗਤ ਦਾ ਅਹਿਮ ਕੇਂਦਰ ਬਣ ਚੁੱਕਾ ਸੀ। ਗੁਰੂ ਘਰ ਦੇ ਪੈਰੋਕਾਰਾਂ ਦੀ ਗਿਣਤੀ ਕਾਫ਼ੀ ਵਧ ਰਹੀ ਸੀ। ਪਹਾੜੀ ਰਾਜੇ ਗੁਰੂ ਸਾਹਿਬ ਜੀ ਤੋਂ ਇਹਨਾਂ ਗੱਲਾਂ ਕਰਕੇ ਬਹੁਤ ਜ਼ਿਆਦਾ ਭੈ-ਭੀਤ ਸਨ, ਇੱਕ-ਦੋ ਵਾਰ ਪਹਾੜੀ ਰਾਜਿਆਂ ਨੇ ਜੋ ਹਮਲੇ ਕੀਤੇ ਉਨ੍ਹਾਂ ਹਮਲਿਆਂ ਵਿੱਚ ਸਿੱਖਾਂ ਨੇ ਪਹਾੜੀ ਰਾਜਿਆਂ ਨੂੰ ਹਰਾ ਦਿੱਤਾ ਸੀ। ਇਸੇ ਕਾਰਨ ਪਹਾੜੀ ਰਾਜਿਆਂ ਨੇ ਸੋਚਿਆ ਕਿ ਇਸ ਤਰ੍ਹਾਂ ਤਾਂ ਇਹ ਸਾਨੂੰ ਰਿਆਸਤਾਂ ਵਿੱਚੋਂ ਬਾਹਰ ਕੱਢ ਦੇਵੇਗਾ। ਪਹਾੜੀ ਰਾਜਿਆਂ ਵਿੱਚ ਇੰਨੀ ਹਿੰਮਤ ਨਹੀਂ ਸੀ ਕਿ ਉਹ ਗੁਰੂ ਸਾਹਿਬ ਦਾ ਮੁਕਾਬਲਾ ਕਰ ਸਕਣ। ਇਸ ਲਈ ਉਹਨਾਂ ਨੇ ਮੁਗ਼ਲ ਸਲਤਨਤ ਨੂੰ ਗੁਰੂ ਜੀ ਦੇ ਵਿਰੁੱਧ ਸ਼ਿਕਾਇਤ ਕੀਤੀ ਤੇ ਗੁਰੂ ਜੀ ਨੂੰ ਅਨੰਦਪੁਰ ਵਿੱਚੋਂ ਕੱਢਣ ਲਈ ਸਹਾਇਤਾ ਦੀ ਮੰਗ ਕੀਤੀ। ਪਹਾੜੀ ਰਾਜੇ ਤੇ ਮੁਗ਼ਲ ਹਕੂਮਤ ਅਜਿਹਾ ਬਿਲਕੁਲ ਨਹੀਂ ਸੀ ਚਾਹੁੰਦੀ ਕਿ ਗੁਰੂ ਜੀ ਪੰਥਕ ਤੌਰ ਤੇ ਸ਼ਕਤੀਸ਼ਾਲੀ ਹੋਣ। ਉਹ ਇਹ ਚਾਹੁੰਦੇ ਸਨ ਕਿ ਗੁਰੂ ਜੀ ਅਨੰਦਪੁਰ ਨੂੰ ਛੱਡ ਕੇ ਚਲੇ ਜਾਣ। ਇਸ ਵਾਸਤੇ ਉਨ੍ਹਾਂ ਨੇ ਅਨੰਦਪੁਰ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ ਤੇ ਕਿਲ੍ਹੇ ਦੇ ਵਿੱਚ ਰਸਦ ਪਾਣੀ ਆਉਣਾ ਬੰਦ ਕਰ ਦਿੱਤਾ। ਗੁਰੂ ਜੀ ਅਤੇ ਗੁਰੂ ਜੀ ਦਾ ਪਰਿਵਾਰ ਅਤੇ ਹੋਰ ਸਿੱਖ ਸਾਰੇ ਹੀ ਕਿਲ੍ਹੇ ਦੇ ਅੰਦਰ ਭੁੱਖੇ ਹੀ ਰਾਤਾਂ ਗੁਜ਼ਾਰਦੇ ਰਹੇ। ਜਦੋਂ ਗੁਰੂ ਜੀ ਨੇ ਰਸਦ ਪਾਣੀ ਬੰਦ ਕਰਨ ਤੋਂ ਬਾਅਦ ਵੀ ਕਿਲ੍ਹਾ ਨਾ ਛੱਡਿਆ ਤਾਂ ਮੁਗ਼ਲਾਂ ਤੇ ਪਹਾੜੀ ਰਾਜਿਆਂ ਨੇ ਇੱਕ ਤਰਕੀਬ ਸੋਚੀ। ਉਨ੍ਹਾਂ ਨੇ ਰਲ ਕੇ ਕੁਰਾਨ ਤੇ ਗਊ ਦੀ ਸਹੁੰ ਖਾਧੀ ਕਿ ਜੇਕਰ ਗੁਰੂ ਗੋਬਿੰਦ ਸਿੰਘ ਜੀ ਕਿਲ੍ਹਾ ਛੱਡ ਦਿੰਦੇ ਹਨ ਤਾਂ ਉਹ ਉਨ੍ਹਾਂ ਨੂੰ ਕੁੱਝ ਨਹੀਂ ਕਹਿਣਗੇ। ਗੁਰੂ ਗੋਬਿੰਦ ਸਿੰਘ ਜੀ ਨੇ ਸਮੂਹ ਸਿੱਖਾਂ ਨਾਲ ਸਲਾਹ ਕੀਤੀ। ਜ਼ਿਆਦਾਤਰ ਸਿੱਖ ਕਿਲ੍ਹਾ ਛੱਡਣ ਦੇ ਹੱਕ ਵਿੱਚ ਸਨ ਕਿਉਂਕਿ ਰਸਦ ਆਦਿ ਸਾਰਾ ਕੁੱਝ ਖ਼ਤਮ ਹੋ ਚੁੱਕਾ ਸੀ। ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਨੇ ਸਿੱਖਾਂ ਦੀ ਮੰਗ ਨੂੰ ਸਵੀਕਾਰ ਕੀਤਾ

ਤੇ ਕਿਲ੍ਹਾ ਛੱਡਣ ਲਈ ਤਿਆਰ ਹੋ ਗਏ। ਗੁਰੂ ਜੀ ਨੇ ਆਪਣੇ ਪਰਿਵਾਰ ਅਤੇ ਹੋਰ ਸਾਥੀ ਸਿੱਖਾਂ ਸਮੇਤ ਰਾਤ ਨੂੰ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਦਿੱਤਾ। ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਤੋਂ ਬਾਅਦ ਜਦੋਂ ਗੁਰੂ ਜੀ ਰੋਪੜ ਕੋਲ ਸਰਸਾ ਨਦੀ ਦੇ ਕਿਨਾਰੇ ਉੱਤੇ ਪਹੁੰਚੇ ਤਾਂ ਮੁਗ਼ਲਾਂ ਤੇ ਪਹਾੜੀਆਂ ਨੇ ਆਪਣੀਆਂ ਸਹੁੰਆਂ ਤੋੜ ਦਿੱਤੀਆਂ ਤੇ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਤੇ ਹਮਲਾ ਕਰ ਦਿੱਤਾ।

ਇੱਥੇ ਸਰਸਾ ਨਦੀ ਦੇ ਉੱਪਰ ਗੁਰੂ ਜੀ ਦਾ ਪਰਿਵਾਰ ਵਿੱਛੜ ਗਿਆ। ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਰਹਿ ਗਏ ਤੇ ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਜੀ ਆਪਣੀ ਦਾਦੀ (ਗੁਰੂ ਜੀ ਦੇ ਮਾਤਾ) ਮਾਤਾ ਗੁਜਰੀ ਜੀ ਦੇ ਨਾਲ ਰਹਿ ਗਏ। ਗੁਰੂ ਗੋਬਿੰਦ ਸਿੰਘ ਜੀ ਇਥੋਂ ਚਮਕੌਰ ਦੀ ਗੜ੍ਹੀ ਵਿਖੇ ਚਲੇ ਗਏ। ਮੁਗ਼ਲ ਫ਼ੌਜ ਗੁਰੂ ਜੀ ਦਾ ਪਿੱਛਾ ਕਰ ਰਹੀ ਸੀ। ਵੱਡੇ ਸਾਹਿਬਜ਼ਾਦਿਆਂ ਸਮੇਤ ਗੁਰੂ ਜੀ ਦੇ ਨਾਲ 40 ਸਿੱਖ ਸਨ। ਇੱਥੇ ਵਜ਼ੀਰ ਖ਼ਾਂ ਦੀ ਫ਼ੌਜ ਨੇ ਗੜ੍ਹੀ ਨੂੰ ਘੇਰਾ ਪਾ ਲਿਆ। ਇੱਕ ਪਾਸੇ ਤਾਂ ਲੱਖਾਂ ਦੀ ਫ਼ੌਜ ਤੇ ਦੂਸਰੇ ਪਾਸੇ ਗੁਰੂ ਜੀ ਦੇ ਪਿਆਰੇ 40 ਸਿੱਖ। ਗੜ੍ਹੀ ਦੇ ਵਿੱਚੋਂ ਪੰਜ-ਪੰਜ ਸਿੰਘਾਂ ਦਾ ਜਥਾ ਮੁਗ਼ਲਾਂ ਦੇ ਨਾਲ ਲੜਨ ਦੇ ਲਈ ਜਾਂਦਾ। ਵਾਰੋ-ਵਾਰੀ ਕਈ ਸਿੰਘ ਸ਼ਹੀਦ ਹੋ ਗਏ। ਗੁਰੂ ਜੀ ਦੇ ਵੱਡੇ ਪੁੱਤਰ ਬਾਬਾ ਅਜੀਤ ਸਿੰਘ ਜੀ ਨੇ ਸਰੀਰ ਉੱਤੇ ਸ਼ਸਤਰ ਸਜਾਏ ਤੇ ਗੁਰੂ ਜੀ ਕੋਲੋਂ ਜੰਗ ਵਿੱਚ ਜਾਣ ਦੀ ਇਜ਼ਾਜਤ ਮੰਗੀ। ਗੁਰੂ ਸਾਹਿਬ ਨੇ ਹੱਸ ਕੇ ਸਾਹਿਬਜ਼ਾਦੇ ਨੂੰ ਗਲ ਨਾਲ ਲਾਇਆ, ਮੱਥਾ ਚੁੰਮਿਆ, ਖੁਦ ਆਪਣੇ ਹੱਥੀ ਹਥਿਆਰ ਪਹਿਨਾਏ ਅਤੇ ਤਿਆਰ-ਬਰ-ਤਿਆਰ ਕਰਕੇ ਪੰਜ ਸਿੱਖਾਂ, ਈਸ਼ਰ ਸਿੰਘ, ਮੋਹਕਮ ਸਿੰਘ, ਦੇਵਾ ਸਿੰਘ, ਕੀਰਤੀ ਸਿੰਘ ਤੇ ਨੰਦ ਸਿੰਘ ਨੂੰ ਥਾਪੜਾ ਦੇ ਕੇ ਜੰਗ ਦੇ ਮੈਦਾਨ ਵਿੱਚ ਭੇਜਿਆ। ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਅਗਵਾਈ ਵਿੱਚ ਸਿੰਘਾਂ ਨੇ ਮੁਗਲਾਂ ਨਾਲ ਗਹਿਗੱਚ ਸੰਗਰਾਮ ਰਚਾਇਆ। ਗੁਰੂ ਸਾਹਿਬ ਖ਼ੁਦ ਗੜ੍ਹੀ ਉਪਰੋਂ ਜੰਗੇ ਮੈਦਾਨ ਦਾ ਹਾਲ ਆਪਣੀਆਂ ਅੱਖਾਂ ਨਾਲ ਵੇਖ ਰਹੇ ਸਨ।

ਬਾਬਾ ਅਜੀਤ ਸਿੰਘ ਜੀ ਜੰਗ ਦੇ ਮੈਦਾਨ ਵਿੱਚ ਗੁਰੂ ਜੀ ਦੇ ਦੱਸੇ ਹੋਏ ਸਿਧਾਂਤ ਉੱਪਰ ਪ੍ਰਪੱਕ ਸਨ ਕਿ ਅਸਲੀ ਸੂਰਮਾ ਉਹ ਹੈ ਜੋ ਧਰਮ ਦੀ ਖ਼ਾਤਰ ਆਪਣੀ ਜਾਨ ਤੱਕ ਤਾਂ ਨਿਛਾਵਰ ਕਰ ਦਿੰਦਾ ਹੈ, ਪਰ ਕਦੇ ਵੀ ਜੰਗ ਦੇ ਮੈਦਾਨ ਵਿੱਚੋਂ ਭੱਜਦਾ ਨਹੀਂ।

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1105)

ਇਸ ਤਰਾਂ ਬਾਬਾ ਅਜੀਤ ਸਿੰਘ ਮੁਗਲਾਂ ਨਾਲ ਲੜਦਿਆਂ ਹੋਇਆਂ ਜੰਗੇ ਮੈਦਾਨ ਵਿੱਚ ਹੀ ਦਸੰਬਰ 1704 ਈ. ਨੂੰ ਸ਼ਹੀਦੀ ਪਾ ਗਏ। ਜਦੋਂ ਗੁਰੂ ਪਿਤਾ ਜੀ ਨੇ ਬਾਬਾ ਅਜੀਤ ਸਿੰਘ ਜੀ ਦੀ ਸ਼ਹਾਦਤ ਨੂੰ ਦੇਖਿਆ ਤਾਂ ਉਨ੍ਹਾਂ ਪ੍ਰਮੇਸ਼ਰ ਦਾ ਸ਼ੁਕਰਾਨਾ ਕੀਤਾ ਕਿ ਪਾਤਸ਼ਾਹ ਤੇਰੀ ਦਾਤ ਦਿੱਤੀ ਸੀ, ਤੂੰ ਹੀ ਲੈ ਗਿਆ ਏਂ, ਤੇਰਾ ਸ਼ੁਕਰ ਹੈ ਮਾਲਿਕ।

**ਸਾਹਿਬਜ਼ਾਦਾ ਜੁਝਾਰ ਸਿੰਘ ਜੀ**

ਬਾਬਾ ਜੁਝਾਰ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਦੂਜੇ ਸਾਹਿਬਜ਼ਾਦੇ ਸਨ। ਆਪ ਦਾ ਜਨਮ 1690 ਈ. ਨੂੰ ਅਨੰਦਪੁਰ ਸਾਹਿਬ ਵਿੱਚ ਮਾਤਾ ਜੀਤੋ ਜੀ ਦੀ ਕੁੱਖ ਤੋਂ ਹੋਇਆ । ਆਪ ਦਾ ਬਚਪਨ ਵੀ ਜੰਗਾਂ-ਯੁੱਧਾਂ ਦੇ ਨਜ਼ਾਰਿਆਂ ਨੂੰ ਮਾਣਦਿਆਂ ਹੀ ਬਤੀਤ ਹੋਇਆ। ਇਸ ਲਈ ਨਿਡਰਤਾ ਅਤੇ ਨਿਮਰਤਾ ਦੋਵੇਂ ਗੁਣ ਪੂਰਨ ਰੂਪ ਵਿੱਚ ਆਪ 'ਚ ਵਿਦਮਾਨ ਸਨ। ਆਪਣੇ ਵੱਡੇ ਭਰਾ ਦੀ ਸੰਗਤ ਵਿਚੋਂ ਆਪ ਨੇ ਉਹ ਸਾਰੇ ਗੁਣ ਆਪਣੇ ਅੰਦਰ ਉਤਾਰ ਲਏ ਸਨ ਜਿਹੜੇ ਕਿ ਇਕ ਸੂਰਬੀਰ ਯੋਧੇ ਦੀ ਵਿਲੱਖਣ ਪਛਾਣ ਹੁੰਦੇ ਹਨ।

ਸਾਹਿਬਜ਼ਾਦੇ ਦੇ ਬਚਪਨ ਨਾਲ ਕਈ ਰੋਚਕ ਕਥਾਵਾਂ ਜੁੜੀਆਂ ਹੋਈਆਂ ਹਨ, ਜਿਨ੍ਹਾਂ ਵਿੱਚੋਂ ਸਭ ਤੋਂ ਪ੍ਰਮੁੱਖ ਇਕ ਅੜੀਅਲ ਘੋੜੇ ਵਾਲੀ ਘਟਨਾ ਨੂੰ ਕਿਹਾ ਜਾਂਦਾ ਹੈ। ਇਕ ਸੁੰਦਰ ਘੋੜਾ ਜਿਸ ਵਿੱਚ ਕਿ ਸ਼ੇਰਾਂ ਵਰਗੀ ਤਾਕਤ ਸੀ, ਗੁਰੂ ਜੀ ਨੂੰ ਇਕ ਅਨਿੰਨ ਸਿੱਖ ਨੇ ਭੇਟਾ ਕੀਤਾ ਸੀ। ਬਹੁਤ ਸਾਰੇ ਯੋਧਿਆਂ ਨੇ ਉਸ ਘੋੜੇ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਆਪਣੀ ਪਿੱਠ 'ਤੇ ਕਿਸੇ ਨੂੰ ਹੱਥ ਨਹੀਂ ਸੀ ਰੱਖਣ ਦਿੰਦਾ। ਇੱਕ ਦਿਨ ਸਾਹਿਬਜ਼ਾਦਾ ਜੁਝਾਰ ਸਿੰਘ ਆਪਣੀ ਮੌਜ ਵਿੱਚ ਘੋੜੇ ਦੀ ਪਿੱਠ 'ਤੇ ਜਾ ਬੈਠੇ ਅਤੇ ਘੋੜਾ ਹਵਾ ਨਾਲ ਗੱਲਾਂ ਕਰਨ ਲੱਗਾ। ਸਾਰੀਆਂ ਸਿੱਖ ਸੰਗਤਾਂ ਇਸ ਘਟਨਾ ਨੂੰ ਵੇਖ ਕੇ ਹੈਰਾਨ ਰਹਿ ਗਈਆਂ ਅਤੇ ਗੁਰੂ ਸਾਹਿਬ ਨੂੰ ਜਾ ਦੱਸਿਆ ਤਾਂ ਜੋ ਘੋੜੇ ਨੂੰ ਰੋਕਿਆ ਜਾ ਸਕੇ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਮੁਸਕਰਾਏ ਅਤੇ ਇਕ ਪਾਸੇ ਵੱਲ ਇਸ਼ਾਰਾ ਕੀਤਾ। ਜਦੋਂ ਸੰਗਤਾਂ ਨੇ ਉਸ ਪਾਸੇ ਮੂੰਹ ਕਰਕੇ ਵੇਖਿਆ ਤਾਂ ਘੋੜੇ ਦੀ ਸਵਾਰੀ ਕਰਦੇ ਹੋਏ ਸਾਹਿਬਜ਼ਾਦੇ ਚੜ੍ਹਦੀ ਕਲਾ ਵਿੱਚ ਗੁਰੂ ਕੇ ਮਹਿਲ ਵੱਲ ਵਾਪਸ ਆ ਰਹੇ ਸਨ। ਇੱਥੋਂ ਪਤਾ ਲੱਗਦਾ ਹੈ ਕਿ ਨਿਡਰਤਾ, ਬੇਖੌਫ਼ਤਾ ਅਤੇ ਹੌਂਸਲਾ ਸਾਹਿਬਜ਼ਾਦੇ ਦੇ ਅੰਗ-ਅੰਗ ਵਿੱਚ ਸਮਾਏ ਹੋਏ ਸਨ।

ਚਮਕੌਰ ਦੀ ਗੜ੍ਹੀ ਦੀ ਜੰਗ ਦੌਰਾਨ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਜਦੋਂ ਆਪਣੇ ਵੱਡੇ ਭਰਾ ਨੂੰ ਲੜਾਈ ਦੇ ਮੈਦਾਨ ਵਿੱਚ ਸ਼ਹਾਦਤ ਦਾ ਜਾਮ ਪੀਂਦੇ ਵੇਖਿਆ ਤਾਂ ਆਪ ਵੀ ਹੱਥ ਜੋੜ ਕੇ ਗੁਰੂ ਪਿਤਾ ਸਾਹਮਣੇ ਜਾ ਖਲੋਤੇ ਅਤੇ ਜੰਗੇ ਮੈਦਾਨ ਵਿੱਚ ਜਾਣ ਦੀ ਆਗਿਆ ਮੰਗੀ।

ਗੁਰੂ ਸਾਹਿਬ ਨੇ ਸਾਹਿਬਜ਼ਾਦੇ ਨੂੰ ਗਲ ਨਾਲ ਲਾਇਆ, ਮੱਥਾ ਚੁੰਮਿਆ, ਹਥਿਆਰ ਸਜਾਏ ਅਤੇ ਜੰਗ ਵੱਲ ਤੋਰ ਦਿੱਤਾ, ਜਿਥੇ ਸਾਹਿਬਜ਼ਾਦਾ ਜੁਝਾਰ ਸਿੰਘ ਦਸੰਬਰ 1704 ਈ. ਨੂੰ ਲੜਾਈ ਦੇ ਮੈਦਾਨ ਵਿੱਚ ਮੁਗ਼ਲ ਫ਼ੌਜ ਨਾਲ ਲੜਦਿਆਂ ਹੋਇਆਂ ਕੌਮ ਦੀ ਮਾਨ-ਮਰਯਾਦਾ ਲਈ ਆਪਣੀ ਜਾਨ ਨਿਛਾਵਰ ਕਰ ਗਏ।

**ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਫਤਹਿ ਸਿੰਘ:**

ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਦਸਮ ਪਾਤਸ਼ਾਹ ਦੇ ਛੋਟੇ ਸਾਹਿਬਜ਼ਾਦੇ ਸਨ। ਇਨ੍ਹਾਂ ਦਾ ਜਨਮ ਵੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਮਾਤਾ ਜੀਤੋ ਜੀ ਦੀ ਕੁਖੋਂ ਹੋਇਆ। ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਦਾ ਜਨਮ ਕ੍ਰਮਵਾਰ 1696 ਅਤੇ 1699 ਈ. ਨੂੰ ਹੋਇਆ।

ਸਰਸਾ ਨਦੀ ਤੇ ਜਦੋਂ ਗੁਰੂ ਜੀ ਦਾ ਪਰਿਵਾਰ ਵਿੱਛੜ ਗਿਆ ਸੀ ਤਾਂ ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਨੂੰ ਗੁਰੂ ਘਰ ਦਾ ਰਸੋਈਆ ਗੰਗੂ ਆਪਣੇ ਨਾਲ, ਆਪਣੇ ਪਿੰਡ ਖੇੜੀ ਵਿਖੇ ਲੈ ਗਿਆ। ਮਾਤਾ ਗੁਜਰੀ ਜੀ ਕੋਲ ਸੋਨੇ ਦੀਆਂ ਮੋਹਰਾਂ ਦੀ ਇੱਕ ਥੈਲੀ ਸੀ। ਗੰਗੂ ਦੀ ਨੀਅਤ ਸੋਨੇ ਦੀਆਂ ਮੋਹਰਾਂ ਦੇਖ ਕੇ ਮਾੜੀ ਹੋ ਗਈ ਤੇ ਉਸਨੇ ਮਾਤਾ ਗੁਜਰੀ ਜੀ ਤੇ ਦੋਨੋਂ ਛੋਟੇ ਸਾਹਿਬਜ਼ਾਦਿਆਂ ਦੇ ਸੌਣ ਉਪਰੰਤ ਉਹ ਥੈਲੀ ਚੁਰਾ ਲਈ, ਥੈਲੀ ਚੁਰਾਉਂਦੇ ਸਮੇਂ ਗੰਗੂ ਨੂੰ ਮਾਤਾ ਜੀ ਨੇ ਦੇਖ ਲਿਆ। ਸਵੇਰ ਨੂੰ ਜਦੋਂ ਮਾਤਾ ਜੀ ਨੇ ਗੰਗੂ ਨੂੰ ਕਿਹਾ ਕਿ ਥੈਲੀ ਕਿੱਥੇ ਹੈ ਤਾਂ ਉਸਨੂੰ ਪਤਾ ਲੱਗ ਗਿਆ ਕਿ ਮਾਤਾ ਜੀ ਨੂੰ ਮੇਰੀ ਚੋਰੀ ਬਾਰੇ ਪਤਾ ਲੱਗ ਗਿਆ ਹੈ। ਉਸਨੇ ਮੋਰਿੰਡੇ ਕੋਤਵਾਲੀ ਦੇ ਵਿੱਚ ਜਾ ਕੇ ਸ਼ਿਕਾਇਤ ਕਰ ਦਿੱਤੀ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਤੇ ਉਨ੍ਹਾਂ ਦੇ ਛੋਟੇ ਸਾਹਿਬਜ਼ਾਦੇ ਮੇਰੇ ਘਰ ਲੁਕੇ ਹੋਏ ਹਨ। ਮਾਤਾ ਜੀ ਤੇ ਬੱਚਿਆਂ ਨੂੰ ਕੈਦ ਕਰ ਲਿਆ ਗਿਆ ਤੇ ਸਰਹਿੰਦ ਵਿਖੇ ਲਿਆਂਦਾ ਗਿਆ। ਵਜ਼ੀਰ ਖ਼ਾਂ ਨੂੰ ਇਹ ਲੱਗਦਾ ਸੀ ਕਿ ਇਹਨਾਂ ਦੋ ਛੋਟੇ-ਛੋਟੇ ਬੱਚਿਆਂ ਨੂੰ ਤਾਂ ਇਸਲਾਮ ਕਬੂਲ ਕਰਾਉਣਾ ਕੋਈ ਵੱਡੀ ਗੱਲ ਨਹੀਂ। ਉਸਨੇ ਸੋਚਿਆ ਕਿ-ਜੇਕਰ ਇਹ ਇਸਲਾਮ ਕਬੂਲ ਕਰ ਗਏ ਤਾਂ ਮੈਂ ਲੋਕਾਂ ਨੂੰ ਇਹ ਕਹਿ ਸਕਾਂਗਾ ਕਿ ਦੇਖੋ ਗੁਰੂ ਗੋਬਿੰਦ ਸਿੰਘ ਲੋਕਾਂ ਦੇ ਪੁੱਤ ਤਾਂ ਜੰਗ 'ਚ ਮਰਵਾ ਰਿਹਾ ਹੈ ਤੇ ਉਸਦੇ ਆਪਣੇ ਪੁੱਤ ਤਾਂ ਡਰਦੇ ਹੋਏ ਇਸਲਾਮ ਕਬੂਲ ਕਰ ਗਏ ਹਨ ਪਰ ਉਸਨੂੰ ਇਹ ਨਹੀਂ ਸੀ ਪਤਾ ਕਿ ਇਹ ਗੁਰੂ ਗੋਬਿੰਦ ਸਿੰਘ ਦੇ ਪੁੱਤ ਨੇ, ਉਮਰਾਂ ਭਾਵੇਂ ਛੋਟੀਆਂ ਨੇ ਪਰ ਆਦਰਸ਼ ਦੇ ਤੌਰ ਤੇ ਬਹੁਤ ਉੱਚੇ ਹਨ। ਸਿਦਕ ਪੱਖੋਂ ਕਦੇ ਨਹੀਂ ਹਾਰਨਗੇ। ਦੂਸਰੇ ਤੌਰ ਤੇ ਵਜ਼ੀਰ ਖ਼ਾਂ ਇਸ ਗੱਲ ਤੋਂ ਅਣਜਾਣ ਸੀ ਕਿ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੀ ਦਾਦੀ, ਮਾਤਾ ਗੁਜਰੀ ਜੀ ਦੀ ਸੰਗਤ ਪ੍ਰਾਪਤ ਹੋਈ ਹੈ। ਮਾਤਾ ਗੁਜਰੀ ਜੀ ਜੋ ਕਿ ਬੱਚਿਆਂ ਨੂੰ ਗੋਦੀ ਵਿੱਚ ਖਿਡਾਉਂਦੇ ਹੋਏ ਧਰਮ ਦੇ ਵਿੱਚ ਪੱਕੇ ਰਹਿਣ ਦੀ ਪ੍ਰੇਰਨਾ ਵੀ ਦਿੰਦੇ ਆ ਰਹੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ/ਸੁਪਤਨੀ ਵੀ ਬੱਚਿਆਂ ਨੂੰ ਦਾਦੀ ਮਾਂ ਦੀਆਂ ਸਿੱਖਿਆਵਾਂ ਉੱਪਰ ਚੱਲਣ

ਦੀਆਂ ਨਸੀਹਤਾਂ ਦਿੰਦੇ ਸਨ ਪਰ ਵਜ਼ੀਰ ਖ਼ਾਂ ਦੇ ਮਨ ਵਿੱਚ ਇਹ ਵਹਿਮ ਸੀ ਕਿ ਸਾਹਿਬਜ਼ਾਦੇ ਧਰਮ ਤਬਦੀਲ ਕਰ ਲੈਣਗੇ।

ਵਜ਼ੀਰ ਖ਼ਾਂ ਵੱਲੋਂ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਨੂੰ ਠੰਡੇ ਬੁਰਜ ਵਿਖੇ ਕੈਦ ਕਰ ਦਿੱਤਾ ਗਿਆ। ਪੋਹ ਦਾ ਮਹੀਨਾ ਜੋ ਕਿ ਕੜਾਕੇ ਦੀ ਠੰਡ ਦਾ ਮਹੀਨਾ ਹੁੰਦਾ ਹੈ। ਇਸ ਕੜਾਕੇ ਦੀ ਠੰਡ ਵਿੱਚ ਨਿੱਕੀਆਂ ਜਿੰਦਾਂ ਤੇ ਬਜ਼ੁਰਗ ਮਾਤਾ ਜੀ ਨੂੰ ਠੰਡੇ ਬੁਰਜ ਵਿੱਚ ਰੱਖਿਆ ਗਿਆ ਪਰ ਗੁਰੂ ਦੇ ਫ਼ਰਜ਼ੰਦਾਂ ਨੇ ਰਤੀ ਭਰ ਵੀ ਅਫ਼ਸੋਸ ਜ਼ਾਹਿਰ ਨਹੀਂ ਕੀਤਾ। ਅਗਲੇ ਦਿਨ ਸੂਬੇ ਦੀ ਕਚਹਿਰੀ ਦੇ ਵਿੱਚ ਗੁਰੂ ਜੀ ਦੇ ਲਾਲਾਂ ਨੂੰ ਪੇਸ਼ ਕੀਤਾ ਗਿਆ।

ਪ੍ਰੰਪਰਾ ਅਨੁਸਾਰ ਅਸੀਂ ਸੁਣਦੇ ਆ ਰਹੇ ਹਾਂ ਕਿ ਸੂਬੇ ਦੀ ਕਚਿਹਿਰੀ ਵਿੱਚ ਜਾਂਦਿਆਂ ਸਾਰ ਹੀ ਦੋਨਾਂ ਸਾਹਿਬਜ਼ਾਦਿਆਂ ਨੇ ਗੱਜ ਕੇ ਫਤਹਿ ਬੁਲਾਈ :-

**ਵਾਹਿਗੁਰੂ ਜੀ ਦਾ ਖਾਲਸਾ।**
**ਵਾਹਿਗੁਰੂ ਜੀ ਕੀ ਫਤਹਿ॥**

ਬੱਚਿਆਂ ਨੂੰ ਸੂਬੇ ਵੱਲੋਂ ਕਿਹਾ ਗਿਆ ਕਿ ਤੁਸੀਂ ਇਸਲਾਮ ਕਬੂਲ ਕਰ ਲਵੋ ਤੁਹਾਨੂੰ ਐਸ਼ੋ-ਆਰਾਮ ਦੀਆਂ ਸਾਰੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ ਪਰ ਸਾਹਿਬਜ਼ਾਦਿਆਂ ਦਾ ਜਵਾਬ ਸੀ ਕਿ ਅਸੀਂ ਗੁਰੂ ਗੋਬਿੰਦ ਸਿੰਘ ਦੇ ਪੁੱਤਰ ਹਾਂ ਤੇ ਸਿੱਖ ਹਾਂ ਤੇ ਜਿੰਨਾਂ ਚਿਰ ਤੱਕ ਜਾਨ ਹੈ, ਸਿੱਖ ਹੀ ਰਹਾਂਗੇ। ਵਜ਼ੀਰ ਖ਼ਾਂ ਨੇ ਡਰਾਵਾ ਦਿੱਤਾ ਜੇਕਰ ਤੁਸੀਂ ਇਸਲਾਮ ਕਬੂਲ ਨਾ ਕੀਤਾ, ਤਾਂ ਤੁਹਾਨੂੰ ਮਾਰ ਦਿੱਤਾ ਜਾਵੇਗਾ। ਸਾਹਿਬਜ਼ਾਦਿਆਂ ਦਾ ਜਵਾਬ ਸੀ ਕਿ ; "ਅਸੀਂ ਜ਼ਾਲਮ ਦਾ ਧਰਮ ਕਿਸ ਕਾਰਨ ਪ੍ਰਵਾਨ ਕਰੀਏ? ਧਰਮ ਬਦਲਣ ਨਾਲ ਕੁੱਝ ਵੀ ਹਾਸਲ ਨਹੀਂ ਹੁੰਦਾ। ਇੱਕ ਪ੍ਰਮੇਸ਼ਰ ਤੋਂ ਬਿਨਾਂ ਬਾਕੀ ਗੱਲਾਂ ਫ਼ਜ਼ੂਲ ਹਨ। ਸਾਰੇ ਪੈਗੰਬਰ ਇੱਕ ਪਰਮੇਸ਼ਰ ਦੇ ਨਾਲ ਜੋੜਨ ਲਈ ਹੀ ਦੁਨੀਆਂ ਤੇ ਆਏ ਸਨ। ਜਦੋਂ ਤੋਂ ਅੰਮ੍ਰਿਤ ਛਕਿਆ ਹੈ, ਪ੍ਰਮੇਸ਼ਰ ਦੇ ਨਾਮ ਰੰਗ ਵਿੱਚ ਮਸਤ ਹਾਂ।"ਇਸ ਤਰ੍ਹਾਂ ਇਹ ਦਿਨ ਵੀ ਬੀਤ ਗਿਆ ਅਤੇ ਸਾਹਿਬਜ਼ਾਦਿਆਂ ਨੂੰ ਦੁਬਾਰਾ ਮਾਤਾ ਗੁਜਰੀ ਜੀ ਕੋਲ ਠੰਡੇ ਬੁਰਜ ਵਿੱਚ ਭੇਜ ਦਿੱਤਾ। ਬੱਚਿਆਂ ਨੇ ਮਾਤਾ ਜੀ ਨੂੰ ਸਾਰੀ ਵਿਥਿਆ ਵਿਸਥਾਰ ਨਾਲ ਦੱਸੀ। ਦਾਦੀ ਨੇ ਪੋਤਿਆਂ ਨੂੰ ਘੁੱਟ ਕੇ ਗਲ ਲਾਇਆ ਅਤੇ 'ਸਿਰ ਜਾਵੇ ਤਾਂ ਜਾਵੇ ਪਰ ਸਿੱਖੀ ਸਿਦਕ ਨਾ ਜਾਵੇ ਦਾ ਸੰਦੇਸ਼ ਦਿੰਦਿਆਂ ਹੋਇਆਂ ਆਪਣੇ ਦਾਦੇ ਦੇ ਰਾਹ 'ਤੇ ਚੱਲਣ ਦਾ ਆਸ਼ੀਰਵਾਦ ਦਿੱਤਾ।

ਅਗਲੇ ਦਿਨ ਫਿਰ ਉਹੀ ਘਟਨਾਵਾਂ ਵਾਪਰੀਆਂ। ਗੁਰੂ ਦੋਖੀਆਂ ਨੇ ਆਪਣਾ ਰੋਲ ਨਿਭਾਇਆ ਅਤੇ ਸਾਹਿਬਜ਼ਾਦਿਆਂ ਦੀ ਤੁਲਨਾ ਸੱਪ ਦੇ ਬੱਚਿਆਂ ਨਾਲ ਕੀਤੀ, ਉਨ੍ਹਾਂ ਨੂੰ ਸੂਲਾਂ ਦੇ ਮੂੰਹ ਕਿਹਾ ਗਿਆ। ਅਜਿਹਾ ਕਿਰਦਾਰ ਨਿਭਾਉਣ

ਵਾਲਿਆਂ ਵਿੱਚ ਸੁੱਚਾ ਨੰਦ ਪ੍ਰਮੁੱਖ ਸੀ ਜਿਹੜਾ ਬਾਅਦ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਹੱਥੋਂ ਬੁਰੀ ਤਰ੍ਹਾਂ ਮਾਰਿਆ ਗਿਆ ਸੀ। ਇਸੇ ਤਰ੍ਹਾਂ ਬੱਚਿਆਂ ਦੇ ਹੱਕ ਵਿੱਚ ਆਵਾਜ਼ ਉੱਚੀ ਕਰਨ ਵਾਲਾ ਮਲੇਰਕੋਟਲਾ ਦਾ ਨਵਾਬ ਸ਼ੇਰ ਮੁਹੰਮਦ ਖ਼ਾਨ ਵੀ ਸੀ ਜਿਸ ਨੇ ਬੱਚਿਆਂ 'ਤੇ ਕੀਤੀ ਜਾ ਰਹੀ ਸਖ਼ਤੀ ਨੂੰ ਪਵਿੱਤਰ ਕੁਰਆਨ ਦੇ ਅਸੂਲਾਂ ਦੇ ਵਿਰੁੱਧ ਕਿਹਾ ਅਤੇ ਬਾਅਦ ਵਿੱਚ ਸ਼ੇਰ ਮੁਹੰਮਦ ਖ਼ਾਂ ਗੁਰੂ ਸਾਹਿਬ ਜੀ ਦੀਆਂ ਅਸੀਸਾਂ ਦਾ ਪਾਤਰ ਬਣਿਆ। ਉਸ ਦੀ ਉਠਾਈ ਹੋਈ ਅਵਾਜ਼ ਹਮੇਸ਼ਾ-ਹਮੇਸ਼ਾ ਲਈ ਸਿੱਖ ਹਿਰਦਿਆਂ ਵਿੱਚ ਸਮਾ ਚੁਕੀ ਹੈ ਅਤੇ ਅੱਜ ਵੀਸਮੁੱਚੀ ਸਿੱਖ ਕੌਮ ਉਸ ਮਨੁੱਖ ਦਾ ਨਾਮ ਸਤਿਕਾਰ ਨਾਲ ਲੈ ਕੇ ਉਸ ਨੂੰ ਸਿਰ ਝੁਕਾਉਂਦੀ ਹੈ।

ਅਜਿਹੇ ਹੋਰ ਕਈ ਵਾਰਤਾਲਾਪ ਸਾਹਿਬਜ਼ਾਦਿਆਂ ਦੇ ਵਿੱਚ ਤੇ ਨਵਾਬ ਦੇ ਵਿਚਕਾਰ ਹੋਏ ਪਰ ਕਿਤੇ ਵੀ ਸਾਹਿਬਜ਼ਾਦੇ ਡੋਲੇ ਨਾ। ਅਖੀਰ ਦੇ ਵਿੱਚ ਵਜ਼ੀਰ ਖ਼ਾਂ ਨੇ ਇਹ ਹੁਕਮ ਦਿੱਤਾ ਕਿ ਇਨ੍ਹਾਂ ਨੂੰ ਨੀਹਾਂ ਦੇ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤਾ ਜਾਵੇ। ਦੋਹਾਂ ਗੁਰੂ ਦੇ ਲਾਲਾਂ ਨੇ ਇੱਕ ਦੂਜੇ ਵੱਲ ਦੇਖਿਆ ਤੇ ਇੱਕ ਦੂਜੇ ਦੇ ਹੱਥਾਂ ਵਿੱਚ ਹੱਥ ਪਾ ਕੇ ਜੈਕਾਰੇ ਗਜਾਉਂਦੇ ਹੋਏ ਸ਼ਹੀਦ ਹੋਣ ਦੇ ਲਈ ਚੱਲ ਪਏ। ਮੌਤ ਦਾ ਜ਼ਰਾ ਵੀ ਖ਼ੌਫ਼ ਚਿਹਰੇ ਉੱਤੇ ਨਹੀਂ ਸੀ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਛੋਟੇ ਸਾਹਿਬਜ਼ਦਿਆਂ ਨੂੰ ਨੀਹਾਂ ਵਿਚ ਚਿਣਵਾਉਣ ਤੋਂ ਪਹਿਲਾਂ ਕਈ ਪ੍ਰਕਾਰ ਦੇ ਤਸੀਹੇ ਦਿੱਤੇ ਗਏ ਸਨ। ਡਾ. ਗੰਡਾ ਸਿੰਘ ਅਨੁਸਾਰ ਛੋਟੇ ਸਾਹਿਬਜ਼ਾਦਿਆਂ ਦੇ ਹੱਥਾਂ ਦੇ ਪੋਟਿਆਂ ਨੂੰ ਸਾੜਿਆ ਗਿਆ। ਇੱਥੇ ਹੀ ਬੱਸ ਨਹੀਂ ਉਨ੍ਹਾਂ ਨੂੰ ਪਿੱਪਲ ਦੇ ਰੁੱਖ ਨਾਲ ਬੰਨ੍ਹ ਦਿੱਤਾ ਗਿਆ ਅਤੇ ਗੁਲੇਲਾਂ ਮਾਰੀਆਂ ਗਈਆਂ। ਇਸ ਤਰ੍ਹਾਂ ਅਖੀਰ ਵਿੱਚ ਸਾਹਿਬਜ਼ਾਦਿਆਂ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਨੂੰ ਲਗਭਗ 8 ਅਤੇ 6 ਸਾਲ ਦੀ ਉਮਰ ਵਿੱਚ ਨੀਹਾਂ ਵਿੱਚ ਚਿਣਵਾ ਕੇ 26 ਦਸੰਬਰ 1704 ਈ. ਨੂੰ ਸ਼ਹੀਦ ਕਰ ਦਿੱਤਾ।

ਉੱਧਰ ਦੂਸਰੇ ਪਾਸੇ ਮਾਤਾ ਗੁਜਰੀ ਜੀ ਨੇ ਇਹ ਖ਼ਬਰ ਸੁਣ ਕੇ ਠੰਡੇ ਬੁਰਜ ਵਿਖੇ ਹੀ ਆਪਣੇ ਪ੍ਰਾਣ ਤਿਆਗ ਦਿੱਤੇ। ਇਨ੍ਹਾਂ ਨਿੱਕੇ ਫ਼ਰਜ਼ੰਦਾਂ ਦੀ ਸ਼ਹਾਦਤ ਨੇ ਇਤਿਹਾਸ ਦੇ ਵਿੱਚ ਇੱਕ ਨਵਾਂ ਮੋੜ ਲਿਆਂਦਾ। ਇੰਨੀ ਛੋਟੀ ਉਮਰ ਤੇ ਇੰਨੇ ਦ੍ਰਿੜ੍ਹ ਇਰਾਦੇ, ਅਜਿਹੀ ਮਿਸਾਲ ਦੁਨੀਆਂ ਦੇ ਇਤਿਹਾਸ ਵਿੱਚ ਕਿਤੇ ਦੇਖਣ ਨੂੰ ਨਹੀਂ ਮਿਲਦੀ। ਗੁਰੂ ਸਾਹਿਬ ਨੂੰ ਵੀ ਇਹ ਖ਼ਬਰ ਉਸੇ ਦਿਨ ਮਾਛੀਵਾੜੇ ਦੇ ਜੰਗਲਾਂ ਵਿੱਚ ਪਹੁੰਚ ਗਈ। ਮੰਨਿਆ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਘਾਹ ਦਾ ਬੂਟਾ ਜੜ੍ਹ ਤੋਂ ਪੁੱਟਿਆ ਅਤੇ ਕਿਹਾ ਕਿ ਹੁਣ ਮੁਗ਼ਲ ਰਾਜ ਦੀ ਜੜ੍ਹ ਪੁੱਟੀ ਗਈ ਹੈ। ਇਸ ਤਰ੍ਹਾਂ ਮਾਸੂਮ ਜਿੰਦਾਂ ਨੇ ਸਿਰਲੱਥ ਸੇਵਾ ਨਿਭਾਉਂਦਿਆਂ ਹੋਇਆ ਪੰਥ ਦੇ ਤੇਜ ਅਤੇ ਗੌਰਵ ਲਈ ਨਵੀਆਂ ਲੀਹਾਂ ਪਾ ਦਿੱਤੀਆਂ, ਜਿਹੜੀਆਂ ਇਸ ਗੱਲ ਦੀਆਂ ਪ੍ਰਤੀਕ ਸਨ ਕਿ ਸ਼ਹਾਦਤ ਲਈ ਉਮਰਾਂ ਦਾ ਵਡੱਪਣ ਕੋਈ ਅਰਥ ਨਹੀਂ ਰੱਖਦਾ।

# ਚਾਲੀ ਮੁਕਤੇ



'ਚਾਲੀ ਮੁਕਤੇ' ਸ਼ਬਦ ਸਿੱਖ ਇਤਿਹਾਸ ਦੇ ਉਨ੍ਹਾਂ ਮਹਾਨ ਗੁਰਸਿੱਖਾਂ ਨੂੰ ਪ੍ਰਗਟ ਕਰਦਾ ਹੈ ਜਿਨ੍ਹਾਂ ਨੇ ਆਪਣੀਆਂ ਸ਼ਹਾਦਤਾਂ ਦੇ ਕੇ ਨਾ ਸਿਰਫ਼ ਆਪਣੀਆਂ ਭੁੱਲਾਂ ਬਖਸ਼ਾਈਆਂ ਸਗੋਂ ਗੁਰੂ ਪਾਤਸ਼ਾਹ ਦੀ ਅਸੀਮ ਕਿਰਪਾ ਦੇ ਪਾਤਰ ਬਣਕੇ ਇਤਿਹਾਸ ਵਿਚ ਵੀ ਹਮੇਸ਼ਾ ਲਈ ਅਮਰ ਹੋ ਗਏ। ਹਰਸਿੱਖ ਰੋਜ਼ਾਨਾਂ ਅਰਦਾਸ ਵਿੱਚ ਇਨ੍ਹਾਂ ਲਾਸਾਨੀ ਸ਼ਹੀਦਾਂ ਨੂੰ ਯਾਦ ਕਰਦਾ ਹੋਇਆ ਸ਼ਰਧਾ ਦੇ ਫੁੱਲ ਭੇਟ ਕਰਦਾ ਹੈ। ਇਨ੍ਹਾਂ 40 ਗੁਰਸਿੱਖਾਂ ਦੇ ਨਾਮ ਨਾਲ ਜੁੜਿਆ ਹੋਇਆ ਵਿਸ਼ੇਸ਼ਣ 'ਮੁਕਤੇ' ਇਸ ਪੱਖ ਨੂੰ ਪ੍ਰਗਟ ਕਰਦਾ ਹੈ ਕਿ ਇਹ ਗੁਰਸਿੱਖ ਗੁਰੂ ਸਾਹਿਬ ਦੀ ਇਲਾਹੀ ਬਖਸ਼ਿਸ਼ ਦੁਆਰਾ ਜਨਮ-ਮਰਨ ਦੇ ਗੇੜ ਤੋਂ ਮੁਕਤ ਹੋਣ ਵਾਲੀਆਂ ਰੂਹਾਨੀ ਸ਼ਖ਼ਸੀਅਤਾਂ ਸਨ। ਇਤਿਹਾਸਕ ਪੱਖ ਤੋਂ 40 ਮੁਕਤਿਆਂ ਦਾ ਪਿਛੋਕੜ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੋਣ ਵਾਲੇ ਅਨੰਦਪੁਰ ਸਾਹਿਬ ਦੇ ਯੁੱਧ ਨਾਲ ਜਾ ਜੁੜਦਾ ਹੈ, ਜਦੋਂ 1704ਈ.ਵਿਚ ਮੁਗਲਾਂ ਅਤੇ ਪਹਾੜੀ ਰਾਜਿਆਂ ਦੀਆਂ ਸੰਯੁਕਤ ਫੌਜਾਂ ਨੇ ਹੱਕ ਸੱਚ ਦੀ ਆਵਾਜ਼ ਨੂੰ ਦਬਾਉਣ ਲਈ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਕਈ ਮਹੀਨਿਆਂ ਤਕ ਘੇਰਾ ਪਾਈ ਰੱਖਿਆ ਪਰ ਗੁਰੂ ਸਾਹਿਬ ਅਤੇ ਗੁਰਸਿੱਖਾਂ ਨੂੰ ਝੁਕਾਉਣ ਵਿਚ ਕਾਮਯਾਬ ਨਾ ਹੋ ਸਕੇ। ਇਸ ਲੰਮੇ ਘੇਰੇ ਦੌਰਾਨ ਭੁੱਖ ਅਤੇ ਪਿਆਸ ਦੀਆਂ ਮੁਸ਼ਕਿਲਾਂ ਤੋਂ ਪਰੇਸ਼ਾਨ ਹੋ ਕੇ40 ਗੁਰਸਿੱਖ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਦੇ ਕੇ ਆਪਣੇ ਘਰਾਂ ਨੂੰ ਚਲੇ ਗਏ ਪਰ ਗੁਰੂ ਸਾਹਿਬ ਪ੍ਰਤੀ ਆਪਣੇ ਪਿਆਰ ਦੀ ਖਿੱਚ ਅਤੇ ਆਪਣੀਆਂ ਜਾਗਦੀਆ ਜ਼ਮੀਰਾ ਸਦਕਾ ਇਹ ਸਿੱਖ ਜ਼ਿਆਦਾ ਸਮਾਂ ਗੁਰੂ ਗੋਬਿੰਦ ਸਿੰਘ ਜੀ ਤੋਂ ਦੂਰ ਨਾ ਰਹਿ ਸਕੇ। ਜਦੋਂ 1705 ਈ. ਵਿੱਚ ਖਿਦਰਾਣੇ ਦੀ ਢਾਬ 'ਤੇ ਗੁਰੂ ਗੋਬਿੰਦ ਸਿੰਘ ਜੀ ਅਤੇ ਮੁਗਲਾਂ ਵਿਚਕਾਰ ਯੁੱਧ ਹੋਇਆ ਤਾਂ ਇਹਨਾਂ 40 ਗੁਰਸਿੱਖਾਂ ਨੇ ਝਬਾਲ ਦੀ ਰਹਿਣ ਵਾਲੀ ਬੀਬੀ ਭਾਗੋ ਦੀ ਅਗਵਾਈ ਵਿਚ ਮੁਗਲ ਫੌਜਾਂ ਵਿਰੁੱਧ ਜੂਝਦੇ ਹੋਏ ਆਪਣੀ ਬਹਾਦਰੀ ਅਤੇ ਗੁਰੂ ਪਿਆਰ ਦਾ ਸਬੂਤ ਦਿੰਦੇ

ਹੋਏ ਮੁਗਲ ਫੌਜਾਂ ਨੂੰ ਵਾਪਸ ਭੱਜਣ ਲਈ ਮਜ਼ਬੂਰ ਕਰ ਦਿੱਤਾ। ਜੰਗ ਦੇ ਮੈਦਾਨ ਵਿਚ ਪਹੁੰਚ ਕੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ 40 ਸਿੱਖਾਂ ਦੇ ਆਗੂ ਭਾਈ ਮਹਾਂ ਸਿੰਘ ਨੂੰ ਜ਼ਖਮੀ ਹਾਲਤ ਵਿਚ ਵੇਖਿਆ ਤਾਂ ਭਾਈ ਮਹਾਂ ਸਿੰਘ ਦੇ ਸਿਰ ਨੂੰ ਬਹੁਤ ਪਿਆਰ ਨਾਲ ਆਪਣੀ ਗੋਦੀ ਵਿੱਚ ਰੱਖ ਕੇ ਉਨ੍ਹਾਂ ਦੇ ਜ਼ਖਮ ਸਾਫ ਕੀਤੇ ਅਤੇ ਭਾਈ ਮਹਾਂ ਸਿੰਘ ਦੀ ਇੱਛਾ ਅਨੁਸਾਰ 40 ਗੁਰਸਿੱਖਾਂ ਦੁਆਰਾ ਲਿਖਿਆ ਗਿਆ ਬੇਦਾਵਾ ਪਾੜ ਕੇ ਉਨ੍ਹਾਂ ਨੂੰ ਹਮੇਸ਼ਾ ਲਈ ਮੁਕਤ ਕਰ ਦਿੱਤਾਅਤੇ ਚਾਲੀ ਮੁਕਤੇ ਕਹਿ ਕੇ ਸਤਿਕਾਰ ਪ੍ਰਦਾਨ ਕੀਤਾ। ਇਨ੍ਹਾਂ 40 ਮੁਕਤਿਆਂ ਦੇ ਨਾਮ 'ਤੇ ਹੀ ਖਿਦਰਾਣੇ ਦੀ ਢਾਬ ਦਾ ਨਾਮ ਉਸ ਦਿਨ ਤੋਂ ਬਾਅਦਸ੍ਰੀ ਮੁਕਤਸਰ ਸਾਹਿਬ ਪੈ ਗਿਆ। ਜਿੱਥੇ ਇਨ੍ਹਾਂ ਦੀ ਪਵਿੱਤਰ ਯਾਦ ਵਿੱਚ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਮੌਜੂਦ ਹੈ।

## ਪ੍ਰਸ਼ਨੋਤਰੀ

ਪ੍ਰਸ਼ਨ 1. ਪੰਜ ਪਿਆਰਿਆਂ ਵਿੱਚੋਂ ਸਭ ਤੋਂ ਪਹਿਲਾ ਸੀਸ ਭੇਂਟ ਕਰਨ ਵਾਲੇ ਪਹਿਲੇ ਪਿਆਰੇ ਕੌਣ ਸਨ?

(ੳ) ਭਾਈ ਸਾਹਿਬ ਸਿੰਘ — (ਅ) ਭਾਈ ਹਿੰਮਤ ਸਿੰਘ
(ੲ) ਭਾਈ ਦਇਆ ਸਿੰਘ — (ਸ) ਭਾਈ ਧਰਮ ਸਿੰਘ

ਪ੍ਰਸ਼ਨ 2. ਭਾਈ ਦਇਆ ਸਿੰਘ ਜੀ ਦਾ ਜਨਮ ਕਦੋਂ ਹੋਇਆ?

(ੳ) 1665 ਈ: — (ਅ) 1661 ਈ:
(ੲ) 1670 ਈ: — (ਸ) 1660 ਈ:

ਪ੍ਰਸ਼ਨ 3. ਭਾਈ ਦਇਆ ਸਿੰਘ ਜੀ ਕਿੱਥੋਂ ਦੇ ਰਹਿਣ ਵਾਲੇ ਸਨ?

(ੳ) ਉੜੀਸਾ — (ਅ) ਦਿੱਲੀ
(ੲ) ਕਰਨਾਟਕ — (ਸ) ਲਾਹੌਰ

ਪ੍ਰਸ਼ਨ 4. ਭਾਈ ਧਰਮ ਸਿੰਘ ਜੀ ਕਿੱਥੋਂ ਦੇ ਰਹਿਣ ਵਾਲੇ ਸਨ?

(ੳ) ਪੰਜਾਬ — (ਅ) ਦਿੱਲੀ
(ੲ) ਕਰਨਾਟਕ — (ਸ) ਅੰਮ੍ਰਿਤਸਰ

ਪ੍ਰਸ਼ਨ 5. ਭਾਈ ਹਿੰਮਤ ਸਿੰਘ ਜੀ ਕਿੱਥੋਂ ਦੇ ਰਹਿਣ ਵਾਲੇ ਸਨ?

(ੳ) ਉੜੀਸਾ — (ਅ) ਗੁਜਰਾਤ
(ੲ) ਪੰਜਾਬ — (ਸ) ਲਾਹੌਰ

ਪ੍ਰਸ਼ਨ 6. ਭਾਈ ਮੋਹਕਮ ਸਿੰਘ ਜੀ ਕਿੱਥੋਂ ਦੇ ਰਹਿਣ ਵਾਲੇ ਸਨ?

| | |
|---|---|
| (ੳ) ਉੜੀਸਾ | (ਅ) ਪੰਜਾਬ |
| (ੲ) ਲਾਹੌਰ | (ਸ) ਗੁਜਰਾਤ |

ਪ੍ਰਸ਼ਨ 7. ਭਾਈ ਸਾਹਿਬ ਸਿੰਘ ਜੀ ਕਿੱਥੋਂ ਦੇ ਰਹਿਣ ਵਾਲੇ ਸਨ?

| | |
|---|---|
| (ੳ) ਉੜੀਸਾ | (ਅ) ਦਿੱਲੀ |
| (ੲ) ਕਰਨਾਟਕ | (ਸ) ਲਾਹੌਰ |

ਪ੍ਰਸ਼ਨ 8. ਭਾਈ ਦਇਆ ਸਿੰਘ ਦੇ ਮਾਤਾ ਜੀ ਦਾ ਕੀ ਨਾਂ ਸੀ?

| | |
|---|---|
| (ੳ) ਮਾਤਾ ਦਿਆਲੀ ਜੀ | (ਅ) ਮਾਤਾ ਦੇਈ ਜੀ |
| (ੲ) ਮਾਤਾ ਧੰਨੋ ਜੀ | (ਸ) ਮਾਤਾ ਅਨਕੰਪਾ ਜੀ |

ਪ੍ਰਸ਼ਨ 9. ਭਾਈ ਹਿੰਮਤ ਸਿੰਘ ਜੀ ਦਾ ਜਨਮ ਕਦੋਂ ਹੋਇਆ?

| | |
|---|---|
| (ੳ) 1665 ਈ: | (ਅ) 1661 ਈ: |
| (ੲ) 1663 ਈ: | (ਸ) 1660 ਈ: |

ਪ੍ਰਸ਼ਨ 10. ਭਾਈ ਹਿੰਮਤ ਸਿੰਘ ਜੀ ਦੇ ਪਿਤਾ ਜੀ ਦਾ ਕੀ ਨਾਂ ਸੀ?

| | |
|---|---|
| (ੳ) ਗੁਰੂ ਨਰੈਣ ਜੀ | (ਅ) ਜ਼ਗਜੀਵਨ ਰਾਏ ਜੀ |
| (ੲ) ਗੁਲਜ਼ਾਰੀ ਜੀ | (ਸ) ਭਾਈ ਸੁੱਚਾ ਜੀ |

ਪ੍ਰਸ਼ਨ 11. ਭਾਈ ਹਿੰਮਤ ਸਿੰਘ ਦੇ ਮਾਤਾ ਜੀ ਦਾ ਕੀ ਨਾਂ ਸੀ?

| | |
|---|---|
| (ੳ) ਮਾਤਾ ਸੰਭਲੀ ਜੀ | (ਅ) ਮਾਤਾ ਦੇਈ ਜੀ |
| (ੲ) ਮਾਤਾ ਧੰਨੋ ਜੀ | (ਸ) ਮਾਤਾ ਅਨਕੰਪਾ ਜੀ |

ਪ੍ਰਸ਼ਨ 12. ਭਾਈ ਮੋਹਕਮ ਸਿੰਘ ਜੀ ਕਿਹੜੀ ਜੰਗ ਵਿੱਚ ਸ਼ਹੀਦ ਹੋਏ?

| | |
|---|---|
| (ੳ) ਚਮਕੌਰ ਦੀ ਜੰਗ ਵਿੱਚ | (ਅ) ਸਭਰਾਉਂ ਦੀ ਜੰਗ ਵਿੱਚ |
| (ੲ) ਆਨੰਦਪੁਰ ਸਾਹਿਬ ਦੀ ਜੰਗ ਵਿੱਚ | (ਸ) ਖਿਦਰਾਣੇ ਦੀ ਜੰਗ ਵਿੱਚ |

ਪ੍ਰਸ਼ਨ 13. ਭਾਈ ਮੋਹਕਮ ਸਿੰਘ ਜੀ ਦੇ ਮਾਤਾ ਜੀ ਦਾ ਕੀ ਨਾਂ ਸੀ

| | |
|---|---|
| (ੳ) ਮਾਤਾ ਸੰਭਲੀ ਜੀ | (ਅ) ਮਾਤਾ ਦੇਵਾ ਬਾਈ ਜੀ |
| (ੲ) ਮਾਤਾ ਧੰਨੋ ਜੀ | (ਸ) ਮਾਤਾ ਅਨਕੰਪਾ ਜੀ |

ਪ੍ਰਸ਼ਨ 14. ਭਾਈ ਸਾਹਿਬ ਸਿੰਘ ਜੀ ਦਾ ਜਨਮ ਕਦੋਂ ਹੋਇਆ?

(ੳ) 1672 ਈ: (ਅ) 1662 ਈ:

(ੲ) 1673 ਈ: (ਸ) 1675 ਈ:

ਪ੍ਰਸ਼ਨ 15. ਭਾਈ ਸਾਹਿਬ ਸਿੰਘ ਜੀ ਦੇ ਪਿਤਾ ਜੀ ਦਾ ਕੀ ਨਾਂ ਸੀ?

(ੳ) ਮਾਲ ਦੇਉ ਜੀ (ਅ) ਜਗਜੀਵਨ ਜੀ

(ੲ) ਗੁਰ ਨਾਰੈਣ ਜੀ (ਸ) ਚਮਨ ਜੀ

ਪ੍ਰਸ਼ਨ 16. ਭਾਈ ਸਾਹਿਬ ਜੀ ਦੇ ਮਾਤਾ ਜੀ ਦਾ ਕੀ ਨਾਂ ਸੀ?

(ੳ) ਮਾਤਾ ਸੰਭਲੀ ਜੀ (ਅ) ਅਨਕੰਪਾ ਜੀ

(ੲ) ਮਾਤਾ ਨਾਲ ਦੇਈ ਜੀ (ਸ) ਮਾਤਾ ਸੋਨਬਾਈ ਜੀ

ਪ੍ਰਸ਼ਨ 17. ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਮਾਤਾ ਜੀ ਦਾ ਕੀ ਨਾਮ ਸੀ?

(ੳ) ਮਾਤਾ ਜੀਤੋਂ ਜੀ (ਅ) ਮਾਤਾ ਗੁਜਰੀ ਜੀ

(ੲ) ਮਾਤਾ ਸੁੰਦਰੀ ਜੀ (ਸ) ਮਾਤਾ ਸੁਲੱਖਣੀ ਜੀ

ਪ੍ਰਸ਼ਨ 18. ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਜਨਮ ਕਦੋਂ ਹੋਇਆ?

(ੳ) 1682 ਈ: (ਅ) 1685 ਈ:

(ੲ) 1687 ਈ: (ਸ) 1686 ਈ:

ਪ੍ਰਸ਼ਨ 19. ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਜਨਮ ਕਿੱਥੇ ਹੋਇਆ?

(ੳ) ਅੰਮ੍ਰਿਤਸਰ ਸਾਹਿਬ (ਅ) ਕਰਤਾਰਪੁਰ ਸਾਹਿਬ

(ੲ) ਅਨੰਦਪੁਰ ਸਾਹਿਬ (ਸ) ਕੀਰਤਪੁਰ ਸਾਹਿਬ

ਪ੍ਰਸ਼ਨ 20. ਬਾਬਾ ਜੁਝਾਰ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਿੰਨਵੇਂ ਸਾਹਿਬਜ਼ਾਦੇ ਸਨ?

(ੳ) ਤੀਜੇ (ਅ) ਪਹਿਲੇ

(ੲ) ਚੌਥੇ (ਸ) ਦੂਜੇ

ਪ੍ਰਸ਼ਨ 21. ਬਾਬਾ ਜੁਝਾਰ ਸਿੰਘ ਜੀ ਦਾ ਜਨਮ ਕਦੋਂ ਹੋਇਆ?

(ੳ)1691 ਈ: (ਅ) 1690 ਈ:

(ੲ) 1695 ਈ: (ਸ) 1692 ਈ:

ਪ੍ਰਸ਼ਨ 22. ਬਾਬਾ ਜੁਝਾਰ ਸਿੰਘ ਜੀ ਦੀ ਮਾਤਾ ਜੀ ਦਾ ਕੀ ਨਾਮ ਸੀ?

(ੳ) ਮਾਤਾ ਸਾਹਿਬ ਕੌਰ ਜੀ
(ਅ) ਮਾਤਾ ਸੁੰਦਰੀ ਜੀ
(ੲ) ਮਾਤਾ ਜੀਤੋ ਜੀ
(ਸ) ਮਾਤਾ ਮਨਸਾ ਦੇਵੀ ਜੀ

ਪ੍ਰਸ਼ਨ 23. ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਦੇ ਦਾਦੀ ਜੀ ਦਾ ਕੀ ਨਾਮ ਸੀ?

(ੳ) ਮਾਤਾ ਜੀਤੋ ਜੀ
(ਅ) ਮਾਤਾ ਸਾਹਿਬ ਜੀ
(ੲ) ਮਾਤ ਸੁੰਦਰੀ ਜੀ
(ਸ) ਮਾਤਾ ਗੁਜਰੀ ਜੀ

ਪ੍ਰਸ਼ਨ 24. ਛੋਟੇ ਸਾਹਿਬਜ਼ਾਦਿਆਂ ਨੂੰ ਕਦੋਂ ਸ਼ਹੀਦ ਕੀਤਾ ਗਿਆ?

(ੳ) 25 ਦਸੰਬਰ, 1704 ਈ:
(ਅ) 20ਦਸੰਬਰ,1704 ਈ:
(ੲ) 26ਦਸੰਬਰ, 1704 ਈ:
(ਸ) 23 ਦਸੰਬਰ, 1704 ਈ:

ਪ੍ਰਸ਼ਨ 25. ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਵਿੱਚੋਂ ਸਭ ਤੋ ਛੋਟੇ ਕੌਣ ਸਨ?

ੳ)ਬਾਬਾ ਜ਼ੋਰਾਵਰ ਸਿੰਘ ਜੀ
ਅ)ਬਾਬਾ ਫਤਿਹ ਸਿੰਘ ਜੀ
ੲ)ਬਾਬਾ ਅਜੀਤ ਸਿੰਘ ਜੀ
ਸ)ਬਾਬਾ ਜੁਝਾਰ ਸਿੰਘ ਜੀ

ਪ੍ਰਸ਼ਨ 26. ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਂ ਕੋਲ ਕਿਸਨੇ ਫੜਾਇਆ ਸੀ?

ੳ)ਚੰਦੂ ਸ਼ਾਹ ਨੇ
ਅ)ਸੁੱਚਾ ਨੰਦ ਨੇ
ੲ)ਗੰਗੂ ਰਸੋਈਏ ਨੇ
ਸ)ਟੋਡਰ ਮੱਲ ਨੇ

ਪ੍ਰਸ਼ਨ 27. ਬਾਬਾ ਫ਼ਤਿਹ ਸਿੰਘ ਜੀ ਦੀ ਸ਼ਹੀਦੀ ਸਮੇਂ ਕਿੰਨੀ ਉਮਰ ਸੀ?

ੳ)18 ਸਾਲ
ਅ)16 ਸਾਲ
ੲ)8 ਸਾਲ
ਸ)6 ਸਾਲ

ਪ੍ਰਸ਼ਨ 28. ਸਰਹਿੰਦ ਦੇ ਸੂਬੇਦਾਰ ਦਾ ਕੀ ਨਾਂ ਸੀ?

ੳ)ਚੰਦੂ ਸ਼ਾਹ
ਅ)ਸ਼ੇਰ ਮੁਹੰਮਦ
ੲ)ਗੰਗੂ
ਸ)ਵਜ਼ੀਰ ਖਾਂ

ਪ੍ਰਸ਼ਨ 29. ਸਿੱਖ ਇਤਿਹਾਸ ਵਿਚ 40 ਗੁਰਸਿੱਖਾਂ ਨੂੰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ?

(ੳ) ਮੁਕਤੇ (ਅ) ਸ਼ਸਤਰਧਾਰੀ
(ੲ) ਕਿਰਪਾਨਧਾਰੀ (ਸ) ਯੋਧੇ

ਪ੍ਰਸ਼ਨ 30. ਮੁਗ਼ਲ ਸੈਨਾ ਨੇ ਆਨੰਦਪੁਰ ਸਾਹਿਬ ਨੂੰ ਕਦੋਂ ਘੇਰਾ ਪਾਇਆ?

(ੳ) 1706 ਈ. (ਅ)1709 ਈ.
(ੲ) 1704 ਈ. (ਸ) 1710 ਈ.

ਪ੍ਰਸ਼ਨ 31. ਗੁਰੂ ਗੋਬਿੰਦ ਸਿੰਘ ਅਤੇ ਮੁਗ਼ਲਾਂ ਵਿਚਕਾਰ ਯੁੱਧ ਕਿਥੇ ਹੋਇਆ?

(ੳ) ਭੰਗਾਣੀ ਵਿਖੇ (ਅ) ਖਿਦਰਾਣੇ ਦੀ ਢਾਬ
(ੲ) ਮੁਕਤਸਰ ਵਿਖੇ (ਸ) ਬੈਸੋਲੀ ਵਿਖੇ

ਪ੍ਰਸ਼ਨ 32. ਮੁਕਤਸਰ ਵਿਖੇ 40 ਮੁਕਤਿਆਂ ਦੀ ਯਾਦ ਵਿਚ ਕਿਹੜਾ ਗੁਰਦੁਆਰਾ ਸੁਸ਼ੋਭਿਤ ਹੈ?

(ੳ) ਪਤਾਲਪੁਰੀ (ਅ) ਟੁੱਟੀ ਗੰਢੀ
(ੲ) ਰਕਾਬ ਗੰਜ (ਸ) ਥੜ੍ਹਾ ਸਾਹਿਬ

ਪ੍ਰਸ਼ਨ 33.ਬੀਬੀ ਭਾਗੋ ਕਿਥੋਂ ਦੀ ਰਹਿਣ ਵਾਲੀ ਸੀ?


(ੳ) ਮੁਕਤਸਰ (ਅ) ਆਨੰਦਪੁਰ
(ੲ) ਚਮਕੌਰ ਸਾਹਿਬ (ਸ) ਝਬਾਲ

**ਉੱਤਰ:-** 1. (ੲ), 2. (ਅ), 3.(ਸ), 4.(ਅ), 5.(ੳ), 6.(ਸ), 7.(ੲ), 8.(ੳ), 9.(ੲ), 10.(ੲ), 11.(ੲ), 12.(ੳ), 13.(ਅ), 14.(ਅ), 15.(ਸ), 16. (ਸ),17. (ੲ), 18. (ਸ), 19. (ੲ), 20. (ਸ), 21. (ਅ), 22. (ੲ), 23. (ਸ), 24. (ੲ), 25. (ਅ), 26.(ੲ), 27.(ਸ), 28. (ਸ), 29.(ੳ), 30. (ੲ), 31. (ਅ), 32. (ਅ), 33. (ਸ),

# ਅਧਿਆਇ-ਤੀਜਾ

## ਪ੍ਰਮੁੱਖ ਸਿੱਖ ਸ਼ਹੀਦ

# ਭਾਈ ਮਤੀ ਦਾਸ



ਗੁਰੂ ਤੇਗ ਬਹਾਦਰ ਜੀ ਨਾਲ ਚਾਂਦਨੀ ਚੌਂਕ ਵਿੱਚ ਸ਼ਹਾਦਤ ਪ੍ਰਾਪਤ ਕਰਨ ਵਾਲੇ ਪਹਿਲੇ ਸਿੱਖ ਭਾਈ ਮਤੀ ਦਾਸ ਜੀ ਸਨ।ਆਪ ਜਿਹਲਮ ਜ਼ਿਲ੍ਹੇ ਦੇ ਪਿੰਡ ਕਰਿਆਲਾ (ਮੌਜੂਦਾ ਪਾਕਿਸਤਾਨ) ਦੇ ਵਸਨੀਕ ਸਨ।ਭਾਈ ਮਤੀ ਦਾਸ ਜੀ ਭਾਈ ਪਰਾਗਾ ਜੀ ਦੇ ਪੜਪੋਤੇ ਸਨ ਜੋ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਮੁੱਖ ਸਿੱਖਾਂ ਵਿੱਚੋਂ ਇੱਕ ਸਨ। ਇੱਥੋਂ ਇਹ ਪਤਾ ਲੱਗਦਾ ਹੈ ਕਿ ਭਾਈ ਮਤੀ ਦਾਸ ਦੇ ਪਰਿਵਾਰ ਦਾ ਗੁਰੂ ਘਰ ਨਾਲ ਬਹੁਤ ਪੁਰਾਣਾ ਸੰਬੰਧ ਸੀ।ਭਾਈ ਪਰਾਗਾ ਜੀ ਦੇ ਪੁੱਤਰ ਲਖਮੀ ਦਾਸ ਅਤੇ ਭਾਈ ਲਖੀਦਾਸ ਦੇ ਪੁੱਤਰ ਭਾਈ ਹੀਰਾ ਨੰਦ ਵੀ ਪੂਰੀ ਤਰ੍ਹਾਂ ਗੁਰੂ ਘਰ ਨੂੰ ਸਮਰਪਿਤ ਸਨ। ਭਾਈ ਹੀਰਾ ਨੰਦ ਜੀ ਨੇ ਆਪਣੇ ਦੋਵਾਂ ਪੁੱਤਰਾਂ ਭਾਈ ਮਤੀਦਾਸ ਅਤੇ ਭਾਈ ਸਤੀ ਦਾਸ ਜੀ ਨੂੰ ਵੀ ਗੁਰੂ ਘਰ ਦੀ ਸੇਵਾ ਵਿੱਚ ਲਾ ਦਿੱਤਾ ਸੀ। ਇਹ ਦੋਵੇਂ ਉਸ ਵੇਲੇ ਬਾਲ ਅਵਸਥਾ ਵਿਚ ਸਨ। ਛੇਵੇਂ ਪਾਤਸ਼ਾਹ ਇਨ੍ਹਾਂ ਨੂੰ ਆਪਣੇ ਪੁੱਤਰਾਂ ਵਾਂਗ ਪਿਆਰ ਕਰਦੇ ਸਨ।

ਗੁਰੂ ਤੇਗ ਬਹਾਦਰ ਜੀ ਦੇ ਸਮੇਂ ਭਾਈ ਮਤੀ ਦਾਸ ਜੀ ਨੂੰ ਗੁਰੂ ਘਰ ਦਾ ਦੀਵਾਨ ਨਿਯੁਕਤ ਕੀਤਾ ਗਿਆ ਸੀ।ਜਦੋਂ ਗੁਰੂ ਤੇਗ ਬਹਾਦਰ ਜੀ ਪੂਰਬ ਦੀ ਯਾਤਰਾ ਤੇ ਗਏ ਸਨ ਤਾਂ ਭਾਈ ਮਤੀਦਾਸ, ਭਾਈ ਸਤੀਦਾਸ, ਭਾਈ ਗਵਾਲ ਅਤੇ ਭਾਈ ਦਿਆਲ ਦਾਸ ਉਨ੍ਹਾਂ ਦੇ ਨਾਲ ਹੀ ਗਏ ਸਨ। ਸਪੱਸ਼ਟ ਹੈ ਕਿ ਇਹ ਸਿੱਖ ਲਗਭਗ ਗੁਰੂ ਪਾਤਿਸ਼ਾਹ ਦੇ ਨਾਲ ਹੀ ਵਿਚਰਦੇ ਸਨ। ਕਸ਼ਮੀਰੀ ਪੰਡਿਤਾਂ ਦੀ ਘਟਨਾ ਉਪਰੰਤ ਗੁਰੂ ਸਾਹਿਬ ਨਾਲ ਗ੍ਰਿਫ਼ਤਾਰ ਕਰਕੇ ਲਿਆਂਦੇ ਜਾਣ ਵਾਲੇ ਗੁਰਸਿੱਖਾਂ ਵਿਚੋਂ ਭਾਈ ਮਤੀ ਦਾਸ ਇੱਕ ਸਨ।

ਦਿੱਲੀ ਵਿਚ ਕੈਦ ਸਮੇਂ ਆਪ ਨੇ ਸਾਰੇ ਤਸੀਹਿਆਂ ਨੂੰ ਖਿੜੇ ਮੱਥੇ ਪ੍ਰਵਾਨ ਕਰ ਗੁਰੂ ਜੀ ਦੇ ਪੂਰੇ ਸਿੱਖ ਹੋਣ ਦਾ ਸਬੂਤ ਦਿੱਤਾ ਸੀ। ਸਿੱਖ ਪਰੰਪਰਾ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਜਦੋਂ ਦਿੱਲੀ ਦੇ ਮੁਗ਼ਲ ਅਹਿਲਕਾਰ ਤੇ ਕਾਜ਼ੀ ਨੇ ਬਦਕਲਾਮੀ ਕੀਤੀ ਸੀ ਤਾਂ ਆਪ ਜੀ ਨੇ ਗੁਰੂ ਜੀ ਕੋਲੋਂ ਆਗਿਆ ਮੰਗੀ ਸੀ ਕਿ ਮੈਨੂੰ ਹੁਕਮ ਕਰੋ

ਮੈਂ ਦਿੱਲੀ ਤੇ ਲਾਹੌਰ ਦੀ ਇੱਟ ਨਾਲ ਇੱਟ ਵਜਾ ਦੇਵਾਂ। ਗੁਰੂ ਸਾਹਿਬ ਨੇ ਸਮਝਾਇਆ ਕਿ ਸਾਨੂੰ ਖਿੜੇ ਮੱਥੇ ਜ਼ੁਲਮਾਂ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਇਸ ਵਿੱਚੋਂ ਭਾਰਤੀ ਸਮਾਜ ਵਿੱਚ ਹਿੰਮਤ ਦੇ ਬੀਜ ਪੈਦਾ ਹੋਣਗੇ। ਗੁਰੂ ਪਾਤਸ਼ਾਹ ਦੇ ਹੁਕਮ ਨੂੰ ਪ੍ਰਵਾਨ ਕਰਦੇ ਹੋਏ ਆਪ ਨੇ ਆਪਣੇ ਆਪ ਨੂੰ ਸ਼ਹਾਦਤ ਲਈ ਤਿਆਰ ਕਰ ਲਿਆ ਸੀ। ਜਦੋਂ ਭਾਈ ਮਤੀ ਦਾਸ ਦੇ ਸਿਰ ਤੇ ਆਰਾ ਚੱਲਿਆ ਤਾਂ ਭਾਈ ਮਤੀ ਦਾਸ ਜੀ ਨੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਸ਼ੁਰੂ ਕਰ ਦਿੱਤਾ। ਇਤਿਹਾਸ ਵਿਚ ਆਉਂਦਾ ਹੈ ਕਿ ਜਦੋਂ ਤੱਕ ਸਰੀਰ ਉੱਤੇ ਆਰਾ ਚੱਲਦਾ ਰਿਹਾ, ਗੁਰਬਾਣੀ ਦਾ ਪਾਠ ਵੀ ਨਾਲ-ਨਾਲ ਚਲਦਾ ਰਿਹਾ। ਅਖੀਰ ਨਵੰਬਰ 1675 ਈ. ਨੂੰ ਗੁਰੂ ਪਾਤਸ਼ਾਹ ਦੇ ਸਾਹਮਣੇ ਇਨ੍ਹਾਂ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ।

## ਭਾਈ ਦਿਆਲਾ ਜੀ



ਸ੍ਰੀ ਗੁਰੂ ਤੇਗ਼ ਬਹਾਦਰ ਜੀ ਨਾਲ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸ਼ਹਾਦਤ ਦਾ ਜਾਮ ਪੀਣ ਵਾਲੇ ਦੂਸਰੇ ਗੁਰਸਿੱਖ ਨੂੰ ਇਤਿਹਾਸ ਵਿੱਚ ਭਾਈ ਦਿਆਲਾ ਜੀ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਭਾਈ ਦਿਆਲਾ ਜੀ ਦੇ ਪਿਤਾ ਦਾ ਨਾਮ ਭੱਟ ਵਹੀ ਅਨੁਸਾਰ ਭਾਈ ਮਾਧੀ ਦਾਸ ਸੀ। ਇਨ੍ਹਾਂ ਦੀ ਬੰਸਾਵਲੀ ਇਸ ਤਰ੍ਹਾਂ ਹੈ: ਭਾਈ ਮੂਲਾ ਜੀ – ਭਾਈ ਬਲੂ ਜੀ – ਭਾਈ ਮਾਧੀ ਦਾਸ ਜੀ – ਭਾਈ ਦਿਆਲਾ ਜੀ।

ਭਾਈ ਦਿਆਲਾ ਜੀ ਦੇ ਮੁੱਢਲੇ ਜੀਵਨ ਬਾਰੇ ਇਤਿਹਾਸ ਵਿੱਚੋਂ ਜ਼ਿਆਦਾ ਜਾਣਕਾਰੀ ਨਹੀਂ ਮਿਲਦੀ। ਕੁੱਝ ਵਿਦਵਾਨਾਂ ਦਾ ਕਹਿਣਾ ਹੈ ਕਿ ਭਾਈ ਦਿਆਲਾ ਜੀ ਪਿੰਡ ਕਰਿਆਲਾ ਜੋ ਜਿਹਲਮ ਦੇ ਰਹਿਣ ਵਾਲੇ ਸਨ ਤੇ ਭਾਈ ਮਤੀ ਦਾਸ ਜੀ ਦੇ ਰਿਸ਼ਤੇਦਾਰ ਸਨ। ਦੂਜਾ ਤੇ ਆਮ ਪ੍ਰਚੱਲਿਤ ਵਿਚਾਰ ਇਹ ਹੈ ਕਿ ਭਾਈ ਦਿਆਲਾ ਜੀ ਮਾਲਵੇ ਦੇ ਰਹਿਣ ਵਾਲੇ ਸਨ ਤੇ ਭਾਈ ਮਨੀ ਸਿੰਘ ਜੀ ਸ਼ਹੀਦ ਇਹਨਾਂ ਦੇ ਪਰਿਵਾਰ ਵਿੱਚੋਂ ਹੀ ਸਨ।

ਭਾਈ ਦਿਆਲਾ ਜੀ ਦੇ ਪਰਿਵਾਰ ਦਾ ਸੰਬੰਧ ਗੁਰੂ ਅਰਜਨ ਸਾਹਿਬ ਵੇਲੇ ਜੁੜਿਆ ਜਦੋਂ ਭਾਈ ਮੂਲਾ ਜੀ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਏ ਅਤੇ ਫਿਰ ਗੁਰੂ

ਘਰ ਦੇ ਹੋ ਕੇ ਰਹਿ ਗਏ। ਗੁਰੂ ਹਰਿਗੋਬਿੰਦ ਜੀ ਵੇਲੇ ਉਹ ਬਹੁਤ ਬਿਰਧ ਹੋ ਚੁੱਕੇ ਸਨ। ਉਨ੍ਹਾਂ ਨੇ ਆਪਣੇ ਪੁੱਤਰ ਭਾਈ ਬਲੂ ਜੀ ਨੂੰ ਗੁਰੂ ਘਰ 'ਚ ਸੌਂਪ ਦਿੱਤਾ। ਭਾਈ ਬਲੂ ਜੀ ਇਕ ਬਹੁਤ ਹੀ ਸਿਰਲੱਥ ਯੋਧੇ ਵਜੋਂ ਪ੍ਰਸਿੱਧ ਹੋਏ। ਗੁਰੂ ਸਾਹਿਬ ਦੇ ਮੁਗਲਾਂ ਨਾਲ ਹੋਏ ਯੁੱਧਾਂ ਵਿਚ ਆਪ ਜੀ ਨੇ ਸ਼ਹਾਦਤ ਪ੍ਰਾਪਤ ਕੀਤੀ ਸੀ। ਇਨ੍ਹਾਂ ਤੋਂ ਬਾਅਦ ਆਪ ਜੀ ਦਾ ਸਪੁੱਤਰ ਭਾਈ ਮਾਧੀ ਦਾਸ ਗੁਰੂ ਘਰ ਵਿੱਚ ਹਾਜ਼ਰ ਹੋ ਗਿਆ। ਉਨ੍ਹਾਂ ਤੋਂ ਬਾਅਦ ਭਾਈ ਦਿਆਲਾ ਜੀ। ਗੁਰੂ ਤੇਗ ਬਹਾਦਰ ਜੀ ਆਪ ਜੀ ਨੂੰ ਆਪਣੇ ਭਰਾ ਵਾਂਗ ਪਿਆਰ ਕਰਦੇ ਸਨ। ਪੂਰਬ ਦੀ ਯਾਤਰਾ ਵੇਲੇ ਭਾਈ ਦਿਆਲਾ ਜੀ ਨੂੰ ਪਟਨੇ ਦੀ ਸੰਗਤ ਦਾ ਮੁਖੀ ਵੀ ਥਾਪ ਦਿੱਤਾ ਸੀ, ਜਿੱਥੇ ਉਹ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ। ਔਰੰਗਜ਼ੇਬ ਦੇ ਹੁਕਮ ਨਾਲ ਜਦ ਪਾਤਸ਼ਾਹ ਦਿੱਲੀ ਲਿਆਂਦੇ ਗਏ ਤਾਂ ਭਾਈ ਦਿਆਲਾ ਜੀ ਗੁਰੂ ਸਾਹਿਬ ਦੇ ਨਾਲ ਹੀ ਸਨ।

ਭਾਈ ਦਿਆਲਾ ਜੀ ਨੂੰ ਸ਼ਹੀਦ ਕਰਨ ਦੇ ਲਈ ਹਕੂਮਤ ਵੱਲੋਂ ਇਹ ਹੁਕਮ ਹੋਇਆ ਕਿ ਇਨ੍ਹਾਂ ਨੂੰ ਦੇਗ ਦੇ ਵਿੱਚ ਉਬਾਲਿਆ ਜਾਵੇ। ਪਾਣੀ ਦੀ ਦੇਗ ਅੱਗ ਤੇ ਰੱਖ ਦਿੱਤੀ ਗਈ। ਉਧਰੋਂ ਸਾਰੇ ਸ਼ਹਿਰ ਵਿੱਚ ਇਹ ਗੱਲ ਇਕ ਦਮ ਫੈਲ ਗਈ। ਲੋਕ ਭਾਰੀ ਗਿਣਤੀ ਵਿੱਚ ਆ ਗਏ। ਕੋਈ ਆਸ ਨਹੀਂ ਸੀ ਕਰ ਸਕਦਾ ਕਿ ਕੋਈ ਜਿਉਂਦਾ ਮਨੁੱਖ ਵੀ ਉਬਲਦੇ ਪਾਣੀ ਵਿੱਚ ਬੈਠ ਕੇ ਕੁੱਝ ਚਿਰ ਲੰਘਾ ਸਕਦਾ ਹੈ। ਪਰ ਜਿਨ੍ਹਾਂ ਭਾਈ ਮਤੀ ਦਾਸ ਦੀ ਸ਼ਹੀਦੀ ਅੱਖੀਂ ਦੇਖੀ ਸੀ, ਉਹ ਮੰਨਣ ਲੱਗ ਪਏ ਸਨ ਕਿ ਭਾਵੇਂ ਦੁਨੀਆਂ ਦਾ ਹੋਰ ਕੋਈ ਇਨਸਾਨ ਨਾ ਕਰ ਸਕੇ ਪਰ ਸਿੱਖ ਅਜਿਹਾ ਕਰ ਸਕਦੇ ਹਨ। ਦੇਗ ਵਿੱਚ ਜਦ ਪਾਣੀ ਉਬਾਲੇ ਖਾਣ ਲੱਗ ਪਿਆ ਤਾਂ ਭਾਈ ਦਿਆਲਾ ਜੀ ਨੂੰ ਉਸਦੇ ਨੇੜੇ ਲਿਜਾ ਕੇ ਖੜ੍ਹਾ ਕਰ ਦਿੱਤਾ ਗਿਆ। ਭਾਈ ਦਿਆਲਾ ਜੀ ਨੇ ਨਜ਼ਰ ਉੱਚੀ ਕਰ ਕੇ ਦੇਖਿਆ। ਇੱਕ ਨਜ਼ਰ ਆਪਣੇ ਸਤਿਗੁਰਾਂ ਵੱਲ ਮਾਰ ਕੇ ਉਹਨਾਂ ਨੇ ਪੈਰ ਚੁੱਕਿਆ ਤੇ ਦੇਗ਼ ਦੇ ਵਿੱਚ ਜਾ ਕੇ ਬੈਠ ਗਏ। ਭਾਈ ਸਾਹਿਬ ਦੇ ਗਲ ਤੱਕ ਪਾਣੀ ਪਹੁੰਚ ਗਿਆ। ਭਾਈ ਸਾਹਿਬ ਨੇ ਸਮਾਧੀ ਲਾ ਲਈ ਜਿਵੇਂ ਥੜ੍ਹੇ ਤੇ ਬੈਠ ਜਾਈਦਾ ਹੈ। ਮੁੱਖ ਤੋਂ ਪਾਠ ਅਰੰਭ ਕਰ ਦਿੱਤਾ। ਲੋਕੀਂ ਦੇਖ-ਦੇਖ ਮੂੰਹ ਵਿੱਚ ਉਂਗਲੀਆਂ ਪਾ ਰਹੇ ਸਨ ਕਿਉਂਕਿ ਉਹਨਾਂ ਨੂੰ ਦੇਗ਼ ਦੇ ਵਿਚ ਉਬਾਲੇ ਖਾਂਦਾ ਪਾਣੀ ਸਾਫ਼ ਨਜ਼ਰ ਆ ਰਿਹਾ ਸੀ ਪਰ ਭਾਈ ਦਿਆਲਾ ਜੀ ਦੀ ਬਿਰਤੀ ਪੂਰੀ ਤਰ੍ਹਾਂ ਟਿਕਾਉ ਵਿੱਚ ਸੀ। ਚਿਹਰੇ ਦਾ ਰੰਗ ਉਸੇ ਤਰ੍ਹਾਂ ਲਾਲ ਸੀ, ਪਰ ਬਿਨਾਂ ਰੋਕ ਟੋਕ ਜ਼ੁਬਾਨ ਇੱਕ ਸਾਰ ਪਾਠ ਕਰ ਰਹੀ ਸੀ। ਝੱਟ ਥੋੜੇ ਚਿਰ ਪਿੱਛੋਂ ਸਰੀਰ ਗਲ ਗਿਆ ਤੇ ਹੌਲੀ ਹੌਲੀ ਅੰਗ ਵੱਖ ਹੋਣ ਲੱਗ ਪਏ।ਭਾਈ ਦਿਆਲਾ ਜੀ ਦੇ ਸਵਾਸ ਖ਼ਤਮ ਹੋ ਗਏ।

ਹਾਕਮ ਦਾ ਮਨ ਵੀ ਇੱਕ ਵਾਰ ਇਸ ਦ੍ਰਿੜ੍ਹਤਾ ਨੂੰ ਦੇਖ ਕੇ ਕੰਬ ਗਿਆ। ਉਬਲਦੇ ਪਾਣੀ ਵਿੱਚ ਵੀ ਸੀ ਤੱਕ ਨਾ ਕਰਨਾ ਤੇ ਬਿਰਤੀ ਗੁਰੂ ਚਰਨਾਂ ਸੰਗ ਜੋੜੀ ਰੱਖਣੀ ਤੇ ਇਸੇ ਤਰਾਂ ਖਿੜੇ ਚਿਹਰੇ ਤਸੀਹੇ ਸਹਿ ਕੇ ਆਪਾ ਵਾਰਨਾ ਸਿੱਖ ਸ਼ਹੀਦਾਂ ਦੇ ਕਰਮ ਹਨ ਜਿਨ੍ਹਾਂ ਸਦਕਾ ਸਿੱਖ ਕੌਮ ਅਨੇਕਾਂ ਝੱਖੜਾਂ, ਤੂਫ਼ਾਨਾਂ ਤੇ ਮੁਸ਼ਕਲਾਂ ਵਿੱਚੋਂ ਵੀ ਚੜ੍ਹਦੀ ਕਲਾ ਵਿੱਚ ਹੋ ਕੇ ਨਿਕਲਦੀ ਰਹੀ ਹੈ ਤੇ ਅੱਗੋਂ ਵੀ ਨਿਕਲਦੀ ਰਹੇਗੀ।

## ਭਾਈ ਸਤੀ ਦਾਸ



ਸਿੱਖ ਇਤਿਹਾਸ ਦੇ ਵਿੱਚ ਸਿੱਖੀ ਨੂੰ ਸਮਰਪਿਤ ਅਜਿਹੇ ਸਿੱਖ ਹੋਏ ਹਨ ਜਿਨ੍ਹਾਂ ਨੇ ਸਿੱਖੀ ਦੀ ਖ਼ਾਤਿਰ ਆਪਣੀ ਜਾਨ ਤੱਕ ਦੀ ਵੀ ਪਰਵਾਹ ਨਹੀਂ ਕੀਤੀ। ਇਹ ਗੁਰਸਿੱਖ ਸਿੱਖ ਪ੍ਰੰਪਰਾ ਦੇ ਵਿੱਚ ਸਿੱਖ ਸ਼ਹੀਦ ਦੇ ਤੌਰ ਤੇ ਕਹਿਲਾਏ। ਇਨ੍ਹਾਂ ਸਿੱਖ ਸ਼ਹੀਦਾਂ ਦੇ ਵਿੱਚ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦਾ ਵਿਸ਼ੇਸ਼ ਸਥਾਨ ਹੈ। ਇਹ ਤਿੰਨੇ ਸਿੱਖ ਨੌਂਵੇਂ ਗੁਰੂ, ਗੁਰੂ ਤੇਗ਼ ਬਹਾਦਰ ਜੀ ਦੇ ਨਾਲ ਹੀ ਸ਼ਹੀਦ ਕੀਤੇ ਗਏ। ਜੇਕਰ ਸਿੱਖੀ ਜੀਵਨ ਦਾ ਆਦਰਸ਼ ਸਤਿਗੁਰੂ ਦੀ ਨਿਰੰਤਰ ਸੇਵਾ ਕਰਨਾ ਅਤੇ ਆਪਣੇ ਇਸ਼ਟ ਲਈ ਜੀਵਨ ਕੁਰਬਾਨ ਕਰਨਾ ਹੈ ਤਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਸਿੱਖੀ ਦੇ ਆਦਰਸ਼ ਤੇ ਪੂਰੇ ਉਤਰੇ ਸਨ। ਇਨ੍ਹਾਂ ਨੇ ਸਿੱਖੀ ਸਿਦਕ ਆਖ਼ਰੀ ਦਮ ਤੱਕ ਨਿਭਾਇਆ ਅਤੇ "ਜੀਵਤ ਸਾਹਿਬ ਸੇਵਿਓ ਆਪਣਾ" ਦੇ ਗੁਰਵਾਕ ਤੇ ਅਮਲ ਕਰਦੇ ਹੋਏ ਆਪਣਾ ਸਾਰਾ ਜੀਵਨ ਗੁਰੂ ਸਾਹਿਬ ਦੀ ਸੇਵਾ ਵਿੱਚ ਅਰਪਤ ਕਰ ਦਿੱਤਾ ਤੇ ਮੁਰਦਾ ਹੋਇ ਮੁਰੀਦ ਬਣ ਕੇ ਉਮਰ ਗੁਜ਼ਾਰੀ ਤੇ ਅਖ਼ੀਰ ਵਿੱਚ ਵੀ ਗੁਰੂ ਹਿਤ ਹੀ ਸ਼ਹੀਦੀ ਪ੍ਰਾਪਤ ਕੀਤੀ।

ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਦੋਵੇਂ ਭਰਾ ਸਨ। ਦੋਵੇਂ ਹੀ ਦੀਵਾਨ ਦਰਘ੍ਹਾ ਮੱਲ ਦੇ ਭਤੀਜੇ ਸਨ। ਦੀਵਾਨ ਦਰਘ੍ਹਾ ਮੱਲ ਅੱਠਵੇਂ ਗੁਰੂ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦੀਵਾਨ ਸਨ ਅਤੇ ਸਦਾ ਉਨ੍ਹਾਂ ਦੀ ਸੇਵਾ ਕਰਦੇ ਸਨ। ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਗਏ ਤਾਂ ਦੀਵਾਨ ਦਰਘ੍ਹਾ ਮੱਲ ਵੀ ਨਾਲ ਹੀ ਗਏ। ਗੁਰੂ ਸਾਹਿਬ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਦਰਘ੍ਹਾ ਮੱਲ ਦੇ ਰਾਹੀਂ ਹੀ ਬਾਬਾ ਬਕਾਲਾ ਜਾਣ ਦਾ ਸੰਦੇਸ਼ਾ ਦਿੱਤਾ ਸੀ। ਇਹ ਸੰਗਤਾਂ ਦੀ ਅਗਵਾਈ ਕਰਕੇ ਬਾਬੇ ਬਕਾਲੇ ਆਏ ਸਨ ਤੇ ਸੰਗਤਾਂ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਚਰਨੀਂ ਲਾਇਆ ਸੀ।

ਭਾਈ ਸਤੀ ਦਾਸ ਗੁਰੂ ਦਰਬਾਰ ਦੇ ਪ੍ਰਮੁਖ ਸਿੱਖ ਸਨ ਜੋ ਉੱਚਕੋਟੀ ਦੇ

ਵਿਦਵਾਨ ਤੇ ਕਈ ਭਾਸ਼ਾਵਾਂ ਦੇ ਗਿਆਤਾ ਸਨ। ਉਹ ਫ਼ਾਰਸੀ ਦੇ ਚੰਗੇ ਵਿਦਵਾਨ ਸਨ। ਜੋ ਸ਼ਬਦ ਗੁਰੂ ਸਾਹਿਬ ਉਚਾਰਨ ਕਰਦੇ ਉਨ੍ਹਾਂ ਦਾ ਫ਼ਾਰਸੀ ਦੇ ਵਿੱਚ ਤਰਜ਼ਮਾ ਕਰੀ ਜਾਂਦੇ। ਜਦੋਂ ਕੋਈ ਮੁਸਲਮਾਨ ਫ਼ਕੀਰ ਗੁਰੂ ਜੀ ਕੋਲ ਆਉਂਦਾ ਤਾਂ ਭਾਈ ਸਤੀ ਦਾਸ ਜੀ ਗੁਰੂ ਸਾਹਿਬ ਦੀ ਰਚਨਾ ਦਾ ਫ਼ਾਰਸੀ ਉਲੱਥਾ ਸੁਣਾ ਦਿੰਦੇ। ਕਈ ਮੁਸਲਮਾਨ ਫ਼ਕੀਰ ਗੁਰੂ ਸਾਹਿਬ ਦੀ ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਹੁੰਦੇ।

ਭਾਈ ਮਤੀ ਦਾਸ ਜੀ ਆਪ ਦੇ ਵੱਡੇ ਭਰਾ ਸਨ। ਉਹ ਜਿੱਥੇ ਗੁਰੂ ਘਰ ਵਿਚ ਦੀਵਾਨ ਦਾ ਕਾਰਜ ਕਰਦੇ ਉੱਥੇ ਭਾਈ ਸਤੀ ਦਾਸ ਲਿਖਾਰੀ ਦਾ ਕੰਮ ਕਰਦੇ ਸਨ। ਭਾਈ ਕੇਸਰ ਸਿੰਘ ਬੰਸਾਵਲੀਨਾਮੇ ਵਿਚ ਜ਼ਿਕਰ ਕਰਦੇ ਹਨ ਕਿ ਗੁਰੂ ਪਾਤਸ਼ਾਹ ਨੇ ਜੋ ਜੇਲ੍ਹ ਵਿਚ ਉਚਾਰਿਆ ਸੀ, ਉਹ ਭਾਈ ਸਤੀ ਦਾਸ ਨੇ ਫਾਰਸੀ ਵਿੱਚ ਲਿਖ ਲਿਆ ਸੀ ਪਰ ਹਕੂਮਤ ਵੱਲੋਂ ਜ਼ਬਤ ਕਰ ਲਿਆ ਗਿਆ।

ਗੁਰੂ ਤੇਗ ਬਹਾਦਰ ਸਾਹਿਬ ਨੂੰ ਭੈਅ-ਭੀਤ ਕਰਨ ਲਈ ਜੋ ਮੁਗਲਾਂ ਨੇ ਰਸਤਾ ਚੁਣਿਆ ਸੀ। ਉਨ੍ਹਾਂ ਦੇ ਸਾਹਮਣੇ ਸਿੱਖਾਂ ਤੇ ਤਸ਼ੱਦਦ ਕਰਦਿਆਂ ਮੌਤ ਦੇ ਘਾਟ ਉਤਾਰਨਾ ਸੀ। ਇਸ ਲਈ ਜਦ ਭਾਈ ਸਤੀ ਦਾਸ ਨੇ ਮੁਗਲ ਹਕੂਮਤ ਦੇ ਹਰ ਲਾਲਚ ਨੂੰ ਨਕਾਰ ਦਿੱਤਾ ਤਾਂ ਹੁਕਮ ਹੋਇਆ ਇਨ੍ਹਾਂ ਨੂੰ ਰੂੰ ਵਿੱਚ ਲਪੇਟ ਕੇ ਅੱਗ ਲਾ ਜਿਉਂਦੇ ਸਾੜ ਦਿੱਤਾ ਜਾਵੇ। ਭਾਈ ਸਾਹਿਬ ਨੇ ਸ਼ਹਾਦਤ ਤੋਂ ਪਹਿਲਾਂ ਇਹ ਸ਼ਬਦ ਉਚਾਰੇ ਕਿ ਮੈਨੂੰ ਨਾ ਆਪਣੇ ਸਰੀਰ ਦੀ ਪਰਵਾਹ ਹੈ ਨਾ ਹੀ ਮੌਤ ਦੀ। ਮੈਂ ਅਜਿਹੀ ਮੌਤ ਨੂੰ ਖਿੜੇ ਮੱਥੇ ਪ੍ਰਵਾਨ ਕਰਾਂਗਾ ਜਿਹੜੀ ਸਚਾਈ ਦੇ ਰਸਤੇ ਤੇ ਤੁਰਦਿਆਂ ਪ੍ਰਾਪਤ ਹੋਵੇ। ਭਾਈ ਸਤੀ ਦਾਸ ਸ਼ਹਾਦਤ ਦਾ ਜਾਮ ਪੀ ਕੇ ਆਉਣ ਵਾਲੀਆਂ ਨਸਲਾਂ ਲਈ ਸਿੱਖੀ ਦੇ 'ਸ਼ਾਹਦ' ਬਣ ਗਏ।

### ਬਾਬਾ ਬੰਦਾ ਸਿੰਘ ਬਹਾਦਰ



ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹਾਦਤ ਇੱਕ ਲਾਸਾਨੀ ਸ਼ਹਾਦਤ ਹੈ।ਅਸੀਂ ਦੇਖਦੇ ਹਾਂ ਕਿ ਬੰਦਾ ਸਿੰਘ ਬਹਾਦਰ ਨੇ ਗੁਰੂ ਦੇ ਹੁਕਮ ਵਿੱਚ ਰਹਿ ਕੇ ਸਾਰੀਆਂ ਪ੍ਰਾਪਤੀਆਂ ਪ੍ਰਾਪਤ ਕੀਤੀਆਂ ਅਤੇ ਗੁਰੂ ਦੇ ਹੁਕਮ ਵਿੱਚ ਰਹਿ ਕੇ ਆਪਣੀ

ਸ਼ਹਾਦਤ ਦਿੱਤੀ ਪਰ ਜ਼ੁਲਮ ਦੇ ਅੱਗੇ ਝੁਕਣਾ ਮਨਜ਼ੂਰ ਨਾ ਕੀਤਾ। ਸਿੱਖ ਸ਼ਹੀਦਾਂ ਦੀ ਲੜੀ ਦੇ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦਾ ਆਪਣਾ ਇੱਕ ਵੱਖਰਾ ਸਥਾਨ ਹੈ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦੇ ਸੰਬੰਧ ਵਿੱਚ ਲਿਖਣ ਤੋਂ ਪਹਿਲਾਂ ਸਾਨੂੰ ਉਨ੍ਹਾਂ ਸਥਿਤੀਆਂ ਨੂੰ ਵੀ ਧਿਆਨ ਨਾਲ ਸਮਝਣਾ ਪਵੇਗਾ ਜਿਨ੍ਹਾਂ ਸਥਿਤੀਆਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਹੋਈ।

27 ਅਕਤੂਬਰ 1670 ਈ. ਨੂੰ ਰਾਮਦੇਵ ਰਾਜਪੂਤ ਦੇ ਘਰ ਪੁੰਛ ਦੇ ਪਿੰਡ ਰਾਜੋਰੀ ਵਿੱਚ ਜਨਮੇ ਬਾਲਕ ਨੇ 1708 ਈ. ਵਿੱਚ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਦੀ ਦਾਤ ਲੈ ਕੇ ਬੰਦਾ ਸਿੰਘ ਬਹਾਦਰ ਬਣ ਗਏ। ਇਸੇ ਸੂਰਬੀਰ ਯੋਧੇ ਨੇ ਗੁਰੂ ਪਾਤਸ਼ਾਹ ਦੇ ਇਲਾਹੀ ਹੁਕਮ " ਮੁਗਲਾਂ ਦੀ ਜੜ੍ਹ ਪੁੱਟੀ ਗਈ" ਨੂੰ ਸੱਚ ਵਿੱਚ ਤਬਦੀਲ ਕੀਤਾ।

ਆਪ ਦੀ ਉਦਾਸੀਨ ਬਿਰਤੀ ਆਪ ਲਈ ਹੁਣ ਕੋਈ ਅਰਥ ਨਹੀਂ ਸੀ ਰੱਖਦੀ। ਮੁਗ਼ਲਾਂ ਦੇ ਜ਼ੁਲਮ-ਸਿਤਮ ਦੀਆਂ ਸਿੱਖਾਂ ਕੋਲੋਂ ਖ਼ਬਰਾਂ ਸੁਣ ਕੇ ਆਪ ਦੇ ਅੰਦਰ ਜ਼ੁਲਮ ਵਿਰੁੱਧ ਭਾਵਨਾਵਾਂ ਉੱਠਦੀਆਂ ਸਨ। ਗੁਰੂ ਬਾਬੇ ਦੇ ਹੁਕਮ ਨਾਲ ਭਾਈ ਬਾਜ ਸਿੰਘ, ਵਿਨੋਦ ਸਿੰਘ, ਕਾਨ੍ਹ ਸਿੰਘ, ਦਇਆ ਸਿੰਘ ਤੇ ਰਣ ਸਿੰਘ ਅਤੇ ਗੁਰੂ ਭੱਥੇ ਦੇ ਬਖ਼ਸ਼ਿਸ ਰੂਪੀ ਤੀਰ ਲੈ ਕੇ ਪੰਜਾਬ ਵੱਲ ਕੂਚ ਕਰ ਗਏ, ਜਿਥੇ ਗੁਰੂ ਪਾਤਸ਼ਾਹ ਦੇ ਹੁਕਮਾਂ ਦੀ ਤਾਮੀਲ ਕਰਦਿਆਂ ਹਜ਼ਾਰਾਂ ਦੀ ਗਿਣਤੀ ਵਿੱਚ ਸਿੰਘ ਸੂਰਮੇ ਆਪ ਦੀ ਉਡੀਕ ਵਿੱਚ ਸਨ। ਨਾਨਕ ਚਿੰਤਨ ਨਾਲ ਸਰਸ਼ਾਰ ਹੋਈਆਂ ਰੂਹਾਂ ਨੇ ਜਿਸ ਤਰ੍ਹਾਂ ਜ਼ਾਲਮਾਂ ਨੂੰ ਸਜ਼ਾ ਦੇ ਕੇ ਸ਼ਹਾਦਤਾਂ ਦੇ ਜਾਮ ਪੀਤੇ, ਉਨ੍ਹਾਂ ਦਾ ਸੰਖੇਪ ਬਿਓਰਾ ਇਸ ਤਰ੍ਹਾਂ ਰੂਪਮਾਨ ਹੁੰਦਾ ਹੈ :

26 ਨਵੰਬਰ 1709 ਈ. ਨੂੰ ਸੂਰਜ ਨਿਕਲਣ ਤੋਂ ਪਹਿਲਾਂ ਸਮਾਣੇ ਨੂੰ ਘੇਰ ਲਿਆ ਅਤੇ ਸ਼ਾਮ ਹੋਣ ਤੋਂ ਪਹਿਲਾਂ ਸਮਾਣਾ ਖੰਡਰਾਤ ਬਣ ਚੁੱਕਾ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਸ਼ਹੀਦ ਕਰਨ ਵਾਲਾ ਜੱਲਾਦ ਜਲਾਲਉਦ-ਦੀਨ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਕਾਤਲ ਜੱਲਾਦ ਸ਼ਾਸ਼ਲ ਬੇਗ ਤੇ ਬਾਗਲ ਬੇਗ ਸਮਾਣੇ ਦੇ ਐਨ ਵਿਚਕਾਰ ਮੌਤ ਦੇ ਘਾਟ ਉਤਾਰ ਦਿੱਤੇ ਗਏ।

ਦੂਜਾ ਹਮਲਾ ਭਾਦਮ-ਦੀਨ ਉੱਪਰ ਸੀ ਜੋ ਕਪੂਰੀ ਦਾ ਹੁਕਮ ਦੁਰਾਚਾਰ ਲਈ ਬਦਨਾਮ ਸੀ। ਹਿੰਦੂ ਪਰਿਵਾਰਾਂ ਦੀਆਂ ਲੜਕੀਆਂ ਦੀ ਬੇਪਤੀ ਕਰਨੀ ਉਸਦਾ ਰੋਜ਼ਾਨਾ ਦਾ ਕਰਮ ਸੀ। ਭਾਦਮ-ਦੀਨ ਨੂੰ ਸੰਪਤੀ ਸਮੇਤ ਉਸੇ ਦਿਨ ਉਡਾ ਦਿੱਤਾ ਗਿਆ।

ਜਬਰ ਦਾ ਤੀਜਾ ਗੜ੍ਹ ਸਢੋਰਾ ਸੀ, ਜਿਸ ਦੇ ਹਾਕਮ ਨੇ ਪੀਰ ਬੁੱਧੂ ਸ਼ਾਹ ਨੂੰ ਦਸਮ ਪਾਤਸ਼ਾਹ ਦਾ ਸਿੱਖ ਹੋਣ ਤੇ ਕੋਹ-ਕੋਹ ਕੇ ਮਾਰ ਦਿੱਤਾ ਸੀ। ਆਪਣੀ ਕਰਨੀ ਦਾ ਫਲ ਭੋਗਦੇ ਉਸਨੂੰ ਸਢੋਰੇ ਦੀਆਂ ਗਲੀਆਂ ਵਿੱਚ ਧੂ-ਧੂ ਕੇ ਮਾਰ ਦਿੱਤਾ ਗਿਆ।

12 ਮਈ 1710 ਈ. ਨੂੰ ਅਤਿਆਚਾਰ ਦੇ ਗੜ੍ਹ ਅਤੇ ਸਿੱਖਾਂ ਦੀ ਅੱਖਾਂ ਵਿੱਚ ਨਫ਼ਰਤ ਦੇ ਚਿੰਨ੍ਹ ਵਜੋਂ ਉਕਰੇ ਸਰਹਿੰਦ ਨੂੰ ਮਿੱਟੀ ਵਿੱਚ ਰੋਲ ਕੇ ਰੱਖ ਦਿੱਤਾ ਗਿਆ। ਫਤਹਿ ਸਿੰਘ ਨੇ ਵਜ਼ੀਰ ਖਾਂ ਨੂੰ ਦੋ ਹਿੱਸਿਆਂ ਵਿੱਚ ਚੀਰ ਦਿੱਤਾ। ਸੁੱਚਾ ਨੰਦ ਨੂੰ ਉਸਦੇ ਘਰੋਂ ਬਾਹਰ ਖਿੱਚਿਆ ਅਤੇ ਫਿਰ ਐਨੀ ਜ਼ਲਾਲਤ ਨਾਲ ਮਾਰਿਆ ਕਿ ਕਾਂ-ਕੁੱਤਿਆਂ ਦੇ ਖਾਣ ਲਈ ਵੀ ਕੁਝ ਨਾ ਬਚਿਆ।

ਸਰਹਿੰਦ ਦੀ ਜਿੱਤ ਤੋਂ ਬਾਅਦ ਖ਼ਾਲਸਾ ਰਾਜ ਦੀ ਸਥਾਪਨਾ 'ਤੇ ਪਹਿਲਾ ਸਿੱਕਾ ਜਾਰੀ ਕੀਤਾ। ਗੰਗ ਦੁਆਬ ਦੇ ਹਾਕਮਾਂ ਨੂੰ ਜੰਗੇ ਮੈਦਾਨ ਵਿੱਚ ਮੌਤ ਦੇ ਘਾਟ ਉਤਾਰਿਆ ਜਿਨ੍ਹਾਂ ਦੇ ਜ਼ੁਲਮ ਦੀ ਇੰਤਹਾ ਹੋ ਚੁਕੀ ਸੀ। ਇਨ੍ਹਾਂ ਵਿੱਚ ਪ੍ਰਮੁੱਖ ਜਲਾਲਾਬਾਦ ਦਾ ਜਲਾਲ ਖ਼ਾ ਸੀ।

ਬੰਦਾ ਸਿੰਘ ਬਹਾਦਰ ਨੇ ਪੂਰੇ ਪੰਜਾਬ ਵਿੱਚ ਸਿੱਖਾਂ ਦਾ ਨਵਾਂ ਇਤਿਹਾਸ ਸਿਰਜ ਕੇ ਰੱਖ ਦਿੱਤਾ। ਅਤਿਆਚਾਰ ਅਤੇ ਜ਼ੁਲਮ-ਸਿਤਮ ਨੂੰ ਮਿੱਟੀ ਵਿੱਚ ਮਿਲਾ ਦਿੱਤਾ। ਇਸੇ ਸਮੇਂ ਦਿੱਲੀ ਵਿੱਚ ਫ਼ਰੁਖ਼ਸ਼ੀਅਰ ਗੱਦੀ 'ਤੇ ਬੈਠਿਆ, ਉਸ ਦਾ ਇਕੋ ਇਕ ਮਿਸ਼ਨ ਬੰਦਾ ਸਿੰਘ ਬਹਾਦਰ ਨੂੰ ਗ੍ਰਿਫ਼ਤਾਰ ਕਰਨਾ ਸੀ। ਅੰਤ ਬੰਦਾ ਸਿੰਘ ਬਹਾਦਰ ਗੁਰਦਾਸ ਨੰਗਲ ਦੇ ਘੇਰੇ ਵਿੱਚ ਆ ਗਏ ਪਰ ਜਿਸ ਦ੍ਰਿੜ੍ਹਤਾ ਨਾਲ ਸਿੱਖਾਂ ਨੇ ਮੁਗ਼ਲਾਂ ਦਾ ਮੁਕਾਬਲਾ ਕੀਤਾ, ਉਸ ਦਾ ਸਪਸ਼ਟ ਉਲੇਖ ਮੁਹੰਮਦ ਕਾਸਮ ਆਪਣੀ ਕਿਤਾਬ "ਇਬਰਤਨਾਮਾ ਵਿੱਚ ਕਰਦਿਆਂ ਲਿਖਦਾ ਹੈ :

ਦੋਜਖੀ ਸਿੱਖਾਂ ਦੇ ਹੌਂਸਲੇ 'ਤੇ ਹੈਰਾਨੀ ਹੁੰਦੀ ਹੈ, ਰੋਜ਼ ਦੋ ਜਾਂ ਤਿੰਨ ਵਾਰ ਸਿੱਖਾਂ ਦਾ ਇਕ ਗਰੁੱਪ ਨਿਕਲਦਾ, ਸਰਕਾਰੀ ਖਾਧ-ਪਦਾਰਥ ਲੁੱਟਦਾ ਅਤੇ ਵਾਪਸ ਚਲਾ ਜਾਂਦਾ। ਜੋ ਵੀ ਸਰਕਾਰੀ ਸੈਨਾ ਦੇ ਬੰਦੇ ਮੁਕਾਬਲੇ ਲਈ ਜਾਂਦੇ, ਉਨ੍ਹਾਂ ਵਿਚੋਂ ਇਕ ਵੀ ਜਿਉਂਦਾ ਵਾਪਸ ਨਾ ਮੁੜਦਾ। ਸ਼ਾਹੀ ਸੈਨਾ ਦੇ ਕਮਾਂਡਰ ਹੱਥ ਜੋੜਦੇ ਕਿ ਬੰਦਾ ਸਿੰਘ ਬਹਾਦਰ ਗੜੀ ਵਿਚੋਂ ਭੱਜ ਜਾਵੇ। ਪਰ ਘੇਰਾ ਲੰਮਾ ਹੁੰਦਾ ਗਿਆ। ਕੁਝ ਸਿੰਘ ਬੰਦਾ ਸਿੰਘ ਬਹਾਦਰ ਦਾ ਸਾਥ ਛੱਡ ਗਏ। ਭੁੱਖ ਦੇ ਸਤਾਏ ਅਤੇ ਹਥਿਆਰ ਤੋਂ ਨਿਹੱਥੇ ਸਿੱਖ ਹੋਰ ਕਿੰਨਾ ਚਿਰ ਮੁਕਾਬਲਾ ਕਰ ਸਕਦੇ ਸਨ। ਦਸੰਬਰ 1715 ਈ. ਨੂੰ ਸਰਕਾਰੀ ਫ਼ੌਜ ਕਿਲੇ ਵਿੱਚ ਦਾਖ਼ਲ ਹੋ ਗਈ ਅਤੇ ਬਾਬਾ ਬੰਦਾ ਸਿੰਘ ਬਹਾਦਰ ਤੇ ਉਸਦੇ ਸਾਥੀ ਕੈਦੀ ਬਣਾ ਲਏ ਗਏ ਅਤੇ ਅਬਦੁਲ ਸਮੁੰਦ ਖਾਂ ਦੀ ਅਗਵਾਈ ਵਿੱਚ ਬਹੁਤ ਸਾਰਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ। 27 ਫਰਵਰੀ 1716 ਈ. ਨੂੰ ਜ਼ਕਰੀਆ ਖ਼ਾਂ ਦੀ ਅਗਵਾਈ ਵਿੱਚ ਕੈਦੀ ਸਿੰਘਾਂ ਨੂੰ ਦਿੱਲੀ ਪਹੁੰਚਾ ਦਿੱਤਾ ਗਿਆ। ਬੰਦਾ ਸਿੰਘ ਬਹਾਦਰ ਤੋਂ ਉਹ ਐਨੇ ਭੈਅ-ਭੀਤ ਸਨ ਕਿ ਚਾਰ ਸੰਗਲਾਂ ਨਾਲ ਉਸਨੂੰ ਨੂੜ ਕੇ ਲੋਹੇ ਦੇ ਪਿੰਜਰੇ ਵਿੱਚ ਰੱਖਿਆ ਗਿਆ ਅਤੇ ਬਾਹਰ ਚਾਰ ਆਦਮੀ ਤਲਵਾਰ ਲੈ ਕੇ ਇਸ ਲਈ ਖੜੇ ਕੀਤੇ ਗਏ ਕਿ ਜੇਕਰ ਬਾਬਾ ਜੀ ਭੱਜਣ ਦੀ ਕੋਸ਼ਿਸ਼ ਕਰਨ ਤਾਂ ਕਤਲ ਕੀਤੇ ਜਾ ਸਕਣ।

ਬਾਬਾ ਬੰਦਾ ਸਿੰਘ ਬਹਾਦਰ ਦੇ ਸਾਹਮਣੇ ਰੋਜ਼ਾਨਾ ਸਿੱਖਾਂ ਨੂੰ ਕਤਲ ਕੀਤਾ ਜਾਂਦਾ ਪਰ ਇਕ ਵੀ ਸਿੱਖ ਅਜਿਹਾ ਨਾ ਨਿਕਲਿਆ ਜਿਸ ਨੇ ਧਰਮ ਛੱਡਣ ਦੀ ਗੱਲ ਕੀਤੀ ਹੋਵੇ ਕਿਉਂਕਿ ਜਿਸ ਰਸਤੇ 'ਤੇ ਗੁਰੂ ਲੰਘ ਗਿਆ, ਉਸ ਰਸਤੇ 'ਤੇ ਸਿੱਖ ਕਿਵੇਂ ਲੰਘਣੋ ਡਰ ਸਕਦਾ ਸੀ। ਸ਼ਹੀਦ ਹੋਣ ਵਾਲੇ ਸਿੰਘ ਅਤੇ ਬਾਬਾ ਜੀ ਮੁਗ਼ਲਾਂ ਦੀ ਮੂਰਖਤਾ 'ਤੇ ਹੱਸਦੇ ਅਤੇ ਜੱਲਾਦਾਂ ਨੂੰ ਮੁਕਤੀ ਦਾਤਾ ਪੁਕਾਰਦੇ, ਪਹਿਲਾਂ ਸ਼ਹਾਦਤ ਦੇਣ ਲਈ ਇਕ-ਦੂਜੇ ਤੋਂ ਅਗੇ ਹੁੰਦੇ। ਅੰਤ ਜਦ ਸਾਰੇ ਰਾਹ ਮੁੱਕ ਗਏ ਤਾਂ 9 ਜੂਨ 1716 ਈ. ਨੂੰ ਸਭ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਦੇ ਸਭ ਤੋਂ ਛੋਟੇ ਪੁੱਤਰ ਨੂੰ ਕਤਲ ਕਰਕੇ ਉਸ ਦਾ ਕਲੇਜਾ ਬਾਬਾ ਜੀ ਦੇ ਮੂੰਹ ਵਿੱਚ ਪਾ ਦਿੱਤਾ। ਬਾਬਾ ਜੀ ਇਸ ਨੂੰ ਪ੍ਰਭੂ ਭਾਣਾ ਪ੍ਰਵਾਨ ਕਰਦੇ ਹੋਏ ਮਸਤ ਸਨ। ਫਿਰ ਮੁਗ਼ਲ ਜੱਲਾਦ ਉਨ੍ਹਾਂ 'ਤੇ ਟੁੱਟ ਪਏ ਅਤੇ ਬਾਬਾ ਜੀ ਨੂੰ ਜੰਬੂਰਾਂ ਨਾਲ ਮਾਸ ਤੋੜ-ਤੋੜ ਵਿੰਨ੍ਹ ਸੁੱਟਿਆ, ਹੱਥ ਪੈਰ ਕੱਟ ਦਿੱਤੇ ਅਤੇ ਅਖ਼ੀਰ ਵਿੱਚ , ਸੀਸ ਕੱਟ ਦਿੱਤਾ ਗਿਆ। ਇਹ "ਸੀਸ ਦੀਆ ਪਰ ਸਿਰਰੁ ਨਾ ਦੀਆ" ਦੇ ਮਹਾਂਵਾਕ ਦਾ ਸੱਚ ਵਿੱਚ ਪ੍ਰਗਟਾਵਾ ਸੀ।

## ਭਾਈ ਮਨੀ ਸਿੰਘ



ਭਾਈ ਮਨੀ ਸਿੰਘ ਜੀ ਸਿੱਖ ਕੌਮ ਦੇ ਮਹਾਨ ਸ਼ਹੀਦ ਹੋਏ ਹਨ।ਭਾਈ ਮਨੀ ਸਿੰਘ ਜੀ ਦਾ ਜਨਮ 1662 ਈ. ਵਿੱਚ ਪਿਤਾ ਭਾਈ ਮਾਈ ਦਾਸ ਦੇ ਘਰ ਹੋਇਆ।ਭਾਈ ਸਾਹਿਬ ਦੇ ਜਨਮ ਅਤੇ ਘਰਾਣੇ ਨੂੰ ਲੈ ਕੇ ਵਿਦਵਾਨਾਂ ਦੀ ਅਸਹਿਮਤੀ ਹੈ।

ਭਾਈ ਮਨੀ ਸਿੰਘ ਦਾ ਬਚਪਨ ਦਾ ਨਾਮ ਮਨੀਆ ਸੀ। ਇਤਿਹਾਸਿਕ ਵਾਰਤਾ ਅਨੁਸਾਰ ਭਾਈ ਮਨੀ ਸਿੰਘ ਨੂੰ ਨਾਲ ਲੈ ਕੇ ਆਪ ਜੀ ਦਾ ਪਰਿਵਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨਾਂ ਲਈ ਗਿਆ।ਉੱਥੇ ਆਪ ਜੀ ਦੇ ਪਿਤਾ ਜੀ ਕਈ ਦਿਨ ਰਹੇ। ਬਾਲਕ ਮਨੀਆ ਬਾਲ ਗੋਬਿੰਦ ਰਾਏ ਨਾਲ ਕਾਫ਼ੀ ਘੁਲ-ਮਿਲ ਗਿਆ ਤੇ

ਦੋਨੋਂ ਆਪਸ ਵਿੱਚ ਕਾਫ਼ੀ ਖੁਸ਼ ਰਹਿਣ ਲੱਗੇ। ਜਦੋਂ ਆਪ ਦਾ ਪਰਿਵਾਰ ਆਪਣੇ ਪਿੰਡ ਵਾਪਸ ਜਾਣ ਲੱਗਾ ਤੇ ਬਾਲਕ ਮਨੀਆ ਨੇ ਰਹਿਣ ਦੀ ਜ਼ਿੱਦ ਕੀਤੀ। ਜਿਸ ਕਾਰਨ ਨੌਂਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਆਪ ਦੇ ਪਿਤਾ ਨੂੰ ਕਿਹਾ ਕਿ ਇਸ ਬੱਚੇ ਨੂੰ ਇੱਥੇ ਹੀ ਰਹਿਣ ਦੇਵੋ। ਆਪ ਦੇ ਪਿਤਾ ਨੇ ਆਪ ਨੂੰ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਆਪ ਜੀ ਦਾ ਪਾਲਣ-ਪੋਸਣ ਗੁਰੂ ਸਾਹਿਬ ਦੀ ਨਿਗਰਾਨੀ ਹੇਠ ਹੀ ਹੋਇਆ। ਗਿਆਨੀ ਗਿਆਨ ਸਿੰਘ ਅਨੁਸਾਰ ਮਨੀਆ ਤੇ ਗੋਬਿੰਦ ਰਾਏ ਇਕੱਠੇ ਖੇਡਦੇ ਸਨ, ਇਕੱਠੇ ਰਹਿੰਦੇ ਸਨ ਤੇ ਇਕੱਠੇ ਹੀ ਪੜ੍ਹਦੇ ਸਨ। ਹੌਲੀ-ਹੌਲੀ ਭਾਈ ਮਨੀ ਸਿੰਘ ਜੀ ਪ੍ਰਮੁਖ ਵਿਦਵਾਨ ਬਣ ਗਏ ਸਨ।

ਭਾਈ ਮਨੀ ਸਿੰਘ ਜੀ ਇੱਕ ਸੂਝਵਾਨ ਵਿਅਕਤੀ ਸਨ। ਉਹ ਜਾਣਦੇ ਸਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਲੋਕਾਂ ਤੱਕ ਪਹੁੰਚਾਉਣ ਦੇ ਲਈ ਬਾਣੀ ਦੀ ਵਿਆਖਿਆ ਨੂੰ ਸਿਖਾਉਣਾ ਇੱਕ ਜ਼ਰੂਰੀ ਅੰਗ ਹੈ। ਇਸੇ ਕਾਰਨ ਹੀ ਭਾਈ ਮਨੀ ਸਿੰਘ ਤੋਂ ਬਾਅਦ ਵਿਆਖਿਆ ਦੀ ਇੱਕ ਸੰਪਰਦਾ ਹੀ ਤਿਆਰ ਹੋ ਗਈ ਜਿਸਨੂੰ ਕਿ 'ਗਿਆਨੀ ਸੰਪਰਦਾ' ਆਖਿਆ ਜਾਂਦਾ ਹੈ। ਇਸ ਦੇ ਮੋਢੀ ਭਾਈ ਮਨੀ ਸਿੰਘ ਨੂੰ ਮੰਨਿਆ ਜਾਂਦਾ ਹੈ। ਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਦੀ ਵਿਦਵਤਾ ਨੂੰ ਦੇਖ ਕੇ ਤੇ ਨਾਲ ਹੋਰ ਸਿੰਘਾਂ ਨੂੰ ਅੰਮ੍ਰਿਤ ਛਕਾ, ਸੀ ਹਰਿਮੰਦਰ ਸਾਹਿਬ ਦਾ ਗ੍ਰੰਥੀ ਨਿਯੁਕਤ ਕਰਕੇ ਭੇਜਿਆ। ਆਪ ਜੀ ਸ੍ਰੀ ਹਰਿਮੰਦਰ ਸਾਹਿਬ ਦੇ ਤੀਸਰੇ ਗ੍ਰੰਥੀ ਸਨ। ਪਹਿਲੇ ਬਾਬਾ ਬੁੱਢਾ ਜੀ, ਦੂਸਰੇ ਭਾਈ ਗੁਰਦਾਸ ਜੀ ਤੇ ਤੀਸਰੇ ਭਾਈ ਮਨੀ ਸਿੰਘ ਜੀ। ਭਾਈ ਮਨੀ ਸਿੰਘ ਗੁਰੂ ਦੇ ਹੁਕਮਾਂ ਦੀ ਪਾਲਣਾ ਕਰਕੇ ਸ੍ਰੀ ਹਰਿਮੰਦਰ ਸਾਹਿਬ ਚਲੇ ਗਏ।

ਅਨੰਦਪੁਰ ਸਾਹਿਬ ਨੂੰ ਛੱਡਣ ਵੇਲੇ ਭਾਈ ਮਨੀ ਸਿੰਘ ਜੀ ਗੁਰੂ ਜੀ ਦੇ ਪਾਸ ਅਨੰਦਪੁਰ ਹੀ ਆ ਗਏ ਸਨ। ਜਦੋਂ ਗੁਰੂ ਜੀ ਨੇ ਅਨੰਦਪੁਰ ਸਾਹਿਬ ਛੱਡਿਆ ਤਾਂ ਮਹਿਲਾਂ ਦੇ ਨਾਲ ਭਾਈ ਮਨੀ ਸਿੰਘ ਨੂੰ ਤੋਰ ਦਿੱਤਾ। ਸਰਸਾ ਨਦੀ ਤੇ ਜਦੋਂ ਵਿਛੋੜਾ ਪੈਂਦਾ ਹੈ ਤਾਂ ਮਾਤਾ ਸਾਹਿਬ ਦੇਵਾਂ ਤੇ ਮਾਤਾ ਸੁੰਦਰੀ ਜੀ ਨੂੰ ਲੈ ਕੇ ਭਾਈ ਮਨੀ ਸਿੰਘ ਦਿੱਲੀ ਵੱਲ ਚਲੇ ਜਾਂਦੇ ਹਨ।

ਦੂਸਰੇ ਪਾਸੇ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜਾ, ਮੁਕਤਸਰ ਤੋਂ ਅੱਗੇ ਦਮਦਮਾ ਸਾਹਿਬ ਵਾਲੇ ਸਥਾਨ 'ਤੇ ਪਹੁੰਚ ਗਏ। ਗੁਰੂ ਜੀ ਦੇ ਮਾਤਾ ਜੀ ਤੇ ਚਾਰੇ ਪੁੱਤਰ ਸ਼ਹੀਦ ਹੋ ਹੁੱਕੇ ਸਨ। ਭਾਈ ਮਨੀ ਸਿੰਘ ਜੀ ਨੂੰ ਪਤਾ ਲੱਗਦਾ ਹੈ ਕਿ ਗੁਰੂ ਜੀ ਦਮਦਮਾ ਸਾਹਿਬ ਹਨ ਤਾਂ ਆਪ ਜੀ ਵੀ ਗੁਰੂ ਮਹਿਲਾਂ ਨੂੰ ਨਾਲ ਲੈ ਕੇ ਦਮਦਮਾ ਸਾਹਿਬ ਚਲੇ ਜਾਂਦੇ ਹਨ। ਇੱਥੇ ਹੀ ਆਪ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ। ਜਿਸ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਵੀ ਸ਼ਾਮਿਲ ਕੀਤਾ ਗਿਆ। ਇਸੇ ਬੀੜ ਦੇ ਉਤਾਰੇ ਬਾਬਾ ਦੀਪ ਜੀ

ਸਿੰਘ ਨੇ ਕੀਤੇ ਤੇ ਇਸੇ ਬੀੜ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਬਖ਼ਸ਼ੀ।

ਬੀੜ ਲਿਖਣ ਤੋਂ ਇਲਾਵਾ ਆਪ ਜੀ ਨੇ ਹੋਰ ਵੀ ਸਾਹਿਤਕ ਰਚਨਾਵਾਂ ਕੀਤੀਆਂ। ਭਾਈ ਸਾਹਿਬ ਨੇ 'ਗਿਆਨ ਰਤਨਾਵਲੀ' ਦੀ ਰਚਨਾ ਕੀਤੀ ਜੋ ਕਿ ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਟੀਕਾ ਹੈ ਅਤੇ 'ਭਗਤ ਰਤਨਾਵਲੀ' ਜੋ ਗਿਆਰ੍ਹਵੀਂ ਵਾਰ ਦਾ ਟੀਕਾ ਹੈ, ਇਨ੍ਹਾਂ ਮਹੱਤਵਪੂਰਨ ਰਚਨਾਵਾਂ ਦੀ ਰਚਨਾ ਕੀਤੀ।


**ਸ਼ਹਾਦਤ**

ਭਾਈ ਮਨੀ ਸਿੰਘ ਜੀ ਕੌਮ ਵਿੱਚ ਇੱਕ ਨਵੀਂ ਲਹਿਰ ਪੈਦਾ ਕਰਨ ਲਈ ਇੱਕ ਵੱਡਾ ਇਕੱਠ ਕਰਨਾ ਚਾਹੁੰਦੇ ਸਨ। ਇਸੇ ਕਾਰਨ ਉਨ੍ਹਾਂ ਨੇ ਦੀਵਾਲੀ 'ਤੇ ਵੱਡਾ ਇਕੱਠ ਕਰਨ ਲਈ ਜ਼ਕਰੀਆ ਖ਼ਾਂ ਨੇ ਇਸ ਸ਼ਰਤ ਤੇ ਆਗਿਆ ਦਿੱਤੀ ਕਿ ਮੇਲੇ ਦੌਰਾਨ ਭਾਈ ਮਨੀ ਸਿੰਘ ਨੂੰ ਦਸ ਹਜ਼ਾਰ ਰੁਪਏ ਜਮ੍ਹਾਂ ਕਰਵਾਉਣੇ ਪੈਣਗੇ। ਭਾਈ ਮਨੀ ਸਿੰਘ ਨੇ ਹਰ ਪਾਸੇ ਚਿੱਠੀਆਂ ਭੇਜ ਦਿੱਤੀਆਂ ਤਾਂ ਕਿ ਸਾਰੇ ਸਿੰਘ ਦੀਵਾਲੀ ਮੌਕੇ ਅੰਮ੍ਰਿਤਸਰ ਹਾਜ਼ਰ ਹੋਣ। ਇਸ ਦਾ ਚੰਗਾ ਅਸਰ ਹੋਇਆ। ਭਾਈ ਮਨੀ ਸਿੰਘ ਨੂੰ ਪੂਰਾ ਯਕੀਨ ਸੀ ਕਿ ਭਾਰੀ ਇਕੱਠ ਹੋਵੇਗਾ।

ਦੂਸਰੇ ਪਾਸੇ ਜਦੋਂ ਜ਼ਕਰੀਆ ਖ਼ਾਂ ਨੂੰ ਪਤਾ ਲੱਗਾ ਕਿ ਸਿੱਖ ਭਾਰੀ ਗਿਣਤੀ ਵਿੱਚ ਇਕੱਠੇ ਹੋ ਰਹੇ ਹਨ ਤਾਂ ਉਸ ਦੀ ਨੀਅਤ ਬਦਲ ਗਈ ਤੇ ਉਸਨੇ ਇਕੱਠੇ ਹੋਏ ਸਿੰਘਾਂ 'ਤੇ ਫੌਜੀ ਹਮਲਾ ਕਰਨ ਦੀ ਤਰਕੀਬ ਸੋਚੀ। ਭਾਈ ਮਨੀ ਸਿੰਘ ਨੂੰ ਇਸ ਸਾਜ਼ਿਸ਼ ਦਾ ਪਤਾ ਚੱਲ ਗਿਆ ਤੇ ਜਦੋਂ ਜ਼ਕਰੀਆ ਖ਼ਾਂ ਦੀ ਫੌਜ ਉੱਥੇ ਪਹੁੰਚੀ ਤਾਂ ਉੱਥੇ ਕੋਈ ਸਿੰਘ ਨਾ ਮਿਲਿਆ। ਜ਼ਕਰੀਆ ਖ਼ਾਂ ਨੂੰ ਗੁੱਸਾ ਆਇਆ ਤੇ ਉਸਨੇ ਭਾਈ ਮਨੀ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਦਸ ਹਜ਼ਾਰ ਰੁਪਏ ਦੀ ਮੰਗ ਕੀਤੀ। ਭਾਈ ਮਨੀ ਸਿੰਘ ਨੇ ਕਿਹਾ ਕਿ ਚੜ੍ਹਾਵਾ ਤਾਂ ਇਕੱਠਾ ਹੋਣ ਹੀ ਨਹੀਂ ਦਿੱਤਾ ਗਿਆ। ਭਾਈ ਸਾਹਿਬ ਨੂੰ ਕਿਹਾ ਕਿ ਤੁਸੀਂ ਮੁਸਲਮਾਨ ਬਣ ਜਾਵੋ ਤਾਂ ਤੁਹਾਨੂੰ ਮੁਆਫ਼ ਕਰ ਦਿੱਤਾ ਜਾਵੇਗਾ ਪਰ ਭਾਈ ਸਾਹਿਬ ਨੇ ਜਵਾਬ ਦਿੱਤਾ ਕਿ ਮੈਂ ਆਪਣੇ ਗੁਰੂ ਦਾ ਪੱਲਾ ਕਿਸੇ ਵੀ ਹਾਲਤ 'ਚ ਨਹੀਂ ਛੱਡ ਸਕਦਾ। ਮੌਲਵੀ ਨੇ ਫ਼ਤਵਾ ਦੇ ਦਿੱਤਾ ਕਿ ਇਸ ਨੂੰ ਕਤਲ ਕਰ ਦਿੱਤਾ ਜਾਵੇ ਕਿਉਂਕਿ ਇਸਦੇ ਮਾਰਨ ਨਾਲ ਹੀ ਸਾਰੇ ਸਿੱਖ ਆਪਣੇ ਆਪ ਹੀ ਖ਼ਤਮ ਹੋ ਜਾਣਗੇ।

ਇਸੇ ਦੌਰਾਨ ਹੀ ਭਾਈ ਮਨੀ ਸਿੰਘ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰਨ ਦਾ ਹੁਕਮ ਦਿੱਤਾ ਗਿਆ। ਭਾਈ ਮਨੀ ਸਿੰਘ ਨੇਤਰ ਬੰਦ ਕਰ ਕੇ ਪਾਠ ਕਰੀ ਜਾ ਰਹੇ ਸਨ। ਅਖ਼ੀਰ ਵਿੱਚ ਆਪ ਜੀ ਦੇ ਸਰੀਰ ਦੇ ਸਾਰੇ ਹਿੱਸੇ ਵੱਢ ਕੇ ਆਪ ਨੂੰ ਸ਼ਹੀਦ ਕਰ ਦਿੱਤਾ ਗਿਆ।

## ਭਾਈ ਤਾਰੂ ਸਿੰਘ



ਭਾਈ ਤਾਰੂ ਸਿੰਘ ਅਠਾਰ੍ਹਵੀਂ ਸਦੀ ਦੇ ਇਤਿਹਾਸ ਦੇ ਸ਼ਹੀਦਾਂ ਵਿੱਚੋਂ ਇੱਕ ਮਹਾਨ ਸਿੱਖ ਸ਼ਹੀਦ ਹਨ, ਆਪ ਦਾ ਜਨਮ 1720 ਈ. ਨੂੰ ਪਿੰਡ ਪੂਹਲਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਬਾਬਾ ਬੰਦਾ ਸਿੰਘ ਬਹਾਦਰ ਜੀ ਤੇ ਉਨ੍ਹਾਂ ਦੇ ਸਾਥੀ ਸਿੰਘਾਂ ਦੀ ਸ਼ਹੀਦੀ ਉਪਰੰਤ ਮੁਗ਼ਲਾਂ ਵੱਲੋਂ ਸਿੰਘਾਂ ਉੱਤੇ ਬਹੁਤ ਅੱਤਿਆਚਾਰ ਕਰਨੇ ਸ਼ੁਰੂ ਹੋ ਗਏ, ਇੱਥੋਂ ਤੱਕ ਕਿ ਸਿੰਘਾਂ ਦੇ ਸਿਰਾਂ ਦੇ ਮੁੱਲ ਪੈਣੇ ਵੀ ਅਰੰਭ ਹੋ ਗਏ, ਉਸ ਸਮੇਂ ਲਾਹੌਰ ਦੇ ਗਵਰਨਰ ਜ਼ਕਰੀਆ ਖਾਨ ਨੇ ਤਾਂ ਜ਼ੁਲਮ ਦੀ ਹੱਦ ਹੀ ਕਰ ਦਿੱਤੀ ਸੀ। ਅਜਿਹੇ ਸਮੇਂ ਵਿੱਚ ਸਿੰਘਾਂ ਨੇ ਜੰਗਲਾਂ ਵਿੱਚ ਨਿਵਾਸ ਕਰਨਾ ਠੀਕ ਸਮਝਿਆ ਤਾਂ ਜੋ ਉਹ ਜ਼ੁਲਮੀ ਹਕੂਮਤ ਦਾ ਟਾਕਰਾ ਕਰ ਸਕਣ।

ਭਾਈ ਤਾਰੂ ਸਿੰਘ ਜੋ ਕਿ ਸਤਿਗੁਰੂ ਜੀ ਦੇ ਸ਼ਰਧਾਲੂ ਸਿੱਖ ਸਨ। ਅਜਿਹੇ ਹਾਲਾਤ ਵਿੱਚ ਭਾਈ ਤਾਰੂ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਨੇ ਮਿਲ ਕੇ ਸਿੰਘਾਂ ਦੀ ਸਹਾਇਤਾ ਲੰਗਰ ਤੇ ਹੋਰ ਜ਼ਰੂਰੀ ਚੀਜ਼ਾਂ ਨਾਲ ਕੀਤੀ। ਗਿਆਨੀ ਗਿਆਨ ਸਿੰਘ ਜੀ ਵੀ 'ਤਵਾਰੀਖ਼ ਗੁਰੂ ਖਾਲਸਾ' ਵਿੱਚ ਲਿਖਦੇ ਹਨ ਕਿ "ਭਾਈ ਤਾਰੂ ਸਿੰਘ ਜ਼ਿਮੀਂਦਾਰ ਅੰਮ੍ਰਿਤਸਰ ਦੇ ਪਰਗਣੇ ਪੂਹਲੇ ਪਿੰਡ ਦਾ ਇਕ ਬੜਾ ਭਾਰੀ ਸਿਦਕੀ ਸਿੱਖ ਸੀ, ਜ਼ਮੀਨ ਭੀ ਏਸਦੇ ਪਾਸ ਬਹੁਤ ਸੀ, ਖੇਤੀ ਕਰਾਉਂਦਾ ਲੰਗਰ ਚਲਾਉਂਦਾ। ਏਸਦੀ ਮਾਈ ਤੇ ਭੈਣ ਰਾਤ ਦਿਨ ਪਰਸ਼ਾਦੇ ਪਕਾ ਪਕਾ ਛਕਾਉਂਦੀਆਂ ਰਹਿੰਦੀਆਂ। ਕਿਸੇ ਹਿੰਦੂ ਯਾ ਮੁਸਲਮਾਨ ਨੂੰ ਜਵਾਬ ਨਹੀਂ ਸੀ, ਕੋਈ ਆਵੇ ਛਕ ਜਾਵੇ, ਤਾਰੂ ਸਿੰਘ ਜੀ ਨੇ ਵਿਆਹ ਭੀ ਨਹੀਂ ਕਰਾਇਆ ਸੀ, ਭਜਨ ਭਗਤੀ ਵਿੱਚ ਭਿੰਨਾ ਰਹਿੰਦਾ, (ਦਿਲ

ਯਾਰ ਵੰਨੀ। ਹਥ ਕਾਰ ਵੰਨੀ)। ਇਤਨੀ ਗੱਲ ਤੋਂ ਬਿਨਾਂ ਹੋਰ ਕੁੱਝ ਜਾਣਦਾ ਹੀ ਨਹੀਂ ਸੀ। ਜੇਹੜੇ ਸਿੰਘ ਵੈਰੀਆਂ ਤੋਂ ਡਰਦੇ ਜੰਗਲਾਂ ਵਿਚ ਭੁੱਖੇ ਤਿਹਾਏ ਪਏ ਰਹਿੰਦੇ ਸੀ, ਉਹਨਾਂ ਨੂੰ ਭੀ ਰਾਤ-ਬਿਰਾਤੇ ਏਸੇ ਦੇ ਲੰਗਰੋਂ ਰੋਟੀ ਪਹੁੰਚਣੀ, ਕਈ ਮੁਸਲਮਾਨ ਤਾਂ ਉਸਨੂੰ ਅੱਲ੍ਹਾ ਵਾਲਾ ਸੁਖੀ ਮਰਦ ਸੁਲਾਕੁਲ ਸਮਝਕੇ ਉਸਦਾ ਬੁਰਾ ਨਹੀਂ ਚਿਤਵਦੇ ਸਨ।

ਮੁਖਬਰ ਨੂੰ ਜਦੋਂ ਭਾਈ ਤਾਰੂ ਸਿੰਘ ਬਾਰੇ ਪਤਾ ਲੱਗਿਆ, ਤਾਂ ਉਸ ਨੇ ਜ਼ਰਾ ਵੀ ਦੇਰ ਨਾ ਕੀਤੀ ਤੇ ਗਵਰਨਰ ਜ਼ਕਰੀਆ ਖਾਨ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਜ਼ਕਰੀਆ ਖਾਨ ਤੋਂ ਇਹ ਬਰਦਾਸ਼ਤ ਨਾ ਹੋਇਆ ਤੇ ਤੁਰੰਤ ਹੀ ਭਾਈ ਤਾਰੂ ਸਿੰਘ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ। ਭਾਈ ਤਾਰੂ ਸਿੰਘ ਨੂੰ ਬੰਦੀ ਬਣਾ ਕੇ ਪੇਸ਼ ਕੀਤਾ ਗਿਆ। ਭਾਈ ਤਾਰੂ ਸਿੰਘ ਜੀ ਨੂੰ ਬਹੁਤ ਤਸੀਹੇ ਦਿੱਤੇ ਗਏ। ਭਾਈ ਤਾਰੂ ਸਿੰਘ ਨੂੰ ਸਿੰਘਾਂ ਦੀ ਸਹਾਇਤਾ ਕਰਨ ਦੇ ਜ਼ੁਰਮ ਵਿੱਚ ਬਹੁਤ ਅੱਤਿਆਚਾਰ ਸਹਿਣ ਕਰਨੇ ਪਏ ਪਰ ਉਹ ਜ਼ਰਾ ਵੀ ਸਿੱਖੀ ਸਿਦਕ ਤੋਂ ਨਾ ਡੋਲੇ।

ਜ਼ਕਰੀਆ ਖਾਨ ਨੇ ਭਾਈ ਤਾਰੂ ਸਿੰਘ ਨੂੰ ਆਪਣਾ ਧਰਮ ਛੱਡ ਕੇ ਮੁਸਲਮਾਨ ਬਣਨ ਲਈ ਕਿਹਾ ਤੇ ਅਜਿਹਾ ਨਾ ਮੰਨਣ 'ਤੇ ਕੇਸ ਕਤਲ ਕਰਨ ਦਾ ਹੁਕਮ ਦਿੱਤਾ ਪਰ ਭਾਈ ਤਾਰੂ ਸਿੰਘ ਨੇ ਮੁਸਲਮਾਨ ਨਾ ਬਣਨ ਤੇ ਨਾ ਹੀ ਕੇਸ ਕਤਲ ਕਰਵਾਉਣ ਦੀ ਗੱਲ ਮੰਨੀ ਤੇ ਕਿਹਾ ਕਿ ਮੈਂ ਸਿਰ ਕਟਵਾ ਸਕਦਾ ਹਾਂ, ਪਰ ਸਤਿਗੁਰੂ ਦੀ ਦਿੱਤੀ ਪਿਆਰੀ ਪਵਿੱਤਰ ਦਾਤ ਨਹੀਂ ਦੇ ਸਕਦਾ। ਇਸ ਤੋਂ ਬਾਅਦ ਜ਼ਕਰੀਆ ਖਾਨ ਨੇ ਜਲਾਦ ਨੂੰ ਭਾਈ ਤਾਰੂ ਸਿੰਘ ਦੀ ਖੋਪਰੀ ਉਤਾਰਨ ਦਾ ਹੁਕਮ ਦਿੱਤਾ, ਜਿਸ 'ਤੇ ਭਾਈ ਤਾਰੂ ਸਿੰਘ ਨੂੰ ਜ਼ਰਾ ਵੀ ਦੁੱਖ ਨਾ ਹੋਇਆ। ਉਨ੍ਹਾਂ ਨੇ ਆਪਣੀ ਸਿੱਖੀ ਨੂੰ ਕੇਸਾਂ‌ਸੁਆਸਾਂ ਨਾਲ ਨਿਭਾਅ ਕੇ ਮਿਸਾਲ ਕਾਇਮ ਕੀਤੀ। ਮੰਨਿਆ ਜਾਂਦਾ ਹੈ ਕਿ ਖੋਪਰੀ ਉਤਰ ਜਾਣ ਤੋਂ ਬਾਅਦ ਵੀ ਆਪ 22 ਦਿਨ ਤੱਕ ਜੀਵਤ ਰਹੇ। ਇਸ ਤਰ੍ਹਾਂ ਆਪ ਨੇ 1745 ਈ: ਨੂੰ ਸ਼ਹੀਦੀ ਪ੍ਰਾਪਤ ਕੀਤੀ।

ਰਬਿੰਦਰ ਨਾਥ ਟੈਗੋਰ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਦਾ ਕਥਨ ਕਰਦਿਆਂ ਲਿਖਦਾ ਹੈ ਕਿ ਲਾਹੌਰ ਦੇ ਨਵਾਬ  ਨੇ ਭਾਈ ਤਾਰੂ ਸਿੰਘ ਨੂੰ ਕਿਹਾ "ਤੂੰ ਇੱਕ ਮਹਾਨ ਯੋਧਾ ਹੈਂ। ਤੂੰ ਕੇਵਲ ਮੈਨੂੰ ਆਪਣੇ ਕੇਸ ਦੇ ਦੇ।"

ਭਾਈ ਤਾਰੂ ਸਿੰਘ ਨੇ ਉੱਤਰ ਦਿੱਤਾ "ਮੈਂ ਤੁਹਾਨੂੰ ਇਸ ਤੋਂ ਵੱਧ ਦਿੰਦਾ ਹਾਂ। ਮੇਰੇ ਕੇਸਾਂ ਦੇ ਨਾਲ ਮੇਰਾ ਸਿਰ ਵੀ ਲਾਹ ਲਵੋ।" ਟੈਗੋਰ ਅੱਗੇ ਲਿਖਦਾ ਹੈ ਕਿ "ਗੁਰੂ ਨੇ ਸਿੱਖਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ। ਇਸ ਲਈ ਉਹ ਆਪਣੀ ਪ੍ਰਤੱਗਿਆ ਹੀ ਤੋੜ ਨਹੀਂ ਸਕਦੇ।"

ਭਾਈ ਤਾਰੂ ਸਿੰਘ ਦਾ ਜਵਾਬ ਸੀ ਕਿ ਮੇਰੇ ਕੇਸ ਤਾਂ ਮੇਰੇ ਸਿਰ ਦੇ ਨਾਲ ਹੀ ਜਾਣਗੇ। ਅਜਿਹੀ ਸਪਿਰਟ ਪ੍ਰਤੀ ਹੀ ਰਬਿੰਦਰ ਨਾਥ ਟੈਗੋਰ ਲਿਖਦਾ ਹੈ ਕਿ ਉਹ "ਭਾਰਤ ਦੇ ਲੋਕਾਂ ਨੂੰ ਸਿੱਖਾਂ ਵਾਂਗ ਨਿਰਭੈ ਨਸਲ ਕਰਵਾਉਣਾ ਚਾਹੁੰਦਾ ਹੈ। ਜਿਨ੍ਹਾਂ

ਵਿੱਚ ਨਾ ਝੁਕਣ ਵਾਲੀ ਦਲੇਰੀ ਹੋਵੇ ਜਿਵੇਂ ਕਿ ਸਿੱਖਾਂ ਵਿੱਚ ਵੇਖੀ ਹੈ। ਅਜਿਹੀ ਸਪਿਰਟ ਸਾਰੀ ਭਾਰਤ ਕੌਮ ਵਿੱਚ ਟੈਗੋਰ ਦੇਖਣਾ ਚਾਹੁੰਦਾ ਸੀ।

ਭਾਈ ਤਾਰੂ ਸਿੰਘ ਤੋਂ ਸਾਨੂੰ ਇਹ ਸਬਕ ਮਿਲਦਾ ਹੈ ਕਿ ਜ਼ੁਲਮ ਅੱਗੇ ਕਦੇ ਵੀ ਝੁਕਣਾ ਨਹੀਂ, ਸਮਰਪਣ ਨਹੀਂ ਕਰਨਾ ਅਤੇ ਆਪਣੇ ਵਿਸ਼ਵਾਸ ਤੇ ਪੱਕੇ ਰਹਿਣਾ ਚਾਹੀਦਾ ਹੈ।

## ਭਾਈ ਸੁਬੇਗ ਸਿੰਘ ਅਤੇ ਭਾਈ ਸ਼ਾਹਬਾਜ਼ ਸਿੰਘ



ਭਾਈ ਸੁਬੇਗ ਤੇ ਭਾਈ ਸ਼ਾਹਬਾਜ਼ ਸਿੰਘ ਜੀ ਦਾ ਸ਼ਹੀਦਾਂ ਦੀ ਲੜੀ ਦੇ ਵਿੱਚ ਇੱਕ ਅਹਿਮ ਸਥਾਨ ਹੈ। ਇਨ੍ਹਾਂ ਸਿੱਖਾਂ ਨੇ ਵੀ ਹੋਰ ਸਿੱਖਾਂ ਵਾਂਗ ਸਿੱਖ ਧਰਮ ਛੱਡਣ ਦੀ ਬਜਾਇ ਸ਼ਹੀਦ ਹੋਣਾ ਪ੍ਰਵਾਨ ਕੀਤਾ।ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ਼ ਸਿੰਘ ਦੋਨੋਂ ਆਪਸ ਦੇ ਵਿੱਚ ਪਿਉ-ਪੁੱਤ ਸਨ।ਸ਼ਾਹਬਾਜ਼ ਸਿੰਘ ਸੁਬੇਗ ਸਿੰਘ ਦਾ ਪੁੱਤਰ ਸੀ। ਸੁਬੇਗ ਸਿੰਘ ਜੋ ਕਿ ਲਾਹੌਰ ਦੇ ਜੰਬਰ ਇਲਾਕੇ ਦਾ ਫ਼ਾਰਸੀ ਦਾ ਪ੍ਰਸਿੱਧ ਵਿਦਵਾਨ ਸੀ, ਤੇ ਮੁਗ਼ਲ ਸਲਤਨਤ ਵਿੱਚ ਨੌਕਰੀ ਕਰਦਾ ਸੀ। ਮੁਗ਼ਲ ਦਰਬਾਰ ਦੇ ਵਿੱਚ ਇੱਕ ਸਿੱਖ ਦਾ ਕਿਸੇ ਪਦਵੀ ਨੂੰ ਪ੍ਰਾਪਤ ਹੋਣਾ, ਇਹ ਨਹੀਂ ਸੀ ਕਿ ਸੁਬੇਗ ਸਿੰਘ ਮੁਗਲਾਂ ਦਾ ਹੀ ਹੋ ਕੇ ਰਹਿ ਗਿਆ ਸੀ। ਇਹ ਤਾਂ ਉਸਦੀ ਵਿਦਵਤਾ ਦਾ ਕਾਰਨ ਸੀ ਕਿ ਉਹ ਮੁਗ਼ਲ ਦਰਬਾਰ ਵਿੱਚ ਨੌਕਰੀ ਕਰਦਾ ਸੀ। ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਸਿੱਖ ਇਤਿਹਾਸ ਵਿੱਚ ਸੁਬੇਗ ਸਿੰਘ ਦਾ ਨਾਂਉਂ "ਵਕੀਲ" ਸੱਦੀਦਾ ਹੈ।ਇਸ ਦਾ ਕਾਰਨ ਹੈ ਕਿ ਅਠ੍ਹਾਰਵੀਂ ਸਦੀ ਦੇ ਦੌਰਾਨ ਜ਼ਕਰੀਆ ਖਾਨ ਨੇ ਸੁਬੇਗ ਸਿੰਘ ਨੂੰ ਆਪਣੇ ਵੱਲੋਂ ਵਕੀਲ ਬਣਾਕੇ ਇੱਕ ਲੱਖ ਨਵਾਬੀ ਖ਼ਿਤਾਬ ਸਿੱਖ ਪੰਥ ਨੂੰ ਦੇਣ ਲਈ ਭੇਜਿਆ ਸੀ ਤਾਂਕਿ ਖਾਲਸਾ ਮਾਰ-ਧਾੜ ਛੱਡ ਕੇ ਸ਼ਾਂਤੀ ਦੇ ਨਾਲ ਬੈਠੇ। ਸੁਬੇਗ ਸਿੰਘ ਨੇ ਉਸ ਵੇਲੇ ਖਾਲਸਾ ਪੰਥ ਨੂੰ ਮਨਾਇਆ ਤੇ ਖਾਲਸਾ ਪੰਥ ਨੇ ਕਪੂਰ ਸਿੰਘ ਨੂੰ ਨਵਾਬੀ ਭੇਟ ਕੀਤੀ।

ਭਾਈ ਸੁਬੇਗ ਸਿੰਘ ਦੇ ਮੁਗਲਾਂ ਨਾਲ ਸੁਖਾਵੇਂ ਸੰਬੰਧ ਸਨ। ਜ਼ਕਰੀਆਂ ਖਾਨ

ਨੇ ਉਨ੍ਹਾਂ ਨੂੰ ਕੋਤਵਾਲ ਦੀ ਪਦਵੀ ਦਿੱਤੀ ਹੋਈ ਸੀ। ਭਾਈ ਸੁਬੇਗ ਸਿੰਘ ਜੀ ਨੇ ਕੋਤਵਾਲ ਬਣਦਿਆਂ ਬਹੁਤ ਸਾਰੀਆਂ ਰਸਮਾਂ ਬੰਦ ਕਰਵਾ ਦਿੱਤੀਆਂ ।

ਗਿਆਨੀ ਗਿਆਨ ਸਿੰਘ ਅਨੁਸਾਰ:- "ਸੁਬੇਗ ਸਿੰਘ ਜੀ ਨੇ ਕੋਟਵਾਲ ਬਣਦਿਆਂ ਹੀ ਸਖ਼ਤ ਤਕਲੀਫ਼ਾਂ ਨਾਲ ਮਾਰੇ ਜਾਣ ਦਾ ਕਾਇਦਾ ਤੋੜ ਦਿੱਤਾ, ਸਿਰਫ਼ ਕਤਲ ਤੇ ਫਾਂਸੀ ਅਤੇ ਤੋਪ ਅੱਗੇ ਉੜਾ ਦੇਣ ਉਹ ਤਿੰਨ ਮੌਤਾਂ ਜਾਰੀ ਰੱਖੀਆਂ। ਦੂਸਰੇ ਜੋ ਸਿੰਘਾਂ ਦੇ ਬੇਅੰਤ ਸਿਰ ਕੋਟ ਉੱਤੇ ਕਿੰਗਰਿਆਂ ਵਾਂਗੂੰ ਚਿਣਵਾਕੇ ਰੱਖੇ ਜਾਂਦੇ ਸਨ ਤੇ ਕੁੱਝ ਖੂਹਾਂ ਵਿੱਚ ਪੈਂਦੇ ਸਨ, ਸਭ ਕਢਵਾਕੇ ਫੁਕਵਾ ਦਿੱਤੇ। ਤੀਸਰੇ ਜੋ ਸ਼ੈਹਰ ਵਿਚ ਉਜਾਗਰ ਗਊਬੱਧ ਕੀਤਾ ਜਾਂਦਾ ਸੀ, ਉਹ ਪਰਦੇ ਵਿੱਚ ਕਰਾ ਦਿੱਤਾ। ਚੌਥੇ ਸੰਖ ਵੱਜਣ ਦੀ ਤੇ ਪੋਥੀ ਪੁਰਾਨ ਪੜ੍ਹਨ ਦੀ ਬੰਦਸ਼ ਹਟਾ ਦਿੱਤੀ। ਪੰਜਵੇਂ ਜੋ ਹਿੰਦੂ ਦੀ ਬਹੂ ਬੇਟੀ ਨੂੰ ਮੁਸਲਮਾਨ ਜ਼ੋਰ ਨਾਲ ਲੈ ਜਾਕਰ ਕਈ-ਕਈ ਦਿਨ ਆਪਣੇ ਘਰ ਰੱਖਦੇ ਸਨ, ਸੋ ਹਟਾ ਦਿੱਤਾ, ਏਹੋ ਜੇਹੀਆਂ ਹੋਰ ਅਨੇਕ ਭੈੜੀਆਂ ਰਸਮਾਂ ਬੰਦ ਕਰਕੇ ਸਭ ਨੂੰ ਰਾਜ਼ੀ ਰੱਖਿਆ, ਚੰਗੇ ਕੰਮ ਕਰਕੇ ਜਸ ਪਾਇਆ।"

ਪਰ ਸੁਬੇਗ ਸਿੰਘ ਜੀ ਦਾ ਵੱਡੀ ਪਦਵੀ ਤੇ ਬਿਰਾਜਮਾਨ ਹੋਣਾ ਕੱਟੜ ਮੁਸਲਮਾਨਾਂ ਨੂੰ ਚੁੱਭਦਾ ਸੀ। ਉਨ੍ਹਾਂ ਤੇ ਇਲਜ਼ਾਮ ਲਾਇਆ ਗਿਆ ਕਿ ਉਹ ਸਿੰਘਾਂ ਤੱਕ ਗੁੱਝੇ ਭੇਦ ਪਹੁੰਚਾਉਂਦਾ ਹੈ ਤੇ ਸੁਬੇਗ ਸਿੰਘ ਨੂੰ ਕੋਤਵਾਲੀ ਦੀ ਪਦਵੀ ਤੋਂ ਹਟਾ ਦਿੱਤਾ ਗਿਆ।

ਇਨਾਂ ਹੀ ਨਹੀਂ ਸੁਬੇਗ ਸਿੰਘ ਦੇ ਬੇਟੇ ਸ਼ਾਹਬਾਜ਼ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਨਵਾਬ ਨੇ ਸ਼ਾਹਬਾਜ਼ ਸਿੰਘ ਨੂੰ ਸੁਬੇਗ ਸਿੰਘ ਦੇ ਸਾਹਮਣੇ ਚਰਖੜ੍ਹੀ ਤੇ ਚਾੜ੍ਹ ਕੇ ਘੁਮਾਇਆ।ਨਵਾਬ ਨੇ ਇਹ ਸੋਚਿਆ ਸੀ ਕਿ ਆਪਣੇ ਸਾਹਮਣੇ ਪੁੱਤਰ ਦੀ ਦਰਦਨਾਕ ਮੌਤ ਦੇਖ ਕੇ ਇਸਦੇ ਪਿਤਾ ਦਾ ਮਨ ਪਸੀਜ ਜਾਵੇਗਾ ਪਰ ਧੰਨ ਗੁਰੂ ਦੇ ਸਿੱਖ, ਕੁੱਝ ਵੀ ਵਿਰਲਾਪ ਕਰਨ ਤੋਂ ਬਿਨਾਂ ਸੁਬੇਗ ਸਿੰਘ ਇਹ ਕਹਿ ਰਿਹਾ ਸੀ ਕਿ ਵਾਹ ਪੁੱਤਰ ਤੂੰ ਗੁਰੂ ਦੀ ਸਿੱਖੀ ਬਹੁਤ ਵਧੀਆ ਨਿਭਾ ਰਿਹਾ ਹੈਂ।

ਅਖੀਰ ਵਿੱਚ ਤਸੀਹੇ ਦਿੰਦਿਆਂ ਹੋਇਆਂ ਪਾਪੀ ਲੋਕ ਤਾਂ ਥੱਕ ਗਏ ਪਰ ਦੋਨੋਂ ਪਿਉਪੁੱਤਰ ਆਪਣੇ ਸਿਧਾਂਤਾਂ ਉੱਪਰ ਹੀ ਅੜੇ ਰਹੇ।ਅੰਤ ਦੇ ਵਿੱਚ ਪਹਿਲਾਂ ਸ਼ਾਹਬਾਜ਼ ਸਿੰਘ ਨੂੰ ਵੱਡੇ-ਵੱਡੇ ਤਿੱਖੇ ਸੂਏ ਵਾਲੇ ਲੋਹੇ ਦੇ ਚੱਕਰ ਭਾਵ ਕਿ ਚਰਖੜ੍ਹੀ ਉੱਪਰ ਚੜ੍ਹਾ ਕੇ ਸ਼ਹੀਦ ਕਰ ਦਿੱਤਾ ਗਿਆ ਤੇ ਇਸੇ ਤਰ੍ਹਾਂ ਭਾਈ ਸੁਬੇਗ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਅਤੇ ਦੋਵੇਂ ਪਿਉ-ਪੁੱਤਰ ਗੁਰੂ ਦੇ ਪਿਆਰ ਵਿੱਚ ਸ਼ਹੀਦੀ ਪਾ ਗਏ।

# ਬਾਬਾ ਦੀਪ ਸਿੰਘ



ਸਿੱਖ ਕੌਮ ਦੇ ਮਹਾਨ ਜਰਨੈਲ ਤੇ ਅਣਖੀਲੇ ਯੋਧੇ ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ ਨੂੰ, ਮਾਤਾ ਜਿਊਣੀ ਜੀ ਅਤੇ ਪਿਤਾ ਭਾਈ ਭਗਤਾ ਸੰਧੂ ਦੇ ਘਰ ਪਿੰਡ ਪਹੂਵਿੰਡ, ਵਿੱਚ ਹੋਇਆ। ਮਾਤਾ ਪਿਤਾ ਨੇ ਬਾਲਕ ਦਾ ਨਾਮ ਦੀਪਾ ਰੱਖਿਆ। ਜਦ ਆਪ 18 ਸਾਲ ਦੇ ਹੋਏ, ਤਾਂ ਆਪਣੇ ਮਾਤਾ ਪਿਤਾ ਅਤੇ ਮਾਝੇ ਦੀਆਂ ਸੰਗਤਾਂ ਨਾਲ ਹੋਲਾ-ਮਹੱਲਾ ਦੇ ਮੌਕੇ ਤੇ ਸ੍ਰੀ ਆਨੰਦਪੁਰ ਸਾਹਿਬ ਗਏ ਅਤੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਦੀਦਾਰੇ ਕਰਕੇ ਤੇ ਗੁਰੂ ਜੀ ਦੀ ਪ੍ਰੇਰਨਾ ਸਦਕਾ ਸਭ ਨੇ ਕਲਗੀਧਰ ਪਾਤਸ਼ਾਹ ਜੀ ਕੋਲੋਂ ਪਵਿੱਤਰ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਤੋਂ ਬਾਅਦ ਆਪ ਜੀ ਦਾ ਨਾਮ ਦੀਪ ਸਿੰਘ ਰੱਖਿਆ ਗਿਆ। ਕੁੱਝ ਮਹੀਨੇ ਸੇਵਾ ਕਰਕੇ ਜਦੋਂ ਸੰਗਤਾਂ ਵਾਪਸ ਮੁੜਨ ਲੱਗੀਆਂ ਤੇ ਪਾਤਸ਼ਾਹ ਜੀ ਨੇ ਭਾਈ ਦੀਪ ਸਿੰਘ ਨੂੰ ਆਪਣੇ ਕੋਲ ਹੀ ਰੱਖ ਲਿਆ।

ਅਨੰਦਪੁਰ ਸਾਹਿਬ ਰਹਿ ਕੇ ਭਾਈ ਦੀਪ ਸਿੰਘ ਨੇ ਗੁਰਮੁੱਖੀ, ਫ਼ਾਰਸੀ ਤੇ ਅਰਬੀ ਲਿਪੀ ਵਿੱਚ ਨਿਪੁੰਨਤਾ ਹਾਸਲ ਕੀਤੀ ਤੇ ਇੱਥੇ ਹੀ ਆਪ ਨੇ ਸ਼ਸਤਰ ਵਿੱਦਿਆ, ਘੋੜ ਸਵਾਰੀ, ਤਲਵਾਰਬਾਜ਼ੀ, ਤੀਰਅੰਦਾਜ਼ੀ ਤੇ ਨੇਜ਼ਾਬਾਜ਼ੀ ਦੀ ਮੁਹਾਰਤ ਹਾਸਲ ਕੀਤੀ। ਜਦੋਂ ਕਲਗੀਧਰ ਪਾਤਸ਼ਾਹ ਸ਼ਿਕਾਰ ਖੇਡਣ ਜਾਂਦੇ ਤਾਂ ਭਾਈ ਦੀਪ ਸਿੰਘ ਜੀ ਵੀ ਨਾਲ ਹੀ ਜਾਂਦੇ ਸਨ। ਆਪ ਜੀ ਨੇ ਇਥੇ ਰਹਿੰਦਿਆਂ ਭਾਈ ਮਨੀ ਸਿੰਘ ਜੀ ਦੀ ਦੇਖ-ਰੇਖ ਹੇਠ ਪਵਿੱਤਰ ਧਾਰਮਿਕ ਗ੍ਰੰਥਾਂ ਤੇ ਗੁਰਬਾਣੀ ਦਾ ਡੂੰਘਾ ਅਧਿਐਨ ਕੀਤਾ।

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਿਦਰਾਣੇ ਦੀ ਜੰਗ ਤੋ ਬਾਅਦ ਦਮਦਮਾ ਸਾਹਿਬ ਪੁੱਜੇ ਤਾ ਬਾਬਾ ਦੀਪ ਸਿੰਘ ਜੀ ਨੂੰ ਇਥੇ ਠਹਿਰ ਕੇ ਸੇਵਾ ਕਰਨ ਦਾ ਹੁਕਮ

ਦਿੱਤਾ। ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਬੀੜ ਦੀ ਤਿਆਰੀ ਦਾ ਕੰਮ ਮੁੜ ਕੇ ਅਰੰਭ ਕੀਤਾ ਤਾਂ ਉਸ ਸਮੇਂ ਬਾਬਾ ਦੀਪ ਸਿੰਘ ਜੀ ਦਸਮ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ ਲਿਖਾਰੀ ਦਾ ਕੰਮ ਕਰਦੇ ਰਹੇ।

ਉਨ੍ਹਾ ਨੇ ਆਪਣੇ ਹੱਥਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਬੀੜਾਂ ਲਿਖਣ ਦੀ ਸੇਵਾ ਕੀਤੀ ਜੋ ਮਗਰੋਂ ਚਾਰੇ ਤਖਤਾਂ ਤੇ ਪ੍ਰਕਾਸ਼ ਕਰਨ ਲਈ ਭੇਜ ਦਿੱਤੀਆਂ ਗਈਆਂ। ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਜਦ ਬਾਬਾ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਸ਼ੁਰੂ ਕੀਤੀ ਤਾਂ ਪਹਿਲੇ ਕਲਮਾਂ ਘੜ ਘੜ ਕੇ ਕੋਠਾ ਭਰ ਲਿਆ। ਜਦ ਲਿਖਦਿਆਂ ਲਿਖਦਿਆਂ ਕਲਮ ਘਿਸ ਕੇ ਮੋਟੀ ਹੋ ਜਾਂਦੀ ਤਾਂ ਉਹ ਕਲਮ ਸਰੋਵਰ ਵਿੱਚ ਪਾਕੇ ਦੂਸਰੀ ਲੈ ਲੈਂਦੇ। ਇਕ ਸਿਖ ਜੋ ਕੋਲ ਬੈਠਾ ਸੀ ਕਿਹਾ, ਬਾਬਾ ਜੀ ਕਲਮ ਤਾਂ ਅਜੇ ਚੰਗੀ ਭਲੀ ਹੈ ਜੋ ਤੁਸੀਂ ਸੁਟ ਦਿੰਦੇ ਹੋ, ਥੋੜਾ ਚਾਕੂ ਨਾਲ ਛਿਲ ਕੇ ਇਸ ਨਾਲ ਕਿਤਨਾ ਕੁਝ ਹੋਰ ਲਿਖਿਆਂ ਜਾ ਸਕਦਾ ਹੈ ਤਾਂ ਬਾਬਾ ਜੀ ਨੇ ਜਵਾਬ ਦਿਤਾ, ਸਿੰਘੋ ਤੁਸੀਂ ਮੇਰੇ ਭਾਵ ਨੂੰ ਨਹੀਂ ਸਮਝ ਰਹੇ, ਜਿਹੜੀ ਕਲਮ ਮਹਾਰਾਜ ਦੀ ਪਵਿਤਰ ਬਾਣੀ ਨੂੰ ਲਿਖਦੀ ਹੈ, ਉਸ ਕਲਮ ਦੇ ਮੂੰਹ ਨੂੰ ਚਾਕੂ ਨਾਲ ਛਿਲਾਂ' ਉਸਦਾ ਸਨਮਾਨ ਕਰਨ ਦੀ ਬਜਾਏ ਅਪਮਾਨ ਕਰਾਂ, ਇਹ ਮੈਥੋਂ ਨਹੀਂ ਹੋ ਸਕਦਾ, ਇਹ ਸੀ ਉਨ੍ਹਾਂ ਦੀ ਸੋਚ ਦੀ ਉਚਾਈ।

ਗੁਰੂ ਪਾਤਸ਼ਾਹ ਜੀ ਜਦੋਂ ਦੱਖਣ ਵੱਲ ਗਏ ਤਾਂ ਬਾਬਾ ਦੀਪ ਸਿੰਘ ਜੀ ਨੂੰ 'ਗੁਰੂ ਕੀ ਕਾਂਸ਼ੀ ਦਮਦਮਾ ਸਾਹਿਬ ਦੇ ਅਸਥਾਨ ਦੀ ਸੇਵਾ-ਸੰਭਾਲ ਅਤੇ ਗੁਰਬਾਣੀ ਪੜ੍ਹਨ-ਪੜ੍ਹਾਉਣ ਤੇ ਲਿਖਵਾਉਣ ਦੀ ਸੇਵਾ ਲਈ ਨਿਯੁਕਤ ਕਰ ਗਏ ਸਨ। ਬਾਬਾ ਦੀਪ ਸਿੰਘ ਜੀ ਨੇ ਇਹ ਸੇਵਾ ਬਹੁਤ ਸ਼ਰਧਾ ਤੇ ਪ੍ਰੇਮ ਸਹਿਤ ਨਿਭਾਈ। ਦਮਦਮਾ ਸਾਹਿਬ ਵਿਖੇ ਸੇਵਾ-ਸੰਭਾਲ ਕਰਦਿਆਂ ਬਾਬਾ ਦੀਪ ਸਿੰਘ ਜੀ ਨੇ ਇਕ ਖੂਹ ਲਗਵਾਇਆ ਜੋ ਤਖ਼ਤ ਸਾਹਿਬ ਦੀ ਪਰਿਕਰਮਾ ਵਿਚ ਹੈ, ਜੋ ਸ਼ਹੀਦਾਂ ਦੇ ਖੂਹ ਨਾਲ ਜਾਣਿਆ ਜਾਂਦਾ ਹੈ।

ਬੰਦਾ ਬਹਾਦਰ ਦੇ ਨਾਲ ਜੰਗ ਦੇ ਮੈਦਾਨ ਵਿਚ ਬਾਬਾ ਦੀਪ ਸਿੰਘ ਜੀ ਨੇ ਜਰਨੈਲ ਦੇ ਵਜੋਂ ਸਾਥ ਦਿੱਤਾ।

੧੮ ਵੀਂ ਸਦੀ ਵਿੱਚ ਭਾਰਤ ਨੂੰ ਨਾਦਰਸ਼ਾਹ ਤੇ ਅਹਿਮਦਸ਼ਾਹ ਵਰਗੇ ਧਾੜਵੀਆਂ ਤੇ ਵਿਦੇਸ਼ੀ ਹਮਲਾਵਾਰਾਂ ਨੇ ਖ਼ੂਬ ਲੁੱਟਿਆ ਤੇ ਇਥੋਂ ਦੇ ਧੰਨ ਦੋਲਤ ਸਮੇਤ ਜਵਾਨ ਬੱਚੇ ਬੱਚੀਆਂ ਨੂੰ ਗੁਲਾਮ ਬਣਾਕੇ ਗਜਨੀ ਦੇ ਬਾਜ਼ਾਰਾਂ ਵਿੱਚ ਟਕੇ ਟਕੇ ਤੇ ਵੇਚਿਆ। ਬਹੂ-ਬੇਟੀਆਂ ਦੀ ਇੱਜ਼ਤ ਨੂੰ ਸਰੇ-ਆਮ ਮਿੱਟੀ ਵਿੱਚ ਰੋਲ਼ਿਆ। ਇਸਦਾ ਮੁਕਾਬਲਾ ਕਰਣ ਲਈ ਖਾਲਸਾ ਨੂੰ 12 ਮਿਸਲਾਂ ਅੰਦਰ ਵੰਡਿਆ ਗਿਆ, ਜਿਨ੍ਹਾਂ ਨੇ ਇਕ ਜੁਟ ਹੋਕੇ ਇਨ੍ਹਾਂ ਅਫ਼ਗਾਨ ਧਾੜਵੀਆਂ ਦਾ ਮੁਕਾਬਲਾ ਕੀਤਾ। ਇਨ੍ਹਾਂ ਤੇ ਹਮਲਾ ਕਰਕੇ ਲੁੱਟਿਆ, ਬਹੁ-ਕੀਮਤੀ ਮਾਲ-ਅਸਬਾਬ ਵਾਪਿਸ ਆ ਜਾਂਦਾ ਤੇ ਸਿੱਖ ਇਥੋਂ ਦੀਆਂ ਬਹੂ-ਬੇਟੀਆਂ ਨੂੰ ਧਾੜਵੀਆਂ ਹੱਥੋਂ ਖੋਹ ਕੇ ਬਾ-ਇਜ਼ਤ ਉਹਨਾਂ

ਦੇ ਘਰੋ-ਘਰੀਂ ਪੁਚਾ ਦਿਆ ਕਰਦੇ ਸੀ। ਇਨ੍ਹਾਂ ਸੂਰਬੀਰਾਂ ਵਿੱਚੋ 'ਸ਼ਹੀਦ ਮਿਸਲ' ਦੇ ਮੁੱਖ ਜਥੇਦਾਰ ਬਾਬਾ ਦੀਪ ਸਿੰਘ ਜੀ ਵੀ ਸਨ।

ਅਹਿਮਦ ਸ਼ਾਹ ਦੁਰਾਨੀ ਜੋ ਸਿੱਖਾਂ ਦੇ ਸਖ਼ਤ ਵਿਰੁੱਧ ਸੀ ਅਤੇ ਸਿੱਖਾਂ ਨੂੰ ਖ਼ਤਮ ਕਰਨ ਉੱਤੇ ਤੁਲਿਆ ਹੋਇਆ ਸੀ, 1757 ਈ: ਦੇ ਹਿੰਦੁਸਤਾਨ ਦੇ ਹਮਲੇ ਵੇਲੇ ਦਿੱਲੀ ਜਾਂਦਾ ਹੋਇਆ ਅੰਮ੍ਰਿਤਸਰ ਸ਼ਹਿਰ ਨੂੰ ਲੁੱਟਿਆ ਅਤੇ ਸ਼ਹਿਰ ਦੀਆਂ ਇਮਾਰਤਾਂ ਨੂੰ ਢਾਹਿਆ। ਇਸ ਹਮਲੇ ਦੇ ਦੌਰਾਨ ਅੰਮ੍ਰਿਤਸਰ ਸ਼ਹਿਰ ਦੇ ਇਨਚਾਰਜ ਜਮਾਲ ਖਾਨ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਕੀਤੀ ਤੇ ਪਵਿੱਤਰ ਸਰੋਵਰ ਨੂੰ ਪੂਰ ਦੇਣ ਦਾ ਹੁਕਮ ਦਿੱਤਾ। ਜਦ ਇਹ ਖ਼ਬਰ ਬਾਬਾ ਦੀਪ ਸਿੰਘ ਜੀ ਕੋਲ ਦਮਦਮਾ ਸਾਹਿਬ, ਤਲਵੰਡੀ ਸਾਬੋ ਦੇ ਅਸਥਾਨ 'ਤੇ ਪੁੱਜੀ ਤਾਂ ਆਪ ਦੇ ਦਿਲ 'ਤੇ ਅਸਹਿ ਸੱਟ ਵੱਜੀ। ਉਸ ਵਕਤ ਉਹ ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਕਰ ਰਹੇ ਸਨ। ਉਸੇ ਵਕਤ ਇਹ ਜਿੰਮੇਵਾਰੀ ਦੂਸਰੇ ਸਿੰਘ ਨੂੰ ਦੇਕੇ ਖੁਦ ਸ੍ਰੀ ਅਮ੍ਰਿਤਸਰ ਜਾਣ ਲਈ ਤਿਆਰ ਹੋ ਗਏ। ਦਲ ਖਾਲਸਾ ਦੀ ਅਗਵਾਈ ਕਰਦੇ ਹੋਏ ਬਿਆਸ ਦਰਿਆ ਪਾਰ ਕਰਕੇ ਸਿੰਘਾਂ ਦਾ ਜਥਾ ਮਾਝੇ ਦੇ ਇਲਾਕੇ ਅੰਦਰ ਦਾਖਲ ਹੋਇਆ। ਤਰਨਤਾਰਨ ਸਾਹਿਬ ਦੇ ਪਾਵਨ ਅਸਥਾਨ ਵਿਖੇ ਪਹੁੰਚ ਕੇ ਸਿੰਘਾਂ ਦੇ ਸਾਰੇ ਸਮੂਹ ਨੇ ਅਰਦਾਸ ਕੀਤੀ। ਇਸ ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਇੱਕ ਲਕੀਰ ਖਿੱਚੀ ਅਤੇ ਕਿਹਾ ਕਿ ਜੋ ਸ਼ਹੀਦੀ ਪਾਉਣ ਲਈ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜਿਹੜਾ ਸ਼ਹੀਦ ਨਹੀਂ ਹੋਣਾ ਚਾਹੁੰਦਾ ਉਹ ਵਾਪਸ ਚਲਿਆ ਜਾਵੇ।

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥

ਸਾਰੇ ਸਿੰਘ ਜੈਕਾਰੇ ਗਜਾਉਂਦੇ ਹੋਏ ਲਕੀਰ ਪਾਰ ਕਰਕੇ ਅੰਮ੍ਰਿਤਸਰ ਵੱਲ ਵਧਣ ਲੱਗੇ। ਉਧਰੋਂ ਲਾਹੌਰ ਦੇ ਸੂਬੇ ਨੇ ਵੀ ਜਹਾਨ ਖਾਨ ਦੀ ਅਗਵਾਈ ਹੇਠ ਤਰਨ-ਤਾਰਨ ਤੋਂ 10 ਮੀਲ ਦੀ ਦੂਰੀ ਤੇ ਗੋਹਲਵੜ੍ਹ ਨੇੜੇ ਨਾਕਾਬੰਦੀ ਕੀਤੀ ਹੋਈ ਸੀ। ਦੋਨੋ ਦਲਾਂ ਦਾ ਟਾਕਰਾ ਹੋਇਆ, ਜਹਾਨ ਖਾਨ ਮਾਰਿਆ ਗਿਆ। ਸ਼ਾਹੀ ਫੌਜ ਵਿਚ ਭਾਜੜ ਪੈ ਗਈ। ਇਨੇ ਚਿਰ ਨੂੰ ਹਾਜੀ ਹਤਾਈ ਖਾਨ ਵੀ ਫੌਜਾਂ ਲੈਕੇ ਪਹੁੰਚ ਗਿਆ। ਫਿਰ ਘਮਸਾਨ ਦਾ ਯੁੱਧ ਹੋਇਆ। ਜਮਾਲ ਖਾਨ ਨਾਲ ਹੱਥੋ-ਹੱਥੀ ਲੜਾਈ ਵਿੱਚ ਬਾਬਾ ਜੀ ਦਾ ਸੀਸ ਕੱਟਿਆ ਗਿਆ। ਜਦ ਡਿੱਗਣ ਲਗੇ ਤਾਂ ਇਕ ਸਿੰਘ ਨੇ ਬੜੇ ਪਿਆਰ ਨਾਲ ਕਿਹਾ "ਬਾਬਾ ਜੀ ਤੁਸੀਂ ਤਾਂ ਅਰਦਾਸ ਕੀਤੀ ਸੀ ਕੀ ਦਰਬਾਰ ਸਾਹਿਬ ਜਾਕੇ ਸ਼ਹੀਦ ਹੋਵਾਂਗੇ ਪਰ ਆਪ ਉਰੇ ਹੀ ਫਤਹਿ ਬੁਲਾ ਚਲੇ ਹੋ"। ਫਿਰ ਹਿੰਮਤ ਕੀਤੀ ਉਠਕੇ ਖੱਬੇ ਹੱਥ ਨਾਲ ਸੀਸ ਟਿਕਾ ਕੇ ਸੱਜੇ ਹਥ ਨਾਲ ਖੰਡਾ ਵਾਹੁੰਦੇ ਵੈਰੀਆਂ ਦੇ ਆਹੂ ਲਾਹੁੰਦੇ ਲਾਹੁੰਦੇ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿੱਚ ਪਹੁੰਚ ਕੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਆਪਣਾ ਸੀਸ ਭੇਟਾ ਕਰ ਦਿਤਾ ਤੇ ਸ਼ਹੀਦ ਹੋ ਗਏ।

ਬਾਬਾ ਦੀਪ ਸਿੰਘ ਜੀ ਦੇ ਜੀਵਨ ਰਾਹੀਂ ਸਾਨੂੰ ਆਪਣੇ ਜੀਵਨ ਵਿਚ ਇਹ ਪੰਜ ਚੀਜ਼ਾਂ ਸਿੱਖਣ ਦੀ ਲੋੜ ਹੈ:

- ਤੰਦਰੁਸਤ ਤੇ ਸੁਡੌਲ ਸਰੀਰ ਰਖੀਏ ।
- ਸਾਡਾ ਇਰਾਦਾ ਦ੍ਰਿੜ ਹੋਵੇ ।
- ਗਿਆਨ ਜੀਵਨ ਨੂੰ ਦਿਸ਼ਾ ਦਿੰਦਾ ਹੈ, ਇਸ ਲਈ ਸਾਨੂੰ ਵੱਧ ਤੋਂ ਵੱਧ ਗਿਆਨ ਹਾਸਿਲ ਕਰਨਾ ਚਾਹੀਦਾ ਹੈ।
- ਸੇਵਾ ਅਤੇ ਸਿਮਰਨ ਦੋ ਮੰਤਰ ਹਨ, ਜਿਸ ਨਾਲ ਆਤਮਿਕ ਸ਼ਕਤੀ ਮਿਲਦੀ ਹੈ।
- ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡਾ ਗੁਰੂ ਹੈ, ਇਸ ਪ੍ਰਤੀ ਸਮਰਪਣ ਕਰੀਏ ਤਾਂ ਜੋ ਜੀਵਨ ਪਾਖੰਡਾਂ ਅਤੇ ਕਰਮ ਕਾਂਡ ਤੋਂ ਬਚਾਇਆ ਜਾ ਸਕੇ।

## ਪ੍ਰਸ਼ਨੋਤਰੀ

ਪ੍ਰਸ਼ਨ 1. ਮਤੀ ਦਾਸ ਜੀ ਨੇ ਕਿਹੜੇ ਗੁਰੂ ਜੀ ਦੇ ਸਮੇਂ ਸ਼ਹੀਦੀ ਪ੍ਰਾਪਤ ਕੀਤੀ?

(ੳ) ਪਹਿਲੇ　　(ਅ) ਨੌਵੇਂ
(ੲ) ਦਸਵੇਂ　　(ਸ) ਪੰਜਵੇਂ

ਪ੍ਰਸ਼ਨ 2. ਭਾਈ ਮਤੀ ਦਾਸ ਜੀ ਨੇ ਕਦੋਂ ਸ਼ਹੀਦੀ ਪ੍ਰਾਪਤ ਕੀਤੀ?

(ੳ) 1670 ਈ:　　(ਅ) 1672 ਈ:
(ੲ) 1675 ਈ:　　(ਸ) 1674 ਈ:

ਪ੍ਰਸ਼ਨ 3. ਭਾਈ ਦਿਆਲਾ ਜੀ ਨੇ ਕਿਹੜੇ ਗੁਰੂ ਜੀ ਦੇ ਸਮੇਂ ਸ਼ਹੀਦੀ ਪ੍ਰਾਪਤ ਕੀਤੀ?

(ੳ) ਸ੍ਰੀ ਗੁਰੂ ਅਰਜਨ ਦੇਵ ਜੀ　　(ਅ) ਸ੍ਰੀ ਗੁਰੂ ਤੇਗ਼ ਬਹਾਦਰ ਜੀ
(ੲ) ਸ੍ਰੀ ਗੁਰੂ ਨਾਨਕ ਦੇਵ ਜੀ　　(ਸ) ਸ੍ਰੀ ਗੁਰੂ ਹਰਿਰਾਇ ਜੀ

ਪ੍ਰਸ਼ਨ 4. ਭਾਈ ਦਿਆਲਾ ਜੀ ਦੇ ਪਿਤਾ ਜੀ ਦਾ ਕੀ ਨਾਮ ਸੀ?

(ੳ) ਭਾਈ ਪਰਾਗਾ　　(ਅ) ਭਾਈ ਤਾਰੂ ਸਿੰਘ
(ੲ) ਭਾਈ ਹੀਰਾ ਨੰਦ　　(ਸ) ਮਾਘੀ ਦਾਸ

ਪ੍ਰਸ਼ਨ 5. ਭਾਈ ਦਿਆਲਾ ਜੀ ਨੂੰ ਕਿਸ ਤਰ੍ਹਾਂ ਸ਼ਹੀਦ ਕੀਤਾ ਗਿਆ?

(ੳ) ਆਰੇ ਨਾਲ ਚੀਰ ਕੇ　　(ਅ) ਤੱਤੀ ਤਵੀ ਤੇ
(ੲ) ਦੇਗ ਵਿੱਚ ਉਬਾਲ ਕੇ　　(ਸ) ਨੀਹਾਂ ਵਿੱਚ ਚਿਣਵਾ ਕੇ

ਪ੍ਰਸ਼ਨ 6. ਭਾਈ ਸਤੀ ਦਾਸ ਜੀ ਕਿਨ੍ਹਾਂ ਦੇ ਵੱਡੇ ਭਰਾ ਸਨ?

(ੳ) ਭਾਈ ਮੋਹਕਮ ਜੀ (ਅ) ਭਾਈ ਮਤੀ ਦਾਸ

(ੲ) ਭਾਈ ਹਿੰਮਤ ਜੀ (ਸ) ਭਾਈ ਦਿਆਲਾ ਜੀ

ਪ੍ਰਸ਼ਨ 7. ਭਾਈ ਤਾਰੂ ਸਿੰਘ ਜੀ ਕਿਸ ਸਦੀ ਦੇ ਮਹਾਨ ਸਿੱਖ ਹੋਏ?

(ੳ) 14 ਵੀਂ (ਅ) 20 ਵੀਂ

(ੲ) 15 ਵੀਂ (ਸ) 18 ਵੀਂ

ਪ੍ਰਸ਼ਨ 8. ਭਾਈ ਤਾਰੂ ਸਿੰਘ ਜੀ ਦਾ ਜਨਮ ਕਦੋਂ ਹੋਇਆ?

(ੳ)1720 ਈ: (ਅ) 1710 ਈ:

(ੲ) 1725 ਈ: (ਸ) 1705 ਈ:

ਪ੍ਰਸ਼ਨ 9. ਭਾਈ ਤਾਰੂ ਸਿੰਘ ਜੀ ਖੋਪਰੀ ਲਹਾਉਣ ਤੋਂ ਬਾਅਦ ਕਿੰਨੇ ਦਿਨ ਜੀਵਤ ਰਹੇ?

(ੳ) 20 ਦਿਨ (ਅ) 22 ਦਿਨ

(ੲ) 25 ਦਿਨ (ਸ) 30 ਦਿਨ

ਪ੍ਰਸ਼ਨ 10. ਭਾਈ ਤਾਰੂ ਜੀ ਨੇ ਕਦੋਂ ਸ਼ਹੀਦੀ ਪ੍ਰਾਪਤ ਕੀਤੀ?

(ੳ) 1740 ਈ: (ਅ) 1730 ਈ:

(ੲ) 1745 ਈ: (ਸ) 1725 ਈ:

ਪ੍ਰਸ਼ਨ 11. ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਜਨਮ ਕਦੋਂ ਹੋਇਆ ?

( ੳ ) 1680 ਈ : ( ਅ ) 1650 ਈ :

( ੲ ) 1660 ਈ : (ਸ) 1670 ਈ :

ਪ੍ਰਸ਼ਨ 12. ਭਾਈ ਮਨੀ ਸਿੰਘ ਜੀ ਦਾ ਜਨਮ ਕਦੋਂ ਹੋਇਆ?

(ੳ) 1660 ਈ: (ਅ) 1662 ਈ:

(ੲ) 1665 ਈ: (ਸ) 1664 ਈ:

ਪ੍ਰਸ਼ਨ 13. ਭਾਈ ਤਾਰੂ ਸਿੰਘ ਜੀ ਨੂੰ ਕਿਸ ਦੇ ਹੁਕਮਾਂ ਨਾਲ ਸ਼ਹੀਦ ਕੀਤਾ ਗਿਆ?

(ੳ) ਜਹਾਂਗੀਰ (ਅ) ਫਰੁਖਸ਼ੀਅਰ

(ੲ) ਜਕਰੀਆ ਖਾਂ (ਸ) ਔਰੰਗਜ਼ੇਬ

ਪ੍ਰਸ਼ਨ 14. ਬੰਦ ਬੰਦ ਕੱਟ ਕੇ ਕਿਹੜੇ ਸਿੱਖ ਨੂੰ ਸ਼ਹੀਦ ਕੀਤਾ ਗਿਆ ਸੀ ?

ੳ) ਭਾਈ ਮਨੀ ਸਿੰਘ ਨੂੰ    ਅ) ਭਾਈ ਸੁੱਖਾ ਸਿੰਘ ਨੂੰ

ੲ) ਬਾਬਾ ਗਰਜਾ ਸਿੰਘ ਨੂੰ    ਸ) ਬਾਬਾ ਬੋਤਾ ਸਿੰਘ ਨੂੰ

ਪ੍ਰਸ਼ਨ 15. ਦਿੱਲੀ ਵਿਚ ਸਭ ਤੋਂ ਪਹਿਲਾਂ ਕਿਹੜੇ ਸਿੱਖ ਨੂੰ ਸ਼ਹੀਦ ਕੀਤਾ ਗਿਆ ?

ੳ) ਗੁਰੂ ਤੇਗ ਬਹਾਦਰ ਜੀ ਦੇ    ਅ) ਭਾਈ ਦਿਆਲ ਜੀ

ੲ) ਭਾਈ ਮਤੀ ਦਾਸ ਜੀ    ਸ) ਭਾਈ ਸਤੀ ਦਾਸ ਜੀ

ਪ੍ਰਸ਼ਨ 16. ਨਿਮਨ ਵਿਚੋਂ ਕਿਹੜਾ ਸਿੱਖ ਭਾਈ ਪਰਾਗਾ ਜੀ ਦਾ ਸਪੁੱਤਰ ਨਹੀਂ ਸੀ?

ੳ) ਭਾਈ ਮਤੀ ਤੇ ਸਤੀ ਦਾਸ    ਅ) ਭਾਈ ਜਤੀ ਦਾਸ ਜੀ

ਸ) ਭਾਈ ਸਖੀ ਦਾਸ ਜੀ    ਸ) ਭਾਈ ਦਿਆਲਾ ਜੀ

ਪ੍ਰਸ਼ਨ 17. ਕਿਹੜੇ ਸਿੱਖ ਨੂੰ ਰੰਬੀ ਨਾਲ ਖੋਪੜੀ ਲਾਹ ਕੇ ਸ਼ਹੀਦ ਕੀਤਾ ਗਿਆ ?

ੳ) ਭਾਈ ਤਾਰੂ ਜੀ    ਅ) ਸ਼ਾਹਬਾਜ਼ ਸਿੰਘ ਜੀ

ੲ) ਭਾਈ ਮਤੀ ਦਾਸ ਜੀ    ਸ) ਭਾਈ ਸਤੀ ਦਾਸ ਜੀ

ਪ੍ਰਸ਼ਨ 18. ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਕਦੋਂ ਸ਼ਹੀਦ ਕੀਤਾ ਗਿਆ।

ੳ) 1716 ਈ:    ਅ) 1718 ਈ:

ੲ) 1712 ਈ:    ਸ) 1710 ਈ:

ਪ੍ਰਸ਼ਨ 19. ਬਾਬਾ ਦੀਪ ਸਿੰਘ ਜੀ ਕਿੱਥੇ ਸ਼ਹੀਦ ਹੋਏ?

ੳ) ਤਰਨਤਾਰਨ    ਅ) ਕਰਤਾਰਪੁਰ

ੲ) ਆਨੰਦਪੁਰ ਸਾਹਿਬ    ਸ) ਹਰਿਮੰਦਰ ਸਾਹਿਬ

ਪ੍ਰਸ਼ਨ 20. ਭਾਈ ਮਨੀ ਸਿੰਘ ਜੀ ਕਿਥੋਂ ਦੇ ਮੁੱਖ ਗ੍ਰੰਥੀ ਸਨ?

ੳ) ਹਰਿਮੰਦਰ ਸਾਹਿਬ    ਅ) ਤਰਨਤਾਰਨ

ੲ) ਛੇਹਰਟਾ ਸਾਹਿਬ    ਸ) ਦਮਦਮਾ ਸਾਹਿਬ

ਪ੍ਰਸ਼ਨ 21. ਭਾਈ ਮਨੀ ਸਿੰਘ ਜੀ ਕਿਹੜੇ ਗੁਰੂ ਸਾਹਿਬਾਨ ਦੇ ਸਮੇਂ ਆਨੰਦਪੁਰ ਸਾਹਿਬ ਆਏ?

ੳ) ਗੁਰੂ ਗੋਬਿੰਦ ਸਿੰਘ ਜੀ    ਅ) ਗੁਰੂ ਹਰਿਰਾਇ ਸਾਹਿਬ ਜੀ

ੲ) ਗੁਰੂ ਤੇਗ਼ ਬਹਾਦਰ ਸਾਹਿਬ ਜੀ    ਸ) ਗੁਰੂ ਹਰਿਗੋਬਿੰਦ ਸਾਹਿਬ ਜੀ

ਪ੍ਰਸ਼ਨ 22. ਸੁਬੇਗ ਸਿੰਘ ਦੇ ਬੇਟੇ ਦਾ ਕੀ ਨਾਂ ਸੀ?

ੳ) ਸ਼ਾਹਬਾਜ਼ ਸਿੰਘ  ਅ) ਬਘੇਲ ਸਿੰਘ

ੲ) ਗਰਜਾ ਸਿੰਘ  ਸ) ਦਿਲਬਾਗ ਸਿੰਘ

ਪ੍ਰਸ਼ਨ 23. ਮਨੀ ਸਿੰਘ ਜੀ ਦੇ ਸਮੇਂ ਕਿਸ ਮੁਗ਼ਲ ਸ਼ਾਸਕ ਦਾ ਰਾਜ ਸੀ?

ੳ) ਜ਼ਕਰੀਆ ਖਾਨ  ਅ) ਸ਼ਾਹ ਆਲਮ ਦੂਜਾ

ੲ) ਫ਼ਰੁਖਸੀਅਰ  ਸ) ਬਹਾਦਰ ਸ਼ਾਹ

ਪ੍ਰਸ਼ਨ 24. ਭਾਈ ਮਨੀ ਸਿੰਘ ਜੀ ਨੇ ਸਿੱਖਾਂ ਨੂੰ ਕਿਸ ਦਿਨ ਇੱਕਠੇ ਹੋਣ ਲਈ ਕਿਹਾ?

ੳ) ਵਿਸਾਖੀ  ਅ) ਦੀਵਾਲੀ

ੲ) ਲੋਹੜੀ  ਸ) ਬਸੰਤ

ਪ੍ਰਸ਼ਨ 25. ਸਿੱਖ ਇਤਿਹਾਸ ਵਿੱਚ ਸੁਬੇਗ ਸਿੰਘ ਜੀ ਨੂੰ ਕਿਸ ਨਾਂ ਨਾਲ ਪੁਕਾਰਿਆ ਜਾਂਦਾ ਹੈ?

ੳ) ਕੌੜਾ ਮੱਲ  ਅ) ਮਿੱਠਾ ਮੱਲ

ੲ) ਵਕੀਲ  ਸ) ਉਪਰੋਕਤ ਕੋਈ ਨਹੀਂ

ਪ੍ਰਸ਼ਨ 26. ਸੁਬੇਗ ਸਿੰਘ ਕਿੱਥੇ ਨੌਕਰੀ ਕਰਦਾ ਸੀ ?

ੳ) ਰਣਜੀਤ ਸਿੰਘ ਦੇ ਦਰਬਾਰ ਵਿਚ  ਅ) ਮੁਗ਼ਲ ਸਲਤਨਤ ਵਿਚ

ੲ) ਅੰਗਰੇਜ਼ੀ ਦਰਬਾਰ ਵਿਚ  ਸ) ਉਪਰੋਕਤ ਕੋਈ ਨਹੀਂ

**ਉੱਤਰ:-** 1. (ਅ), 2. (ੲ), 3. (ਅ), 4. (ਸ), 5. (ੲ), 6. (ਅ), 7. (ਸ) 8.(ੳ), 9. (ਅ), 10. (ੲ), 11. (ਸ), 12. (ਅ), 13. (ਅ), 14. (ੳ), 15. (ੲ), 16.(ਸ), 17. (ੳ), 18. (ੳ), 19. (ਸ), 20. (ੳ), 21. (ੲ), 22. (ੳ), 23. (ੳ), 24.(ਅ), 25.(ੲ), 26. (ਅ),

# ਅਧਿਆਇ-ਚੌਥਾ

## ਪ੍ਰਮੁੱਖ ਸਿੱਖ ਬੀਬੀਆਂ

# ਬੇਬੇ ਨਾਨਕੀ ਜੀ



ਮਹਾਂਕਵੀ ਭਾਈ ਸਤੋਖ ਸਿੰਘ ਜੀ ਸ੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਲਿਖਦੇ ਹਨ, ਕਿ ਮਾਤਾ ਤ੍ਰਿਪਤਾ ਜੀ ਅਤੇ ਮਹਿਤਾ ਕਾਲੂ ਜੀ ਨੇ ਕਾਫ਼ੀ ਲੰਮੇਂ ਸਮੇਂ ਤੱਕ ਤਪ ਕੀਤਾ ਤੇ ਦੋਨਾਂ ਪਤੀ-ਪਤਨੀ ਦਾ ਕਾਫ਼ੀ ਸਮਾਂ ਇਵੇਂ ਹੀ ਪ੍ਰਭੂ ਦੇ ਚਰਨ-ਕਮਲਾਂ ਦੀ ਪ੍ਰੀਤ ਵਿਚ ਬਤੀਤ ਹੋਇਆ। ਪਰਮਾਤਮਾ ਦੀ ਭਗਤੀ ਦੀ ਕ੍ਰਿਪਾ ਨਾਲ ਆਪ ਜੀ ਦੇ ਘਰ ਦੋ ਬੱਚਿਆਂ ਨੇ ਜਨਮ ਲਿਆ। ਪਹਿਲਾਂ ਆਪ ਜੀ ਦੇ ਘਰ ਪੁੱਤਰੀ ਦਾ ਜਨਮ ਹੋਇਆ ਜਿਸ ਦਾ ਨਾਮ ਨਾਨਕੀ ਰੱਖਿਆ ਗਿਆ। ਸਿੱਖ ਧਰਮ ਵਿਚ ਆਪ ਜੀ ਨੂੰ ਸਤਿਕਾਰ ਨਾਲ ਬੇਬੇ ਨਾਨਕੀ ਜੀ ਸੱਦਿਆ ਜਾਂਦਾ ਹੈ। ਬੇਬੇ ਨਾਨਕੀ ਜੀ ਨੂੰ ਸਿੱਖ ਧਰਮ ਦੇ ਪਹਿਲੇ ਸਿੱਖ ਹੋਣ ਦਾ ਦਰਜਾ ਵੀ ਪ੍ਰਾਪਤ ਹੈ। ਆਪ ਜੀ ਦਾ ਜਨਮ 1464 ਈ. ਨੂੰ ਪਿੰਡ ਚਹਿਲ ਵਿਖੇ ਹੋਇਆ।

ਭਾਵੇਂ ਕਿ ਬੇਬੇ ਨਾਨਕੀ ਜੀ ਗੁਰੂ ਨਾਨਕ ਦੇਵ ਜੀ ਤੋਂ ਪੰਜ ਸਾਲ ਵੱਡੇ ਸਨ ਪਰ ਉਹ ਸਦਾ ਹੀ ਗੁਰੂ ਨਾਨਕ ਦੇਵ ਜੀ ਨੂੰ ਵੱਡਾ ਸਮਝ ਕੇ ਪਿਆਰ ਤੇ ਸਤਿਕਾਰ ਦਿੰਦੇ ਸਨ। ਜੇਕਰ ਭੈਣ-ਭਰਾ ਦੇ ਪਿਆਰ ਦੀ ਮਿਸਾਲ ਦੇਖਣੀ ਹੋਵੇ ਤਾਂ ਗੁਰੂ ਨਾਨਕ ਦੇਵ ਜੀ ਤੇ ਬੇਬੇ ਨਾਨਕੀ ਜੀ ਦੇ ਪਿਆਰ ਤੋਂ ਵੱਡੀ ਮਿਸਾਲ ਨਹੀਂ ਮਿਲਦੀ। ਬੇਬੇ ਨਾਨਕੀ ਦਾ ਆਪਣੇ ਛੋਟੇ ਵੀਰ ਨਾਲ ਬਹੁਤ ਸਨੇਹ ਸੀ, ਉਹ ਉਸ ਦਾ ਬਹੁਤ ਖਿਆਲ ਰੱਖਦੀ ਸੀ ਕਿ ਕਿਤੇ ਉਸਨੂੰ ਕੋਈ ਤਕਲੀਫ਼ ਨਾ ਹੋਵੇ। ਬਾਲਕ ਨਾਨਕ ਵੀ ਆਪਣੀ ਭੈਣ ਦੀ ਸੰਗਤ ਵਿਚ ਬਹੁਤ ਖੁਸ਼ ਰਹਿੰਦੇ ਸਨ।ਗੁਰੂ ਸਾਹਿਬ ਨੂੰ ਪਹਿਲਾਂ ਪਾਂਧੇ ਕੋਲ ਤੇ ਫਿਰ ਮੌਲਵੀ ਕੋਲ ਪੜ੍ਹਨ ਪਾਇਆ ਗਿਆ।ਮੱਝਾਂ-ਗਾਈਆਂ ਚਰਾਣ ਲਈ ਬਾਹਰ ਭੇਜਿਆ ਗਿਆ, ਵਪਾਰ ਕਰਨ ਲਈ ਪਿਤਾ ਨੇ 20 ਰੁਪਏ ਦੇ ਕੇ ਲਾਹੌਰ ਭੇਜਿਆ

ਪਰ ਹਰ ਵਾਰ ਬਾਲਕ ਨਾਨਕ ਕੁੱਝ ਅਜਿਹਾ ਕਰਕੇ ਆ ਜਾਂਦੇ ਕਿ ਜਿਸ ਦੀ ਸਧਾਰਨ ਦ੍ਰਿਸ਼ਟੀ ਰੱਖਣ ਵਾਲੇ ਨੂੰ ਸਮਝ ਨਹੀਂ ਸੀ ਪੈ ਸਕਦੀ। ਗੁਰੂ ਨਾਨਕ ਦੇ ਹਰ ਕਾਰਜ ਪਿੱਛੇ ਉਨ੍ਹਾਂ ਦੀ ਭੈਣ ਨਾਨਕੀ ਉਸ ਨਿਰੰਕਾਰ ਦਾ ਰੂਪ ਵੇਖ ਰਹੀ ਸੀ। ਜਿਸ ਬਾਰੇ ਉਹ ਕਈ ਵਾਰ ਮਾਤਾ ਤ੍ਰਿਪਤਾ ਅਤੇ ਪਿਤਾ ਕਾਲੂ ਨੂੰ ਕਹਿ ਚੁੱਕੀ ਸੀ ਕਿ ਤੁਸੀਂ ਨਾਨਕ ਨੂੰ ਨਿਰਾ ਪੁੱਤਰ ਕਰਕੇ ਨਾ ਜਾਣੋ। ਨਾਨਕ ਇਸ ਜਗਤ ਦਾ ਜੀਵ ਨਹੀਂ, ਇਹ ਫ਼ਕੀਰ ਹੈ। ਗੁਰੂ ਨਾਨਕ ਦੇਵ ਜੀ ਨੂੰ ਨਿਰੰਕਾਰ ਦੇ ਰੂਪ ਵਿਚ ਪਛਾਣਨ ਵਾਲੀ ਅਤੇ ਗੁਰੂ ਨਾਨਕ ਦਾ ਧਰਮ ਧਾਰਨ ਕਰਨ ਵਾਲੀ ਪਹਿਲੀ ਸੁਭਾਗੀ ਨਾਰੀ (ਅਰਥਾਤ ਪਹਿਲਾ ਸੁਭਾਗਾ ਜੀਵ) ਬੇਬੇ ਨਾਨਕੀ ਸੀ।

ਮਹਾਨ ਕੋਸ਼ ਅਨੁਸਾਰ ਆਪ ਜੀ ਦਾ ਵਿਆਹ ਸੰਨ 1475 ਈ. ਵਿਚ ਜੈ ਰਾਮ ਪਲਟਾ, ਪਰਮਾਨੰਦ ਪਲਟੇ ਦਾ ਪੁੱਤਰ, ਦੌਲਤ ਖਾਂ ਲੋਧੀ ਦੇ ਦਰਬਾਰੀ ਕਰਮਚਾਰੀ ਨਾਲ ਹੋਇਆ। ਵਿਆਹ ਉਪਰੰਤ ਆਪ ਨੇ ਆਪਣਾ ਅਗਲਾ ਜੀਵਨ ਸਾਰਾ ਸੁਲਤਾਨਪੁਰ ਲੋਧੀ ਹੀ ਬਤੀਤ ਕੀਤਾ। ਇੱਥੇ ਹੀ ਆਪ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਵੀ ਬੁਲਾ ਲਿਆ ਤੇ ਭਾਈ ਜੈ ਰਾਮ ਜੀ ਨੇ ਗੁਰੂ ਜੀ ਨੂੰ ਨਵਾਬ ਦੌਲਤ ਖਾਂ ਲੋਧੀ ਦੇ ਮੋਦੀਖ਼ਾਨੇ ਵਿਚ ਮੋਦੀ ਲਵਾ ਦਿੱਤਾ। ਕਾਫ਼ੀ ਸਮਾਂ ਗੁਰੂ ਜੀ ਇੱਥੇ ਮੋਦੀਖ਼ਾਨੇ ਵਿਚ ਨੌਕਰੀ ਕਰਦੇ ਰਹੇ। ਇੱਕ ਵਾਰ ਸ਼ਿਕਾਇਤ ਹੋਈ ਕਿ ਗੁਰੂ ਜੀ "ਤੇਰਾ-ਤੇਰਾ" ਕਹਿ ਕੇ ਸਾਰਾ ਮੋਦੀਖ਼ਾਨਾ ਲੁਟਾ ਰਹੇ ਹਨ। ਜਦ ਨਵਾਬ ਨੇ ਮੋਦੀਖ਼ਾਨੇ ਦੀ ਪੜਤਾਲ ਕੀਤੀ ਤਾਂ ਸਾਰਾ ਸਮਾਨ ਘੱਟ ਹੋਣ ਦੀ ਜਗ੍ਹਾ ਸਗੋਂ ਵੱਧ ਨਿਕਲਿਆ। ਕਿਉਂਕਿ ਗ਼ਰੀਬਾਂ-ਲੋੜਵੰਦਾਂ ਵਿਚ ਵੰਡਣ ਨਾਲ ਘਾਟਾ ਨਹੀਂ ਸਗੋਂ ਬਰਕਤ ਪੈਂਦੀ ਹੈ। ਇੱਥੇ ਹੀ ਸੁਲਤਾਨਪੁਰ ਵਿਖੇ ਬੇਬੇ ਨਾਨਕੀ ਜੀ ਨੇ ਗੁਰੂ ਨਾਨਕ ਦੇਵ ਜੀ ਦਾ ਰਿਸ਼ਤਾ ਸੁਲੱਖਣੀ ਜੀ ਨਾਲ ਕਰਵਾਇਆ। ਬੀਬੀ ਸੁਲੱਖਣੀ ਜੀ ਜੋ ਕਿ ਮੂਲ ਚੰਦ ਦੀ ਸਪੁੱਤਰੀ ਤੇ ਬਟਾਲੇ ਦੇ ਨਿਵਾਸੀ ਸਨ। ਗੁਰੂ ਜੀ ਘਰ ਦੋ ਪੁੱਤਰ ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲਖਮੀ ਦਾਸ ਜੀ ਨੇ ਜਨਮ ਲਿਆ। ਬੇਬੇ ਨਾਨਕੀ ਜੀ ਆਪਣੀ ਭਾਬੀ ਤੇ ਉਨ੍ਹਾਂ ਦੇ ਦੋਨਾਂ ਪੁੱਤਰਾਂ ਨੂੰ ਬਹੁਤ ਪਿਆਰ ਕਰਦੇ ਸਨ। ਜਿਸ ਸਮੇਂ ਗੁਰੂ ਜੀ ਧਰਮ ਪ੍ਰਚਾਰ ਦੀ ਖ਼ਾਤਿਰ ਵੱਖ-ਵੱਖ ਦੇਸਾਂ ਵਿਚ ਗਏ ਤਾਂ ਪਿੱਛੋਂ ਬੀਬੀ ਸੁਲੱਖਣੀ ਤੇ ਪੁੱਤਰਾਂ ਨੂੰ ਬੀਬੀ ਨਾਨਕੀ ਜੀ ਨੇ ਆਪਣੇ ਕੋਲ ਹੀ ਰੱਖ ਲਿਆ ਤੇ ਕਦੇ ਵੀ ਕਿਸੇ ਕਿਸਮ ਦੀ ਤੋਟ ਨਹੀਂ ਆਉਣ ਦਿੱਤੀ। ਬੇਬੇ ਨਾਨਕੀ ਜੀ ਵਿਚ ਸੂਝਵਾਨ, ਗੁਣਵਾਨ ਇਸਤਰੀ ਵਾਲੇ ਗੁਣ ਮਾਤਾ ਤ੍ਰਿਪਤਾ ਜੀ ਤੋਂ ਪ੍ਰਾਪਤ ਹੋਏ। ਮਹਾਨ ਜੀਵਨ ਵਾਲੇ ਬੇਬੇ ਨਾਨਕੀ ਜੀ ਦੇ ਜੀਵਨ ਤੋਂ ਸਾਨੂੰ ਅੱਜ ਦੇ ਸਮੇਂ ਵੀ ਆਦਰਸ਼ਕ ਸੇਧ ਤੇ ਰਿਸ਼ਤਿਆਂ ਨੂੰ ਨਿਭਾਉਣ ਦਾ ਮਹਾਨ ਗੁਰ ਵੀ ਮਿਲਦਾ ਹੈ।



ਸਿੱਖ ਧਰਮ ਦੇ ਵਿਚ ਜਦੋਂ ਸਿੱਖ ਇਸਤਰੀਆਂ ਦੇ ਇਤਿਹਾਸ ਦਾ ਵਰਨਣ ਕੀਤਾ ਜਾਂਦਾ ਹੈ ਤਾਂ ਉਸ ਇਤਿਹਾਸ ਵਿਚ ਮਾਤਾ ਖੀਵੀ ਜੀ ਦਾ ਨਾਮ ਪੂਰਨ ਸਤਿਕਾਰ ਨਾਲ ਲਿਆ ਜਾਂਦਾ ਹੈ। ਮਾਤਾ ਖੀਵੀ ਜੀ ਦੂਸਰੇ ਗੁਰੂ, ਗੁਰੂ ਅੰਗਦ ਦੇਵ ਜੀ ਦੇ ਮਹਿਲ ਭਾਵ ਕਿ ਧਰਮ ਪਤਨੀ ਸਨ। ਗੁਰੂ ਮਹਿਲਾਂ ਦੇ ਵਿਚ ਇੱਕੋ ਇੱਕ ਮਹਿਲ ਮਾਤਾ ਖੀਵੀ ਜੀ ਹਨ ਜਿਨ੍ਹਾਂ ਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸੱਤੇ ਬਲਵੰਡ ਦੀ ਵਾਰ' ਦੇ ਵਿਚ ਮਿਲਦਾ ਹੈ। ਜਦੋਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਖਡੂਰ ਵਿਖੇ ਭੇਜਿਆ ਤਾਂ ਮਾਤਾ ਖੀਵੀ ਜੀ ਨੇ ਗੁਰੂ ਅੰਗਦ ਜੀ ਪਾਸੋਂ ਪੁੱਛਿਆ ਕਿ ਹੁਣ ਉਨ੍ਹਾਂ ਨੂੰ ਕੀ ਹੁਕਮ ਹੈ? ਤਾਂ ਬਖਸ਼ਿਸ ਦੇ ਘਰ ਵਿਚ ਆਏ ਗੁਰੂ ਅੰਗਦ ਦੇਵ ਜੀ ਨੇ ਫੁਰਮਾਇਆ ਸੀ, ਜਦੋਂ ਮੇਰੇ ਦਾਤੇ ਨੇ ਮੈਨੂੰ ਸ਼ਬਦ ਦੀ ਦੌਲਤ ਵੰਡਣ ਦੀ ਆਗਿਆ ਕੀਤੀ ਸੀ ਤਾਂ ਤੇਰੇ ਹਿੱਸੇ ਅੰਨ ਤੇ ਦੇਗ਼ ਦਾ ਕੜਛਾ ਆਇਆ ਸੀ, ਨਿਸੰਗ ਹੋ ਕੇ ਵਰਤਾ।

ਮਾਤਾ ਖੀਵੀ ਜੀ ਦਾ ਜਨਮ 1506 ਈ: ਨੂੰ ਪਿੰਡ ਸੰਘਰ ਜ਼ਿਲ੍ਹਾ ਤਰਨਤਾਰਨ ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਭਾਈ ਦੇਵੀ ਚੰਦ ਅਤੇ ਮਾਤਾ ਦਾ ਨਾਮ ਮਾਤਾ ਕਰਮ ਦੇਵੀ ਸੀ। ਆਪ ਜੀ ਦਾ ਵਿਆਹ ਗੁਰੂ ਅੰਗਦ ਦੇਵ ਜੀ ਨਾਲ 1519 ਈ: ਵਿਚ ਹੋਇਆ। ਗੁਰੂ ਜੀ ਵੱਲੋਂ ਮਾਤਾ ਖੀਵੀ ਜੀ ਨੂੰ ਲੰਗਰ ਦਾ ਮੁਖੀਆ ਥਾਪਿਆ ਗਿਆ। ਗੁਰੂ ਜੀ ਵੱਲੋਂ ਬਖ਼ਸ਼ੀ ਹੋਈ ਇਸ ਸੇਵਾ ਨੂੰ ਸਾਰੀ ਉਮਰ ਮਾਤਾ ਖੀਵੀ ਜੀ ਨੇ ਬਾਖੂਬੀ ਨਿਭਾਇਆ। ਲੰਗਰ ਦੇ ਵਿਚ ਕਿਸੇ ਕਿਸਮ ਦੀ ਤੋਟ ਨਹੀਂ ਆਉਣ ਦਿੱਤੀ। ਪੂਰੀ ਨਿਯਮਾਵਲੀ ਤਹਿਤ ਲੰਗਰ ਦਾ ਸਾਰਾ ਕਾਰਜ ਸੰਭਾਲਿਆ ਤੇ ਸਾਰੀ ਉਮਰ ਗੁਰੂ ਦੀ ਬਖਸ਼ਿਸ਼ ਸਦਕਾ ਲੰਗਰ ਵਿਚ ਹੀ ਸੇਵਾ ਕਰਦੇ ਰਹੇ। ਇਸ ਵੱਡੇ ਕੰਮ ਨੂੰ ਸੰਭਾਲਦਿਆਂ ਹੋਇਆਂ ਨਾਲ-ਨਾਲ ਆਪ ਜੋ ਪਰਿਵਾਰਕ ਜ਼ਿੰਮੇਵਾਰੀਆਂ ਸਨ ਉਨ੍ਹਾਂ ਜ਼ਿੰਮੇਵਾਰੀਆਂ ਨੂੰ ਵੀ ਆਪ ਬੜੀ ਚੰਗੀ ਤਰ੍ਹਾਂ ਨਿਭਾ ਰਹੇ ਸਨ। ਆਪ ਜੀ ਦੇ ਘਰ ਦੋ ਪੁੱਤਰ ਤੇ ਦੋ ਪੁੱਤਰੀਆਂ ਨੇ ਜਨਮ ਲਿਆ। ਪੁੱਤਰ ਸਨ

ਦਾਸੂ ਜੀ ਅਤੇ ਦਾਤੂ ਜੀ ਤੇ ਪੁੱਤਰੀਆਂ ਸਨ ਬੀਬੀ ਅਮਰੋ ਤੇ ਬੀਬੀ ਅਨੋਖੀ ਜੀ।

ਮਾਤਾ ਖੀਵੀ ਜੀ ਨੇ ਜੀਵਨ ਭਰ ਇਕ ਵਿਲੱਖਣ ਇਤਿਹਾਸਿਕ ਭੂਮਿਕਾ ਨਿਭਾਈ। ਮਾਤਾ ਜੀ ਨੇ ਗੁਰੂ ਦਰਬਾਰ ਦੇ ਰੱਖ-ਰਖਾਵ, ਸੰਗਤਾਂ ਦੀ ਸੇਵਾ, ਲੰਗਰ ਆਦਿ ਦਾ ਸਮੁੱਚਾ ਪ੍ਰਬੰਧ ਮਾਤਾ ਜੀ ਨੇ ਬੇਮਿਸਾਲ ਸਫ਼ਲਤਾ ਨਾਲ ਨਿਭਾਇਆ। ਮਾਤਾ ਜੀ ਨੇ ਆਪਣੇ ਗੁਰੂ ਪਤੀ ਪ੍ਰਤੀ ਅਥਾਹ ਸੇਵਾ ਭਾਵ ਪ੍ਰਗਟ ਕੀਤਾ ਤੇ ਜਦੋਂ ਗੁਰੂ ਅੰਗਦ ਦੇਵ ਜੀ ਨੇ ਗੁਰਗੱਦੀ ਗੁਰੂ ਅਮਰਦਾਸ ਜੀ ਨੂੰ ਸੌਂਪੀ ਤਾਂ ਮਾਤਾ ਜੀ ਨੇ ਹਰ ਹੀਲਾ ਵਰਤ ਕੇ ਪੁੱਤਰਾਂ ਨੂੰ ਤੀਸਰੇ ਗੁਰੂ ਨਾਨਕ ਦੇ ਚਰਨੀਂ ਲਾ ਕੇ ਸਿੱਖ-ਪਰੰਪਰਾਵਾਂ ਵਿਚ ਇਕ ਨਵੀਂ ਮਿਸਾਲ ਕਾਇਮ ਕੀਤੀ। ਅੰਤ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਇਹ ਇਕ ਪੰਕਤੀ 'ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ' ਕਿਸੇ ਗੁਰੂ-ਮਹੱਲ ਦੇ ਵਿਅੱਕਤਿਤਵ ਦੀ ਉੱਚਤਮ ਸਿਖ਼ਰ ਦੀ ਪ੍ਰਤੀਕ ਹੈ।

## ਬੀਬੀ ਭਾਨੀ ਜੀ



ਪ੍ਰਭੂ ਭਗਤੀ ਵਿਚ ਲੀਨ, ਸ਼ਾਂਤ ਸੁਭਾਅ ਭਾਣੇ ਵਿਚ ਚੱਲਣ ਵਾਲੇ ਬੀਬੀ ਭਾਨੀ ਜੀ ਗੁਰੂ ਅਮਰਦਾਸ ਜੀ ਦੀ ਸਪੁੱਤਰੀ, ਗੁਰੂ ਰਾਮਦਾਸ ਜੀ ਦੀ ਸੁਪਤਨੀ, ਗੁਰੂ ਅਰਜਨ ਦੇਵ ਜੀ ਦੇ ਮਾਤਾ ਅਤੇ ਛੇਵੇਂ ਪਾਤਸ਼ਾਹ ਜੀ ਦੇ ਦਾਦੀ ਜੀ ਸਨ। ਬੀਬੀ ਭਾਨੀ ਜੀ ਦਾ ਜਨਮ ਪਿਤਾ ਗੁਰੂ ਅਮਰਦਾਸ ਜੀ ਅਤੇ ਮਾਤਾ ਮਨਸਾ ਦੇਵੀ ਦੇ ਗ੍ਰਹਿ ਵਿਖੇ ਬਾਸਰਕੇ ਗਿੱਲਾਂ ਨਾਮ ਦੇ ਸਥਾਨ 'ਤੇ ਹੋਇਆ। ਬੀਬੀ ਭਾਨੀ ਜੀ ਸਾਰੇ ਭੈਣ ਭਰਾਵਾਂ ਵਿਚੋਂ ਸਭ ਤੋਂ ਛੋਟੇ ਸਨ।

ਬਚਪਨ ਤੋਂ ਹੀ ਆਪ ਨਿਮਰਤਾ ਅਤੇ ਧੀਰਜ ਵਾਲੇ ਸਨ। ਬਹੁਤ ਸਮਾਂ ਆਪ ਗੁਰੂ ਪਿਤਾ ਜੀ ਦੀ ਸੇਵਾ ਵਿਚ ਹੀ ਗੁਜ਼ਾਰਦੇ ਸਨ। ਆਪ ਜੀ ਘਰ ਦੇ ਖੂਹ ਤੋਂ ਪਾਣੀ ਭਰ ਕੇ ਗੁਰੂ ਜੀ ਨੂੰ ਇਸ਼ਨਾਨ ਕਰਾਉਣਾ ਤੇ ਫਿਰ ਜਦੋਂ ਉਹ ਸਿਮਰਨ ਵਿਚ ਜੁੜ ਜਾਂਦੇ ਸਨ ਤਾਂ ਇਸ ਗੱਲ ਦਾ ਧਿਆਨ ਰੱਖਣਾ ਕਿ ਉਨ੍ਹਾਂ ਦੀ ਸਮਾਧੀ ਵਿਚ ਕਿਸੇ ਤਰ੍ਹਾਂ ਦਾ ਵਿਘਨ ਨਾ ਪਵੇ। ਉਨ੍ਹਾਂ ਗੁਰੂ ਪਿਤਾ ਨੂੰ ਪਿਤਾ ਰੂਪ ਨਹੀਂ ਸਗੋਂ ਪਾਰਬ੍ਰਹਮ ਦੇ ਰੂਪ ਵਿਚ ਵੇਖਿਆ ਤੇ ਸੇਵਾ ਕੀਤੀ।

ਬੀਬੀ ਭਾਨੀ ਜੀ ਸੱਚੀ ਸ਼ਰਧਾ ਅਤੇ ਤਿਆਗ ਵਾਲੇ ਸਨ। 'ਮਹਾਨ ਕੋਸ਼'

ਵਿਚ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ, ਉਹ ਪਿਤਾ ਦੀ ਸੇਵਾ ਕਰਨ ਅਤੇ ਸਿੱਖੀ ਦੇ ਨਿਯਮਾਂ ਦੀ ਪਾਲਣਾ ਕਰਨ ਵਿਚ ਅਦੁੱਤੀ ਸਨ। ਇਸੇ ਤਰ੍ਹਾਂ ਦੀ ਸੇਵਾ ਭਾਈ ਜੇਠਾ ਜੀ (ਜੋ ਅੱਗੇ ਚੱਲ ਕੇ ਗੁਰੂ ਰਾਮਦਾਸ ਦੇ ਰੂਪ ਵਿਚ ਪ੍ਰਗਟ ਹੋਏ।) ਨੇ ਗੁਰੂ ਅਮਰਦਾਸ ਜੀ ਦੀ ਸੇਵਾ ਕੀਤੀ ਸੀ।

ਗੁਰੂ ਅਮਰਦਾਸ ਜੀ ਨੇ ਜਦੋਂ ਬਿਆਸ ਨਦੀ ਦੇ ਕੰਢੇ ਗੋਇੰਦਵਾਲ ਨਗਰ ਵਸਾਇਆ ਤਾਂ ਗੁਰੂ ਸਾਹਿਬ ਦਾ ਸਾਰਾ ਪਰਿਵਾਰ ਗੋਇੰਦਵਾਲ ਵਿਖੇ ਆ ਗਿਆ। ਹੌਲੀ-ਹੌਲੀ ਇਹ ਨਗਰ ਪੂਰਨ ਰੂਪ ਵਿਚ ਆਬਾਦ ਹੋ ਗਿਆ।

1602 ਈ: ਵਿਚ ਬੀਬੀ ਜੀ ਦਾ ਵਿਆਹ ਰਾਮਦਾਸ ਜੀ (ਜੇਠਾ ਜੀ) ਨਾਲ ਹੋਇਆ। ਬੀਬੀ ਭਾਨੀ ਅਤੇ ਰਾਮਦਾਸ ਜੀ ਦੇ ਘਰ ਤਿੰਨ ਪੁੱਤਰਾਂ ਨੇ ਜਨਮ ਲਿਆ। ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ ਦੇਵ ਜੀ।

ਗੁਰਮਤਿ ਕਾਰਜਾਂ ਵਿੱਚ ਜਦੋਂ ਅਸੀਂ ਬੀਬੀ ਭਾਨੀ ਜੀ ਦੀ ਸੇਵਾ ਨੂੰ ਵੇਖਦੇ ਹਾਂ ਤਾਂ ਮਿਲਦੀ ਜਾਣਕਾਰੀ ਅਨੁਸਾਰ ਸਾਰੀਆਂ ਸੇਵਾਵਾਂ ਜਿਵੇਂ ਕਿ ਗੁਰਬਾਣੀ ਸੰਕਲਣ, ਅੰਮ੍ਰਿਤ ਸਰੋਵਰ ਦਾ ਪੱਕਾ ਹੋਣਾ, ਰਾਮਸਰ, ਸੰਤੋਖਸਰ ਅਤੇ ਤਰਨਤਾਰਨ ਆਦਿ ਸਰੋਵਰਾਂ ਦੇ ਨਿਰਮਾਣ ਅਤੇ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦੇ ਕਾਰਜ ਕਿਸੇ ਨਾ ਕਿਸੇ ਰੂਪ ਵਿਚ ਬੀਬੀ ਭਾਨੀ ਜੀ ਦੀਆਂ ਸੇਵਾਵਾਂ ਨਾਲ ਜੁੜੇ ਹੋਏ ਹਨ। ਇਹੋ ਜਿਹੀਆਂ ਬੀਬੀਆਂ ਹੀ ਸਮਾਜ ਦੀ ਦਿਸ਼ਾ ਅਤੇ ਇਤਿਹਾਸ ਦਾ ਪ੍ਰਵਾਹ ਬਦਲ ਕੇ ਰੱਖ ਦਿੰਦੀਆਂ ਹਨ। ਸਾਨੂੰ ਬੀਬੀ ਭਾਨੀ ਦੇ ਜੀਵਨ ਅਤੇ ਸਿੱਖਿਆਵਾਂ ਤੋਂ ਅਗਵਾਈ ਲੈਣ ਦੀ ਲੋੜ ਹੈ।

## ਮਾਤਾ ਗੁਜਰੀ ਜੀ



ਮਾਤਾ ਗੁਜਰੀ ਜੀ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਸੁਪਤਨੀ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਸਨ। ਮਾਤਾ ਗੁਜਰੀ ਜੀ ਦਾ ਜੀਵਨ ਤਿਆਗ, ਸਿਦਕ ਤੇ ਕੁਰਬਾਨੀ ਵਾਲਾ ਸੀ। ਮਾਤਾ ਗੁਜਰੀ ਜੀ ਦਾ ਜਨਮ 1624 ਈ. ਵਿਚ ਕਰਤਾਰਪੁਰ, ਜ਼ਿਲ੍ਹਾ ਜਲੰਧਰ ਨਿਵਾਸੀ ਭਾਈ ਲਾਲ ਚੰਦ ਖੱਤਰੀ ਅਤੇ ਮਾਤਾ ਬਿਸ਼ਨ ਕੌਰ ਦੇ ਘਰ ਹੋਇਆ। ਆਪ ਦਾ ਪੇਕਾ ਪਰਿਵਾਰ

ਲਖਨੌਰ (ਜ਼ਿਲ੍ਹਾ ਅੰਬਾਲਾ) ਤੋਂ ਕਰਤਾਰਪੁਰ ਵਿਖੇ ਆ ਕੇ ਰਹਿਣ ਲੱਗਾ। ਕਰਤਾਰਪੁਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਸਾਇਆ ਹੋਇਆ ਨਗਰ ਸੀ। ਮਾਤਾ ਗੁਜਰੀ ਜੀ ਦਾ ਬਚਪਨ ਇੱਥੇ ਹੀ ਬੀਤਿਆ। ਮਾਤਾ ਜੀ ਦਾ ਪਰਿਵਾਰ ਧਾਰਮਿਕ ਰੰਗਣ ਵਾਲਾ ਸੀ। ਆਪ ਦੇ ਮਾਤਾ ਬਿਸ਼ਨ ਕੌਰ ਜੀ ਨੇਕ, ਮਿੱਠੇ ਸੁਭਾਅ ਵਾਲੇ ਸਨ। ਗੁਜਰੀ ਜੀ ਨੇ ਇਨ੍ਹਾਂ ਗੁਣਾਂ ਨੂੰ ਆਪਣੇ ਮਾਤਾ ਜੀ ਤੋਂ ਗ੍ਰਹਿਣ ਕੀਤਾ ਸੀ। ਆਪ ਦਾ ਵਿਆਹ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਸਪੁੱਤਰ ਤੇਗ ਬਹਾਦਰ ਜੀ ਨਾਲ 1633 ਈ. ਨੂੰ ਹੋਇਆ। ਮਾਤਾ ਗੁਜਰੀ ਜੀ ਨੇ ਆਪਣੇ ਸਪੁੱਤਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਨਿਰਭੈ ਹੋਣ ਦੀ ਸਿੱਖਿਆ ਦਿੱਤੀ ਸੀ, ਇਹੀ ਸਿੱਖਿਆ ਉਨ੍ਹਾਂ ਆਪਣੇ ਪੋਤਰਿਆਂ ਨੂੰ ਵੀ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਨੇ ਸਭ ਤੋਂ ਪਹਿਲੀ ਜੰਗ ਭੰਗਾਣੀ ਵਿਖੇ ਲੜੀ, ਜਿਸ ਵਿਚ ਉਨ੍ਹਾਂ ਨੂੰ ਜਿੱਤ ਪ੍ਰਾਪਤ ਹੋਈ। ਇਸੇ ਸਮੇਂ ਉਨ੍ਹਾਂ ਦੇ ਸਭ ਤੋਂ ਵੱਡੇ ਸਪੁੱਤਰ ਦਾ ਜਨਮ ਹੋਇਆ ਤੇ ਗੁਰੂ ਸਾਹਿਬ ਨੇ ਉਸ ਦਾ ਨਾਂ 'ਅਜੀਤ' ਰੱਖਿਆ। ਮਾਤਾ ਗੁਜਰੀ ਜੀ ਸਿੱਖੀ ਸਿਧਾਂਤਾਂ ਵਿਚ ਪਰਿਪੱਕ, ਅਡੋਲ, ਸ਼ਾਂਤ-ਚਿਤ ਗੁਰਬਾਣੀ ਵਿਚ ਰੰਗੇ ਰਹਿੰਦੇ ਸਨ। ਬਾਬਾ ਅਜੀਤ ਸਿੰਘ ਜੀ ਦੇ ਜਨਮ ਮਗਰੋਂ ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਦਾ ਜਨਮ ਅਨੰਦਪੁਰ ਸਾਹਿਬ ਵਿਖੇ ਹੋਇਆ। ਦੁਸ਼ਮਣਾਂ ਨੇ ਅਨੰਦਪੁਰ ਸਾਹਿਬ 'ਤੇ ਹਮਲਾ ਕਰ ਦਿੱਤਾ ਤੇ ਕਿਲ੍ਹੇ ਨੂੰ ਘੇਰ ਲਿਆ। ਪੰਜਾਂ ਪਿਆਰਿਆਂ ਦੇ ਕਹਿਣ 'ਤੇ ਗੁਰੂ ਜੀ ਨੇ ਕਿਲ੍ਹਾ ਛੱਡ ਦਿੱਤਾ ਪਰ ਮੁਗ਼ਲ ਫ਼ੌਜ ਅਤੇ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਦੀਆਂ ਫ਼ੌਜਾਂ 'ਤੇ ਹਮਲਾ ਕਰ ਦਿੱਤਾ। ਉਸ ਸਮੇਂ ਸਰਸਾ ਨਦੀ ਵਿਚ ਹੜ੍ਹ ਆਇਆ ਹੋਇਆ ਸੀ। ਗੁਰੂ ਜੀ ਦਾ ਸਾਰਾ ਪਰਿਵਾਰ ਵਿੱਛੜ ਗਿਆ। ਮਾਤਾ ਜੀ ਨੇ ਗੰਗੂ ਨੂੰ ਮੁਹਰਾਂ ਚੋਰੀ ਕਰਦੇ ਹੋਏ ਵੇਖ ਲਿਆ ਸੀ, ਜਦੋਂ ਮਾਤਾ ਗੁਜਰੀ ਜੀ ਨੇ ਇਸ ਬਾਰੇ ਗੰਗੂ ਨੂੰ ਕਿਹਾ ਤਾਂ ਉਸ ਨੇ ਮਾਤਾ ਜੀ ਨੂੰ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਮਾਤਾ ਜੀ ਨੇ ਹਰ ਸਮੇਂ ਛੋਟੇ ਬਾਲਾਂ ਨੂੰ ਧਰਮ ਵਿਚ ਦ੍ਰਿੜ ਰਹਿਣ ਦੀ ਸਿੱਖਿਆ ਦਿੱਤੀ। ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਫ਼ਤਹਿ ਸਿੰਘ ਜੋ ਉਸ ਸਮੇਂ ਕੇਵਲ 7 ਸਾਲ ਤੇ 9 ਸਾਲ ਦੇ ਸਨ। ਤਿੰਨ ਦਿਨਾਂ ਤੱਕ ਹਰ ਰੋਜ਼ ਸਾਹਿਬਜ਼ਾਦਿਆਂ ਨੂੰ ਸੂਬੇਦਾਰ ਦੀ ਕਚਹਿਰੀ ਵਿਚ ਲਿਜਾਇਆ ਜਾਂਦਾ ਤੇ ਉਨ੍ਹਾਂ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਕਈ ਪ੍ਰਕਾਰ ਦੇ ਲਾਲਚ ਅਤੇ ਡਰਾਵੇ ਦਿੱਤੇ ਗਏ ਪਰ ਉਨ੍ਹਾਂ ਨੇ ਦਾਦੀ ਦੀ ਸਿੱਖਿਆ ਨੂੰ ਚੇਤੇ ਰੱਖਿਆ ਅਤੇ ਰਤਾ ਭਰ ਵੀ ਨਾ ਡੋਲੇ। ਅੰਤ ਵਿਚ ਨਿੱਕੇ-ਨਿੱਕੇ ਬਾਲਾਂ ਨੂੰ ਅਣ-ਮਨੁੱਖੀ ਤਰੀਕੇ ਨਾਲ ਸ਼ਹੀਦ ਕਰ ਦਿੱਤਾ। ਉਨ੍ਹਾਂ ਨੂੰ ਨੀਹਾਂ ਵਿਚ ਚਿਣਵਾਇਆ ਗਿਆ, ਫਿਰ ਸਿਰ ਕਲਮ ਕਰ ਦਿੱਤੇ ਗਏ। ਜਦੋਂ ਇਹ ਖ਼ਬਰ ਮਾਤਾ ਗੁਜਰ ਤੱਕ ਪਹੁੰਚੀ ਤਾਂ ਉਨ੍ਹਾਂ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਕਿ ਬੱਚਿਆਂ ਨੇ ਆਪਣੇ ਧਰਮ ਵਿਚ ਪੱਕਿਆਂ ਰਹਿ ਕੇ ਦੇਸ਼ ਅਤੇ ਕੌਮ ਲਈ ਕੁਰਬਾਨੀ ਕੀਤੀ ਹੈ। ਫਿਰ ਮਾਤਾ ਜੀ ਨੇ ਵੀ ਪ੍ਰਾਣ ਤਿਆਗ ਦਿੱਤੇ।

## ਮਾਤਾ ਸਾਹਿਬ ਕੌਰ ਜੀ



ਮਾਤਾ ਸਾਹਿਬ ਕੌਰ ਜੀ ਦਾ ਪਹਿਲਾ ਨਾਂ ਸਾਹਿਬ ਦੇਵਾਂ ਜੀ ਸੀ। 'ਮਹਾਨ ਕੋਸ਼' ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਨੇ ਆਪ ਜੀ ਦਾ ਵਰਨਣ ਇਸ ਤਰ੍ਹਾਂ ਕੀਤਾ ਹੈ:–'ਰੋਹਤਾਸ ਨਿਵਾਸੀ ਭਾਈ ਰਾਮੂ ਬਸੀ ਖਤ੍ਰੀ ਦੀ ਸਪੁੱਤ੍ਰੀ, ਜਿਸਦਾ ਅਨੰਦ 18 ਵੈਸਾਖ ਸੰਮਤ 1757 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਇਆ, ਕਲਗੀਧਰ ਨੇ ਇਸ ਦੀ ਗੋਦੀ ਪੰਥ ਖਾਲਸਾ ਪਾਇਆ ਹੈ, ਇਸੇ ਕਾਰਨ ਅੰਮ੍ਰਿਤ ਸੰਚਾਰ ਸਮੇਂ ਮਾਤਾ ਸਾਹਿਬ ਕੌਰ ਅਤੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਪਦੇਸ਼ ਕੀਤੇ ਜਾਂਦੇ ਹਨ। ਅਬਚਲ ਨਗਰ ਪਹੁੰਚ ਕੇ ਦਸ਼ਮੇਸ਼ ਨੇ ਇਨ੍ਹਾਂ ਨੂੰ ਦਿੱਲੀ ਭੇਜ ਦਿੱਤਾ ਗੁਰੂ ਹਰਿਗੋਬਿੰਦ ਸਾਹਿਬ ਦੇ ਪੰਜ ਸ਼ਸਤ੍ਰ ਸਨਮਾਨ ਨਾਲ ਰੱਖਣ ਲਈ ਸਪੁਰਦ ਕੀਤੇ, ਜੋ ਹੁਣ ਦਿੱਲੀ ਗੁਰਦੁਆਰੇ ਰਕਾਬਗੰਜ ਵਿਚ ਹਨ।

ਮਾਤਾ ਸਾਹਿਬ ਕੌਰ ਦੇ ਪਿਤਾ ਜੀ ਵੀ ਗੁਰੂ ਘਰ ਦੇ ਸ਼ਰਧਾਲੂ ਸਿੱਖ ਸਨ। ਰੋਹਤਾਸ ਨਗਰ ਦੇ ਬਹੁਗਿਣਤੀ ਲੋਕ ਬਾਣੀ ਪੜ੍ਹਣ ਵਾਲੇ, ਗੁਰੂ ਸਾਹਿਬ ਦੇ ਉਪਦੇਸ਼ਾਂ ਉੱਤੇ ਚੱਲਣ ਵਾਲੇ ਸਨ। ਭਾਈ ਰਾਮਾ ਜੀ ਵੀ ਰੁਹਤਾਸ ਨਗਰ ਦੀ ਸੰਗਤ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਲਈ ਜਾਂਦੇ ਸਨ।

ਭਾਈ ਰਾਮਾ ਜੀ ਨੇ ਆਪਣੇ ਮਨ ਦੀ ਗੱਲ ਰੋਹਤਾਸ ਦੀ ਸੰਗਤ ਨਾਲ ਕੀਤੀ ਅਤੇ ਇਸ ਸ਼ੁਭ ਕਾਰਜ ਵਿਚ ਉਨ੍ਹਾਂ ਦੇ ਸਹਿਯੋਗ ਦੀ ਵੀ ਮੰਗ ਕੀਤੀ। ਭਾਈ ਰਾਮਾ ਜੀ ਨੇ ਆਪਣੀ ਬੇਟੀ ਨੂੰ ਗੁਰੂ ਜੀ ਦੇ ਅਰਪਣ ਕਰਨ ਲਈ ਪੱਕਾ ਨਿਸ਼ਚਾ ਧਾਰ ਲਿਆ ਅਤੇ ਇਕ ਦਿਨ ਅਰਦਾਸ ਕਰਕੇ ਭਾਈ ਰਾਮਾ ਜੀ ਅਤੇ ਸੰਗਤ ਅਨੰਦਪੁਰ ਵੱਲ ਚੱਲ ਪਏ। ਮਗਰੋਂ 18 ਵਿਸਾਖ ਸੰਮਤ 1757 ਬਿਕ੍ਰਮੀ ਨੂੰ ਮਾਤਾ ਸਾਹਿਬ ਕੌਰ ਜੀ ਦੇ ਅਨੰਦ ਕਾਰਜ ਗੁਰੂ ਗੋਬਿੰਦ ਸਿੰਘ ਜੀ ਨਾਲ ਹੋ ਗਏ ਅਤੇ ਮਾਤਾ ਸਾਹਿਬ ਕੌਰ ਜੀ 'ਗੁਰੂ ਕੇ ਮਹਿਲਾਂ' ਵਿਚ ਚਲੇ ਗਏ। ਮਾਤਾ ਸਾਹਿਬ ਕੌਰ ਜੀ ਦਾ ਮਾਤਾ ਗੁਜਰੀ ਜੀ ਅਤੇ ਮਾਤਾ ਸੁੰਦਰੀ ਜੀ ਨਾਲ ਡੂੰਘਾ ਪਿਆਰ ਪੈ ਗਿਆ। ਮਾਤਾ ਜੀ ਸਾਹਿਬਜ਼ਾਦਿਆਂ ਨੂੰ ਬਹੁਤ ਪਿਆਰ ਕਰਦੇ ਸਨ।

ਮਾਤਾ ਸਾਹਿਬ ਕੌਰ ਜੀ ਹਰ ਸਮੇਂ ਗੁਰੂ ਪਤੀ ਦੀ ਸੇਵਾ, ਮਾਤਾ ਗੁਜਰੀ ਜੀ ਅਤੇ ਸੰਗਤਾਂ ਦੀ ਸੇਵਾ ਕਰਨ ਵਿਚ ਹੀ ਲੱਗੇ ਰਹਿੰਦੇ। ਆਪ ਸਾਹਿਬਜ਼ਾਦਿਆਂ ਨੂੰ ਬਹੁਤ ਸਨੇਹ ਅਤੇ ਪਿਆਰ ਦਿੰਦੇ। ਜਦੋਂ ਗੁਰੂ ਸਾਹਿਬ ਨਿੱਤ ਦੀ ਤਰ੍ਹਾਂ ਮਾਤਾ ਜੀ ਦੇ ਮਹਿਲ ਆਏ ਤਾਂ ਮਾਤਾ ਜੀ ਨੇ ਸੰਤਾਨ ਪ੍ਰਾਪਤੀ ਬਾਰੇ ਕਿਹਾ ਤਾਂ ਗੁਰੂ ਸਾਹਿਬ ਨੇ 'ਖਾਲਸਾ ਪੁੱਤਰ' ਉਨ੍ਹਾਂ ਦੀ ਝੋਲੀ ਵਿਚ ਪਾ ਦਿੱਤਾ। ਜੁਗਾਂ ਜੁਗਾਂ ਤੱਕ ਕਾਇਮ ਰਹਿਣ ਵਾਲੇ 'ਖਾਲਸਾ ਪੁੱਤਰ' ਦੀ ਮਾਂ ਆਦਰਸ਼ਕ ਪਤਨੀ ਹੀ ਹੋ ਸਕਦੀ ਹੈ। ਇਸ ਤਰ੍ਹਾਂ ਖਾਲਸਾ ਪੁੱਤਰ ਦੀ ਦਾਤ ਬਖ਼ਸ਼ ਕੇ ਗੁਰੂ ਸਾਹਿਬ ਨੇ ਮਾਤਾ ਜੀ ਨੂੰ ਸਦਾ ਲਈ ਪੁੱਤਰਾਂ ਵਾਲੀ ਬਣਾ ਦਿੱਤਾ ਸੀ। ਅਨੰਦਪੁਰ ਵਿਖੇ ਹੀ ਸ਼ਾਹੀ ਫ਼ੌਜਾਂ ਨੇ ਗੁਰੂ ਜੀ ਉੱਤੇ ਹਮਲਾ ਕਰ ਦਿੱਤਾ। ਗੁਰੂ ਜੀ ਦਾ ਸਾਰਾ ਪਰਿਵਾਰ ਵਿੱਛੜ ਗਿਆ। ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰੀ ਜੀ ਭਾਈ ਧੰਨਾ ਸਿੰਘ ਅਤੇ ਜਵਾਹਰ ਸਿੰਘ ਨਾਲ ਦਿੱਲੀ ਵਿਖੇ ਚਲੇ ਗਏ। ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਭਾਈ ਮਨੀ ਸਿੰਘ ਜੀ ਦੇ ਸਮੇਂ ਤੱਕ ਮਾਤਾ ਜੀ ਸਿੱਖ ਪੰਥ ਦੀ ਯੋਗ ਅਗਵਾਈ ਕਰਦੇ ਰਹੇ ਸਨ।

## ਪ੍ਰਸ਼ਨੋਤਰੀ

ਪ੍ਰਸ਼ਨ 1. ਬੇਬੇ ਨਾਨਕੀ ਜੀ ਦਾ ਜਨਮ ਕਦੋਂ ਹੋਇਆ?

(ੳ) 1465 ਈ: (ਅ) 1468 ਈ:
(ੲ) 1462 ਈ: (ਸ) 1464 ਈ:

ਪ੍ਰਸ਼ਨ 2. ਬੇਬੇ ਨਾਨਕੀ ਜੀ ਦਾ ਵਿਆਹ ਕਦੋਂ ਹੋਇਆ?

(ੳ) 1479 ਈ: (ਅ) 1470 ਈ:
(ੲ) 1475 ਈ: (ਸ) 1472 ਈ:

ਪ੍ਰਸ਼ਨ 3. ਸਿੱਖ ਧਰਮ ਵਿੱਚ ਪਹਿਲਾ ਸਿੱਖ ਹੋਣ ਦਾ ਦਰਜਾ ਕਿਨ੍ਹਾਂ ਨੂੰ ਪ੍ਰਾਪਤ ਹੈ?

(ੳ) ਬੇਬੇ ਨਾਨਕੀ ਜੀ (ਅ) ਮਾਤਾ ਗੰਗਾ ਜੀ
(ੲ) ਮਾਤਾ ਨਾਨਕੀ ਜੀ (ਸ) ਮਾਤਾ ਸੁਲੱਖਣੀ ਜੀ

ਪ੍ਰਸ਼ਨ 4. ਮਾਤਾ ਖੀਵੀ ਜੀ ਕਿਹੜੇ ਗੁਰੂ ਦੇ ਸੁਪਤਨੀ ਸਨ?

(ੳ) ਸ੍ਰੀ ਗੁਰੂ ਅਰਜਨ ਦੇਵ ਜੀ (ਅ) ਸ੍ਰੀ ਗੁਰੂ ਗੋਬਿੰਦ ਸਿੰਘ ਜੀ
(ੲ) ਸ੍ਰੀ ਗੁਰੂ ਅੰਗਦ ਦੇਵ ਜੀ (ਸ) ਸ੍ਰੀ ਗੁਰੂ ਨਾਨਕ ਦੇਵ ਜੀ

ਪ੍ਰਸ਼ਨ 5. ਮਾਤਾ ਖੀਵੀ ਜੀ ਦਾ ਜਨਮ ਕਦੋਂ ਹੋਇਆ?

(ੳ) 1504 ਈ: (ਅ) 1510 ਈ:
(ੲ) 1506 ਈ: (ਸ) 1512 ਈ:

ਪ੍ਰਸ਼ਨ 6. ਮਾਤਾ ਖੀਵੀ ਜੀ ਦੇ ਪਿਤਾ ਜੀ ਦਾ ਕੀ ਨਾਮ ਸੀ?

| | |
|---|---|
| (ੳ) ਭਾਈ ਰਾਮਾ | (ਅ) ਭਾਈ ਚੰਦ |
| (ੲ) ਮੂਲ ਚੰਦ | (ਸ) ਭਾਈ ਦੇਵੀ ਚੰਦ |

ਪ੍ਰਸ਼ਨ 7. ਮਾਤਾ ਖੀਵੀ ਜੀ ਦੇ ਮਾਤਾ ਜੀ ਦਾ ਕੀ ਨਾਮ ਸੀ?

| | |
|---|---|
| (ੳ) ਮਾਤਾ ਕਰਮ ਦੇਵੀ | (ਅ) ਮਾਤਾ ਚੰਦੋ |
| (ੲ) ਮਾਤਾ ਨਾਨਕੀ ਜੀ | (ਸ) ਮਾਤਾ ਬਿਸ਼ਨ ਕੌਰ |

ਪ੍ਰਸ਼ਨ 8. ਮਾਤਾ ਖੀਵੀ ਜੀ ਦਾ ਵਿਆਹ ਕਦੋਂ ਹੋਇਆ?

| | |
|---|---|
| (ੳ) 1520 ਈ: | (ਅ) 1530 ਈ: |
| (ੲ) 1525 ਈ: | (ਸ) 1519 ਈ: |

ਪ੍ਰਸ਼ਨ 9. ਮਾਤਾ ਖੀਵੀ ਜੀ ਦੇ ਕਿੰਨੇ ਬੱਚੇ ਸਨ?

| | |
|---|---|
| (ੳ) ਦੋ | (ਅ) ਪੰਜ |
| (ੲ) ਤਿੰਨ | (ਸ) ਚਾਰ |

ਪ੍ਰਸ਼ਨ 10 ਗੁਰੂ ਜੀ ਨੇ ਕਿਨ੍ਹਾਂ ਨੂੰ ਲੰਗਰ ਦਾ ਮੁੱਖੀ ਥਾਪਿਆ?

| | |
|---|---|
| (ੳ) ਮਾਤਾ ਖੀਵੀ ਜੀ | (ਅ) ਬੀਬੀ ਭਾਨੀ ਜੀ |
| (ੲ) ਬੇਬੇ ਨਾਨਕੀ ਜੀ | (ਸ) ਮਾਤਾ ਨਾਨਕੀ ਜੀ |

ਪ੍ਰਸ਼ਨ 11. ਬੀਬੀ ਭਾਨੀ ਜੀ ਕਿੰਨ੍ਹਾਂ ਦੇ ਸਪੁੱਤਰੀ ਸਨ?

| | |
|---|---|
| (ੳ) ਸ੍ਰੀ ਗੁਰੂ ਨਾਨਕ ਦੇਵ ਜੀ | (ਅ) ਸ੍ਰੀ ਗੁਰੂ ਅਰਜਨ ਦੇਵ ਜੀ |
| (ੲ) ਸ੍ਰੀ ਗੁਰੂ ਅੰਗਦ ਦੇਵ ਜੀ | (ਸ) ਸ੍ਰੀ ਗੁਰੂ ਅਮਰਦਾਸ ਜੀ |

ਪ੍ਰਸ਼ਨ 12. ਬੀਬੀ ਭਾਨੀ ਜੀ ਕਿਹੜੇ ਗੁਰੂ ਦੇ ਸੁਪਤਨੀ ਸਨ?

| | |
|---|---|
| (ੳ) ਸ੍ਰੀ ਗੁਰੂ ਅਰਜਨ ਦੇਵ ਜੀ | (ਅ) ਸ੍ਰੀ ਗੁਰੂ ਰਾਮਦਾਸ ਜੀ |
| (ੲ) ਸ੍ਰੀ ਗੁਰੂ ਨਾਨਕ ਦੇਵ ਜੀ | (ਸ) ਸ੍ਰੀ ਗੁਰੂ ਅੰਗਦ ਦੇਵ ਜੀ |

ਪ੍ਰਸ਼ਨ 13. ਬੀਬੀ ਭਾਨੀ ਜੀ ਕਿਹੜੇ ਗੁਰੂ ਜੀ ਦੇ ਦਾਦੀ ਜੀ ਸਨ?

| | |
|---|---|
| (ੳ) ਸ੍ਰੀ ਗੁਰੂ ਹਰਿਰਾਇ ਜੀ | (ਅ) ਸ੍ਰੀ ਗੁਰੂ ਨਾਨਕ ਦੇਵ ਜੀ |
| (ੲ) ਸ੍ਰੀ ਗੁਰੂ ਹਰਿਗੋਬਿੰਦ ਜੀ | (ਸ) ਸ੍ਰੀ ਗੁਰੂ ਅੰਗਦ ਦੇਵ ਜੀ |

ਪ੍ਰਸ਼ਨ 14. ਬੀਬੀ ਭਾਨੀ ਜੀ ਦੇ ਮਾਤਾ ਜੀ ਦਾ ਕੀ ਨਾਮ ਸੀ?
(ੳ) ਮਾਤਾ ਗੰਗਾ ਜੀ (ਅ) ਮਾਤਾ ਮਨਸਾ ਦੇਵੀ
(ੲ) ਮਾਤਾ ਨਾਨਕੀ ਜੀ (ਸ) ਮਾਤਾ ਕਰਮਾ ਦੇਵੀ

ਪ੍ਰਸ਼ਨ 15. ਬੀਬੀ ਭਾਨੀ ਜੀ ਦੇ ਕਿੰਨੇ ਬੱਚੇ ਸਨ?
(ੳ) ਦੋ (ਅ) ਪੰਜ
(ੲ) ਚਾਰ (ਸ) ਤਿੰਨ

ਪ੍ਰਸ਼ਨ 16 ਮਾਤਾ ਸਾਹਿਬ ਕੌਰ ਜੀ ਕਿਹੜੇ ਗੁਰੂ ਜੀ ਦੇ ਸੁਪਤਨੀ ਸਨ?
(ੳ) ਸ੍ਰੀ ਗੁਰੂ ਅੰਗਦ ਦੇਵ ਜੀ (ਅ) ਸ੍ਰੀ ਗੁਰੂ ਅਰਜਨ ਦੇਵ ਜੀ
(ੲ) ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਸ) ਸ੍ਰੀ ਗੁਰੂ ਹਰਿ ਰਾਇ ਜੀ

ਪ੍ਰਸ਼ਨ 17. ਮਾਤਾ ਸਾਹਿਬ ਕੌਰ ਦੀ ਸੱਸ ਕੌਣ ਸਨ?
(ੳ) ਮਾਤਾ ਸੁੰਦਰੀ ਜੀ (ਅ) ਮਾਤਾ ਗੁਜਰੀ ਜੀ
(ੲ) ਮਾਤਾ ਸੁਲੱਖਣੀ ਜੀ (ਸ) ਮਾਤਾ ਗੰਗਾ ਜੀ

ਪ੍ਰਸ਼ਨ 18. ਮਾਤਾ ਗੁਜਰੀ ਜੀ ਕਿਹੜੇ ਗੁਰੂ ਜੀ ਦੇ ਸੁਪਤਨੀ ਸਨ?
(ੳ) ਸ੍ਰੀ ਗੁਰੂ ਅਰਜਨ ਦੇਵ ਜੀ (ਅ) ਸ੍ਰੀ ਗੁਰੂ ਅੰਗਦ ਦੇਵ ਜੀ
(ੲ) ਸ੍ਰੀ ਗੁਰੂ ਨਾਨਕ ਦੇਵ ਜੀ (ਸ) ਸ੍ਰੀ ਗੁਰੂ ਤੇਗ ਬਹਾਦਰ ਜੀ

ਪ੍ਰਸ਼ਨ 19. ਮਾਤਾ ਗੁਜਰੀ ਜੀ ਕਿਹੜੇ ਗੁਰੂ ਜੀ ਦੇ ਮਾਤਾ ਜੀ ਸਨ?
(ੳ) ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਅ) ਸ੍ਰੀ ਗੁਰੂ ਹਰਿਗੋਬਿੰਦ ਜੀ
(ੲ) ਸ੍ਰੀ ਗੁਰੂ ਨਾਨਕ ਦੇਵ ਜੀ (ਸ) ਸ੍ਰੀ ਗੁਰੂ ਅਰਜਨ ਦੇਵ ਜੀ

ਪ੍ਰਸ਼ਨ 20. ਮਾਤਾ ਗੁਜਰੀ ਜੀ ਦੇ ਮਾਤਾ ਜੀ ਦਾ ਕੀ ਨਾਂ ਸੀ?
(ੳ) ਮਾਤਾ ਕਰਮਾ ਦੇਵੀ ਜੀ (ਅ) ਮਾਤਾ ਬਿਸ਼ਨ ਕੌਰ ਜੀ
(ੲ) ਮਾਤਾ ਨਾਨਕੀ ਜੀ (ਸ) ਮਾਤਾ ਮਨਸਾ ਦੇਵੀ ਜੀ

ਪ੍ਰਸ਼ਨ 21.ਮਾਤਾ ਗੁਜਰੀ ਜੀ ਦੇ ਕਿੰਨੇ ਪੋਤਰੇ ਸਨ?
(ੳ) ਚਾਰ (ਅ) ਤਿੰਨ
(ੲ) ਪੰਜ (ਸ) ਦੋ

ਪ੍ਰਸ਼ਨ 22. ਮਾਤਾ ਖੀਵੀ ਜੀ ਲੰਗਰ ਦੀ ਸੇਵਾ ਕਿਸ ਅਸਥਾਨ ਤੇ ਕਰਦੇ ਸਨ?
(ੳ) ਗੋਇੰਦਵਾਲ ਸਾਹਿਬ (ਅ) ਖਡੂਰ ਸਾਹਿਬ
(ੲ) ਤਰਨਤਾਰਨ ਸਾਹਿਬ (ਸ) ਕਰਤਾਰਪੁਰ ਸਾਹਿਬ

ਪ੍ਰਸ਼ਨ 23. ਮਾਤਾ ਗੁਜਰੀ ਜੀ ਦਾ ਗੁਰੂ ਤੇਗ ਬਹਾਦਰ ਜੀ ਨਾਲ ਵਿਆਹ ਕਦੋਂ ਹੋਇਆ ?

(ੳ) 1633 ਈ. (ਅ) 1635 ਈ.
(ੲ) 1638 ਈ. (ਸ) 1637 ਈ.

ਪ੍ਰਸ਼ਨ 24. ਮਾਤਾ ਖੀਵੀ ਜੀ ਬਾਰੇ ਕਿਸ ਦੀ ਵਾਰ ਵਿੱਚ ਜ਼ਿਕਰ ਮਿਲਦਾ ਹੈ?

(ੳ) ਮਾਝ ਕੀ ਵਾਰ (ਅ) ਸਾਰੰਗ ਕੀ ਵਾਰ
(ੲ) ਸੱਤੇ ਬਲਵੰਡ ਕੀ ਵਾਰ (ਸ) ਮਲ੍ਹਾਰ ਕੀ ਵਾਰ

ਪ੍ਰਸ਼ਨ 25. ਮਾਤਾ ਖੀਵੀ ਜੀ ਦਾ ਜ਼ਿਕਰ ਕਿਸ ਗ੍ਰੰਥ ਵਿਚ ਮਿਲਦਾ ਹੈ ?

(ੳ) ਦਸਮ ਗ੍ਰੰਥ (ਅ) ਸਰਬ ਲੋਹ ਗ੍ਰੰਥ
(ੲ) ਸ੍ਰੀ ਗੁਰੂ ਗ੍ਰੰਥ ਸਾਹਿਬ (ਸ) ਵੈਦਿਕ ਗ੍ਰੰਥ

ਪ੍ਰਸ਼ਨ 26. ਭਾਈ ਜੇਠਾ ਜੀ ਕਿਸ ਮਾਤਾ ਜੀ ਦੇ ਜਵਾਈ ਸਨ?

(ੳ) ਮਾਤਾ ਮਨਸਾ ਦੇਵੀ ਜੀ (ਅ) ਮਾਤਾ ਮਰਵਾਹੀ ਜੀ
(ੲ) ਮਾਤਾ ਸੁਲੱਖਣੀ ਜੀ (ਸ) ਮਾਤਾ ਨਾਨਕੀ ਜੀ

ਪ੍ਰਸ਼ਨ 27. ਮਾਤਾ ਤ੍ਰਿਪਤਾ ਜੀ ਦੇ ਕਿੰਨੇ ਬੱਚੇ ਸਨ?

(ੳ) ਦੋ (ਅ) ਪੰਜ
(ੲ) ਚਾਰ (ਸ) ਇੱਕ

ਪ੍ਰਸ਼ਨ 28. ਮਾਤਾ ਤ੍ਰਿਪਤਾ ਜੀ ਦੇ ਪਤੀ ਕੌਣ ਸੀ?

(ੳ) ਮਹਿਤਾ ਕਾਲੂ ਜੀ (ਅ) ਰਾਮ ਜਨ ਜੀ
(ੲ) ਮਹਿਤਾ ਦਾਸ ਜੀ (ਸ) ਕਾਲੂ ਦਾਸ ਜੀ

ਪ੍ਰਸ਼ਨ 29. ਮਾਤਾ ਖੀਵੀ ਜੀ ਦੀ ਸਪੁੱਤਰੀ ਦੇ ਨਾਮ ਦੱਸੋ?

(ੳ) ਅਮਰੋ ਤੇ ਅਨੋਖੀ ਜੀ (ਅ) ਜੀਵਨੀ ਤੇ ਮਰਵਾਹੀ
(ੲ) ਦਾਨੀ ਤੇ ਭਾਨੀ ਜੀ (ਸ) ਦਮੋਦਰੀ ਤੇ ਗੰਗੋਤਰੀ

ਪ੍ਰਸ਼ਨ 30. ਦਾਸੂ ਜੀ ਦੇ ਮਾਤਾ ਜੀ ਦਾ ਕੀ ਨਾਂ ਸੀ ?


(ੳ) ਮਾਤਾ ਭਾਨੀ ਜੀ (ਅ) ਮਾਤਾ ਦਾਨੀ ਜੀ
(ੲ) ਮਾਤਾ ਖੀਵੀ ਜੀ (ਸ) ਮਾਤਾ ਸੁਲੱਖਣੀ ਜੀ

**ਉੱਤਰ:** 1. (ਸ) 2. (ੲ) 3. (ੳ) 4. (ੲ) 5. (ੲ) 6. (ਸ) 7. (ੳ) 8. (ਸ) 9. (ਸ)10. (ੳ)11. (ਸ)12. (ਅ)13. (ੲ)14. (ਅ)15. (ਸ) 16. (ੲ) 17. (ਅ) 18. (ਸ) 19. (ੳ) 20. (ਅ) 21. (ੳ) 22. (ਅ) 23. (ੳ) 24. (ੲ) 25. (ੲ) 26. (ੳ) 27. (ੳ) 28. (ੳ) 29. (ੳ) 30. (ੲ)

# ਅਧਿਆਇ-ਪੰਜਵਾਂ

## ਸਿੱਖ ਧਰਮ ਦੀਆਂ ਪ੍ਰਮੁਖ ਸ਼ਖ਼ਸੀਅਤਾਂ

# ਭਾਈ ਮਰਦਾਨਾ ਜੀ



**ਜਨਮ :**

ਭਾਈ ਮਰਦਾਨਾ ਜੀ ਦਾ ਜਨਮ 1459 ਈ: ਨੂੰ ਰਾਇ ਭੋਇੰ ਦੀ ਤਲਵੰਡੀ (ਜ਼ਿਲ੍ਹਾ ਸ਼ੇਖ਼ੂਪੁਰਾ, ਅਜੋਕਾ ਪਾਕਿਸਤਾਨ) ਵਿਖੇ ਪਿਤਾ ਮੀਰ ਬਾਦਰੇ ਦੇ ਘਰ ਮਾਤਾ ਲੱਖੋ ਜੀ ਦੀ ਕੁਖੋਂ ਹੋਇਆ। ਇਕ ਰਵਾਇਤ ਅਨੁਸਾਰ ਮਰਦਾਨੇ ਤੋਂ ਪਹਿਲਾਂ ਮਾਈ ਲੱਖੋ ਦੀ ਕੁੱਖੋਂ ਜੰਮੇ ਛੇ ਬੱਚੇ ਮਰ ਚੁਕੇ ਸਨ, ਇਸ ਲਈ ਇਸ ਦਾ ਨਾਂ 'ਮਰ-ਜਾਣਾ' ਰੱਖਿਆ ਗਿਆ ਪਰ ਗੁਰੂ ਨਾਨਕ ਦੇਵ ਜੀ ਦੇ ਸੰਪਰਕ ਵਿਚ ਆਉਣ 'ਤੇ ਗੁਰੂ ਜੀ ਨੇ ਇਸ ਨੂੰ 'ਮਰਦਾ-ਨਾ' ਕਹਿਣਾ ਸ਼ੁਰੂ ਕਰ ਦਿੱਤਾ, ਜੋ ਸਥਾਈ ਤੌਰ 'ਤੇ ਪ੍ਰਚਲਿਤ ਹੋ ਗਿਆ।

**ਗੁਰੂ ਜੀ ਨਾਲ ਮੇਲ :**

ਭਾਈ ਮਰਦਾਨੇ ਦੇ ਪਿਤਾ, ਮੀਰ ਬਾਦਰੇ ਪਿੰਡ ਦਾ ਮਰਾਸੀ ਸੀ। ਉਨ੍ਹਾਂ ਦਿਨਾਂ ਵਿੱਚ ਕੋਈ ਚਿੱਠੀ ਪੱਤਰ ਭੇਜਣ ਦਾ ਸਾਧਨ ਨਹੀਂ ਸੀ। ਮਰਾਸੀ ਇਹ ਕੰਮ ਕਰਦੇ ਸਨ। ਪਿੰਡ ਦੇ ਲੋਕਾਂ ਦੇ ਸੁਨੇਹੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਜਾ ਕੇ ਦਿੰਦੇ ਅਤੇ ਉਨ੍ਹਾਂ ਨੂੰ ਸਭ ਜ਼ਬਾਨੀ ਯਾਦ ਰੱਖਣਾ ਪੈਂਦਾ ਸੀ। ਮਰਦਾਨਾ ਜੀ ਦੇ ਪਿਤਾ ਦਾ ਪੇਸ਼ੇ ਕਰਕੇ ਗੁਰੂ ਸਾਹਿਬ ਦੇ ਪਿਤਾ ਜੀ ਕੋਲ ਆਉਣ-ਜਾਣ ਲੱਗਾ ਰਹਿੰਦਾ ਸੀ। ਉਨ੍ਹਾਂ ਦੇ ਨਾਲ ਹੀ ਮਰਦਾਨਾ ਵੀ ਘਰ ਆ ਜਾਂਦਾ ਸੀ। ਮਰਾਸੀਆਂ ਨੂੰ ਸਮਾਜ ਵਿੱਚ ਨੀਵੀਂ ਜਾਤ ਗਿਣਿਆ ਜਾਂਦਾ ਹੈ। ਇਨ੍ਹਾਂ ਦਾ ਮੁੱਖ ਕਿੱਤਾ ਮਨੋਰੰਜਨ ਲਈ ਗਾਉਣਾ

ਵਜਾਉਣਾ ਹੁੰਦਾ ਹੈ ਚਾਹੇ ਉਹ ਰਾਜਿਆਂ ਮਹਾਰਾਜਿਆਂ ਲਈ ਹੋਵੇ ਜਾਂ ਆਮ ਲੋਕਾਂ ਲਈ। ਗੁਰੂ ਸਾਹਿਬ ਨੇ ਜਦ ਭਾਈ ਮਰਦਾਨੇ ਦਾ ਰਾਗਾਂ ਵਿੱਚ ਰਬਾਬ ਵਜਾਉਣਾ ਸੁਣਿਆਂ ਤਾਂ ਉਸ ਨੂੰ ਆਪਣਾ ਮਿੱਤਰ ਤੇ ਲੰਮੇਂ ਸਫਰਾਂ ਦਾ ਸਾਥੀ ਹੋਣ ਦਾ ਮਾਣ ਬਖਸ਼ਿਆ। ਭਾਈ ਮਰਦਾਨੇ ਲਈ ਪਹਾੜੀਆਂ ਦੀ ਸਰਦੀ, ਰੇਗਿਸਤਾਨ ਦੀ ਗਰਮੀ, ਜੰਗਲਾਂ ਵਿੱਚ ਜਾਨਵਰਾਂ ਦਾ ਡਰ, ਉਜਾੜ ਅਤੇ ਵੀਰਾਨੇ ਵਿੱਚ ਭੁੱਖ ਪਿਆਸ ਜਾਂ ਘਰ ਦਾ ਮੋਹ, ਗੁਰੂ ਦਾ ਸਾਥ ਦੇਣ ਵਿੱਚ ਕੋਈ ਮੁਸੀਬਤ ਨਾ ਬਣੇ। ਗੁਰੂ ਜੀ ਨੇ ਉਸ ਵਿੱਚੋਂ ਪੰਜ ਵਿਕਾਰ੍ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਕੱਢ ਕੇ ਪੰਜ ਗੁਣ-ਸਤ, ਸੰਤੋਖ, ਸਬਰ, ਦਇਆ ਅਤੇ ਧਰਮ ਉਸ ਵਿੱਚ ਭਰ ਦਿੱਤੇ ਸਨ। ਸਾਰੀਆਂ ਹੀ ਉਦਾਸੀਆਂ ਵੇਲੇ ਭਾਈ ਮਰਦਾਨਾ ਗੁਰੂ ਜੀ ਦੇ ਨਾਲ ਗਿਆ। ਗੁਰੂ ਜੀ ਨੇ ਮਰਦਾਨੇ ਨੂੰ ਨਾਲ ਰੱਖ ਕੇ ਉਚ-ਨੀਚ ਅਤੇ ਜਾਤ-ਪਾਤ ਦਾ ਭੇਦ ਮਿਟਾਇਆ। ਉਹ ਤਕਰੀਬਨ 47 ਸਾਲ ਗੁਰੂ ਜੀ ਦੇ ਨਾਲ ਹੀ ਰਹੇ ।

**ਗੁਰੂ ਘਰ ਦੇ ਪਹਿਲੇ ਰਬਾਬੀ :**

ਭਾਈ ਮਰਦਾਨਾ ਜੀ ਨੂੰ ਗੁਰੂ ਘਰ ਦੇ ਪਹਿਲੇ ਰਬਾਬੀ ਹੋਣ ਦਾ ਮਾਣ ਪ੍ਰਾਪਤ ਹੈ। ਭਾਈ ਮਰਦਾਨੇ ਵਿੱਚ ਆਪਣੇ ਖਾਨਦਾਨ ਦੀਆਂ ਸਾਰੀਆਂ ਚੰਗਿਆਈਆਂ ਹੋਣ ਤੋਂ ਇਲਾਵਾ, ਰਬਾਬ ਵਜਾਉਣ ਦਾ ਖਾਸ ਹੁਨਰ ਸੀ, ਜਿਸ ਨਾਲ ਉਸ ਨੇ ਗੁਰੂ ਜੀ ਦੀ ਰਚੀ ਬਾਣੀ 19 ਰਾਗਾਂ ਵਿੱਚ ਗਾਇਨ ਕੀਤੀ। ਭਾਈ ਮਰਦਾਨਾ ਜੀ ਦੀ ਰਬਾਬ ਅੱਜ ਵੀ ਕੀਰਤਨੀਆਂ ਦਾ ਪ੍ਰੇਰਨਾ ਸ੍ਰੋਤ ਹੈ। ਭਾਈ ਮਰਦਾਨਾ ਜੀ ਦਾ ਤਿਆਗ ਅਤੇ ਨਿਸ਼ਕਾਮਤਾ ਭਰਿਆ ਜੀਵਨ ਸਮੁੱਚੇ ਸਿੱਖ ਸਮਾਜ ਖਾਸ ਕਰ ਕੀਰਤਨ ਕਰਨ ਵਾਲੇ ਰਾਗੀ ਸਿੰਘਾਂ ਲਈ ਪ੍ਰੇਰਨਾ ਸ੍ਰੋਤ ਹੈ ।

**ਬਾਣੀ:**

ਸਿੱਖ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਭਾਈ ਮਰਦਾਨਾ ਜੀ ਦੇ ਤਿੰਨ ਸ਼ਬਦ ਦਰਜ ਹਨ। ਕਈ ਵਿਦਵਾਨ ਇਨ੍ਹਾਂ ਨੂੰ ਇੱਕ ਸੰਪੂਰਨ ਸ਼ਬਦ ਮੰਨਦੇ ਹਨ। ਇਹ ਸ਼ਬਦ ਬਿਹਾਗੜੇ ਦੀ ਵਾਰ ਵਿੱਚ ਦਰਜ ਹਨ।

**ਅੰਤਮ ਸਮਾਂ:**

ਜਦੋਂ ਗੁਰੂ ਜੀ ਤੀਜੀ ਉਦਾਸੀ ਤੋਂ ਵਾਪਸ ਦੇਸ਼ ਪਰਤ ਰਹੇ ਸਨ ਤਾਂ ਅਫ਼ਗਾਨਿਸਤਾਨ ਦੇਸ਼ ਵਿਚ ਕੁਰਮ ਨਦੀ ਦੇ ਕੰਢੇ ਵਸੇ ਕੁਰਮ (ਖ਼ੁਰਮ) ਨਗਰ ਵਿਚ ਮਰਦਾਨਾ ਜੀ ਨੇ 1534 ਈ: ਨੂੰ ਪ੍ਰਾਣ ਤਿਆਗ ਦਿੱਤੇ।

# ਬਾਬਾ ਬੁੱਢਾ ਜੀ



**ਜਨਮ:**

ਬਾਬਾ ਬੁੱਢਾ ਜੀ ਦਾ ਜਨਮ 22 ਅਕਤੂਬਰ, 1506 ਨੂੰ ਪਿੰਡ ਗੱਗੋਨੰਗਲ, ਜਿਸ ਨੂੰ ਹੁਣ ਕੱਥੂਨੰਗਲ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਦੇ ਸ਼ਾਹੀ ਕਿਲ੍ਹਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਭਾਈ ਸੁੱਘਾ ਜੀ ਰੰਧਾਵਾ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਦੀ ਮਾਤਾ ਗੌਰਾਂ ਬਹੁਤ ਹੀ ਭਜਨ ਬੰਦਗੀ ਵਾਲੀ ਇਸਤਰੀ ਸੀ, ਜਿਸ ਕਰ ਕੇ ਉਨ੍ਹਾਂ ਦੀ ਭਜਨ ਬੰਦਗੀ ਦਾ ਪ੍ਰਭਾਵ ਬਾਬਾ ਬੁੱਢਾ ਜੀ 'ਤੇ ਵੀ ਪਿਆ।

**ਨਾਮ:**

ਮਾਪਿਆਂ ਨੇ ਉਨ੍ਹਾਂ ਦਾ ਨਾਮ ਬੂੜਾ ਰੱਖਿਆ। ਕੁਝ ਚਿਰ ਮਗਰੋਂ ਉਨ੍ਹਾਂ ਦੇ ਮਾਪੇ ਪਿੰਡ ਰਮਦਾਸ ਆ ਵੱਸੇ। ਉਹ ਬਾਅਦ ਵਿੱਚ ਮੱਝਾਂ ਦੇ ਵਾਗੀ ਬਣੇ। ਜਦ ਉਹ ਬਾਰਾਂ ਵਰ੍ਹਿਆਂ ਦੇ ਸਨ, ਤਦ ਗੁਰੂ ਨਾਨਕ ਦੇਵ ਜੀ ਰਮਦਾਸ ਪਿੰਡ ਦੇ ਪਾਸ ਆ ਟਿਕੇ। ਬੂੜਾ ਜੀ ਮੱਝਾਂ ਚਾਰਦੇ ਉੱਥੇ ਆ ਗਏ ਅਤੇ ਉਨ੍ਹਾਂ ਗੁਰੂ ਜੀ ਦਾ ਉਪਦੇਸ਼ ਸੁਣਿਆ। ਬਾਅਦ ਵਿੱਚ ਉਹ ਰੋਜ਼ ਗੁਰੂ ਜੀ ਕੋਲ ਆਉਂਦੇ ਅਤੇ ਉਨ੍ਹਾਂ ਦਾ ਉਪਦੇਸ਼ ਸੁਣਦੇ ਅਤੇ ਉਨ੍ਹਾਂ ਵਾਸਤੇ ਦੁੱਧ ਲਿਆ ਕੇ ਭੇਟ ਕਰਦੇ। ਇੱਕ ਦਿਨ ਗੁਰੂ ਜੀ ਨੇ ਬੂੜਾ ਜੀ ਨੂੰ ਉਨ੍ਹਾਂ ਬਾਰੇ ਪੁੱਛਿਆ ਅਤੇ ਗੁਰੂ ਜੀ ਨੇ ਬੂੜਾ ਜੀ ਦੇ ਜਵਾਬ ਸੁਣ ਕੇ ਕਿਹਾ ਕਿ 'ਤੂੰ ਹੈਂ ਤਾਂ ਬੱਚਾ, ਪਰ ਗੱਲਾਂ ਬੁੱਢਿਆਂ ਵਾਲੀਆਂ ਕਰਦਾ ਹੈਂ। ਤੂੰ ਬੱਚਾ ਨਹੀਂ, ਤੂੰ ਬੁੱਢਾ ਹੈਂ।' ਉਸ ਦਿਨ ਤੋਂ ਬੂੜਾ ਜੀ ਦਾ ਨਾਮ' ਬੁੱਢਾ ਜੀ' ਪੈ ਗਿਆ। ਸਿੱਖ ਇਤਿਹਾਸ ਉਨ੍ਹਾਂ ਨੂੰ ਸਤਿਕਾਰ ਨਾਲ ਬਾਬਾ ਬੁੱਢਾ ਜੀ ਆਖਦਾ ਹੈ।

**ਗੁਰਤਾ ਦੀ ਰਸਮ:**

ਬਾਬਾ ਬੁੱਢਾ ਜੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਬਣ ਗਏ। ਉਹ ਸਾਰਾ ਦਿਨ ਸੰਗਤਾਂ ਦੀ ਸੇਵਾ ਕਰਦੇ, ਖੇਤਾਂ ਵਿੱਚ ਜਾ ਕੇ ਖੇਤੀ-ਬਾੜੀ ਦਾ ਕੰਮ ਵੀ ਕਰਦੇ ਅਤੇ ਨਾਮ ਜਪਦੇ ਰਹਿੰਦੇ।ਉਨ੍ਹਾਂ ਨੇ ਆਪਣਾ ਜੀਵਨ ਸੰਗਤਾਂ ਦੀ ਸੇਵਾ ਵਿੱਚ ਲਗਾਇਆ ਅਤੇ ਗੁਰੂ ਜੀ ਦੇ 'ਨਾਮ ਜਪਣ, ਕਿਰਤ ਕਰਨ ਤੇ ਵੰਡ ਕੇ ਛਕਣ' ਦੇ

ਉਪਦੇਸ਼ ਨੂੰ ਕਮਾ ਕੇ ਦਿਖਾਇਆ। ਗੁਰੂ ਨਾਨਕ ਦੇਵ ਜੀ ਉਨ੍ਹਾਂ ਉੱਪਰ ਬਹੁਤ ਪ੍ਰਸੰਨ ਸਨ ਅਤੇ ਜਦੋਂ ਗੁਰੂ ਜੀ ਨੇ ਗੁਰਗੱਦੀ ਗੁਰੂ ਅੰਗਦ ਦੇਵ ਜੀ ਨੂੰ ਸੌਂਪੀ, ਤਾਂ ਗੁਰੂ ਜੀ ਨੇ ਗੁਰਿਆਈ ਦੀ ਰਸਮ ਬਾਬਾ ਬੁੱਢਾ ਜੀ ਪਾਸੋਂ ਅਦਾ ਕਰਵਾਈ।ਮਗਰੋਂ ਤੀਜੀ, ਚੌਥੀ, ਪੰਜਵੀਂ ਤੇ ਛੇਵੀਂ ਪਾਤਸ਼ਾਹੀ ਦੀ ਗੁਰਤਾ ਦੀ ਰਸਮ ਵੀ ਬਾਬਾ ਬੁੱਢਾ ਜੀ ਹੀ ਕਰਦੇ ਰਹੇ।

**ਪਹਿਲੇ ਗ੍ਰੰਥੀ :**

ਬਾਬਾ ਬੁੱਢਾ ਜੀ ਨੂੰ ਗੁਰੂ ਘਰ ਦੇ ਅਤੇ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਪਹਿਲੇ ਗ੍ਰੰਥੀ ਹੋਣ ਦਾ ਮਾਣ ਪ੍ਰਾਪਤ ਹੈ। ਬਾਬਾ ਬੁੱਢਾ ਜੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਹੋਣ ਉਪਰੰਤ ਪਹਿਲੇ ਗ੍ਰੰਥੀ ਥਾਪਿਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੁਪਤਨੀ ਬੀਬੀ ਗੰਗਾ ਜੀ ਨੂੰ ਬਾਬਾ ਬੁੱਢਾ ਜੀ ਨੇ ਪੁੱਤਰ ਹੋਣ ਦੀ ਦਾਤ ਬਖਸ਼ੀ ਸੀ।

**ਅੰਤਿਮ ਸਮਾਂ:**

ਬਾਬਾ ਬੁੱਢਾ ਜੀ 1631 ਈ. ਨੂੰ 125 ਸਾਲ ਦੀ ਉਮਰ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗੁਰਿਆਈ ਦੇ ਸਮੇਂ ਅਕਾਲ ਚਲਾਣਾ ਕਰ ਗਏ।

## ਭਾਈ ਗੁਰਦਾਸ ਜੀ



ਭਾਈ ਗੁਰਦਾਸ ਜੀ ਸਿੱਖ ਧਰਮ ਦੇ ਪਹਿਲੇ ਵਿਆਖਿਆਕਾਰ, ਸਿੱਖ ਇਤਿਹਾਸ ਦੇ ਮੁਢਲੇ ਫਿਲਾਸਫ਼ਰ ਹਨ। ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਨੂੰ "ਗੁਰਬਾਣੀ ਦੀ ਕੁੰਜੀ" ਕਿਹਾ ਜਾਂਦਾ ਹੈ। ਡਾ. ਦਰਸ਼ਨ ਸਿੰਘ ਅਨੁਸਾਰ ਭਾਈ ਗੁਰਦਾਸ ਜੀ ਦਾ ਸਥਾਨ ਉਨ੍ਹਾਂ ਹੀ ਮਹੱਤਵਪੂਰਨ ਹੈ ਜਿਤਨਾ ਕਿ ਹਿੰਦੂ ਧਰਮ ਵਿਚ

ਵੇਦ ਵਿਆਸ ਜੀ ਦਾ, ਬੁੱਧ ਧਰਮ ਵਿਚ ਆਨੰਦ ਜੀ ਦਾ ਅਤੇ ਈਸਾਈ ਧਰਮ ਵਿਚ ਸੰਤ ਪਾਲ ਜੀ ਦਾ। "ਆਦਿ ਬੀੜ" ਜਿਸ ਨੂੰ ਕਿ ਗੁਰੂ ਅਰਜਨ ਦੇਵ ਜੀ ਨੇ ਸੰਪਾਦਿਤ ਕਰਵਾਇਆ, ਇਸ ਬੀੜ ਨੂੰ ਲਿਖਣ ਦੀ ਸੇਵਾ ਭਾਈ ਗੁਰਦਾਸ ਜੀ ਨੇ ਨਿਭਾਈ। ਭਾਈ ਗੁਰਦਾਸ ਜੀ ਨੇ ਵਾਰਾਂ ਕਬਿੱਤ, ਸਵੱਯੈ ਆਦਿ ਦੀ ਰਚਨਾ ਕੀਤੀ। ਭਾਈ ਗੁਰਦਾਸ ਜੀ ਦੁਆਰਾ ਰਚਿਤ ਵਾਰਾਂ ਵਿੱਚ ਜੋ ਇਤਿਹਾਸਿਕ ਸੰਕੇਤ ਮਿਲਦੇ ਹਨ, ਉਹ ਗੁਰ-ਇਤਿਹਾਸ ਦਾ ਮੁਢਲਾ ਸਰੋਤ ਬਣਦੇ ਹਨ। ਅਸੀਂ ਇਹ ਕਹਿ ਸਕਦੇ ਹਾਂ ਕਿ ਭਾਈ ਗੁਰਦਾਸ ਜੀ ਸਿੱਖ ਵਿਰਸੇ ਤੇ ਇਤਿਹਾਸ ਵਿੱਚ ਬਹੁ-ਪ੍ਰਸਿੱਧੀ ਅਤੇ ਬਹੁ-ਪ੍ਰਭਤਾ ਵਾਲੇ ਵਿਅਕਤੀ ਹਨ।

ਭਾਈ ਗੁਰਦਾਸ ਜੀ ਦੇ ਸੰਬੰਧ ਵਿੱਚ ਭਾਈ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ ਕਿ-ਭਾਈ ਗੁਰਦਾਸ ਜੀ ਸਤਿਗੁਰੂ ਦੇ ਸੱਚੇ ਸਿੱਖ, ਬੀਬੀ ਭਾਨੀ ਜੀ ਦੇ ਨੇੜਿਓਂ ਭਾਈ ਸਨ, ਇਨ੍ਹਾਂ ਨੇ ਚੌਥੇ ਸਤਿਗੁਰਾਂ ਤੋਂ 1636 ਈਸਵੀ ਵਿੱਚ ਸਿੱਖ ਧਰਮ ਧਾਰਨ ਕੀਤਾ ਅਤੇ ਗੁਰਬਾਣੀ ਦਾ ਸਿਧਾਂਤ ਪੰਜਵੇਂ ਸਤਿਗੁਰਾਂ ਤੋਂ ਸਮਝਿਆ। ਸਿੱਖ ਮੱਤ ਦੇ ਪ੍ਰਚਾਰਕ ਹੋ ਕੇ ਇਨ੍ਹਾਂ ਨੇ ਸਿੱਖ ਧਰਮ ਦੇ ਨਿਯਮ ਚੰਗੀ ਤਰ੍ਹਾਂ ਫੈਲਾਏ। ਆਪ ਲਾਹੌਰ, ਆਗਰਾ ਅਤੇ ਕਾਸ਼ੀ ਆਦਿਕ ਅਸਥਾਨਾਂ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ। ਭਾਈ ਸਾਹਿਬ ਦੀ ਰਚਨਾ ਵਾਰਾਂ ਅਤੇ ਕਬਿੱਤ ਸਵੱਈਏ ਸਿੱਖ ਧਰਮ ਦੇ ਨਿਯਮਾਂ ਦਾ ਉੱਤਮ ਭੰਡਾਰ ਹੈ। ਇਹ ਆਖਣਾ ਅਤਿ-ਉਕਤਿ ਨਹੀਂ ਕਿ-"ਸਿੱਖੀ ਦਾ ਰਹਿਤਨਾਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਅਦ ਭਾਈ ਸਾਹਿਬ ਦੀ ਰਚਨਾ ਤੋਂ ਵੱਧ ਕੇ ਹੋਰ ਕੋਈ ਨਹੀਂ।

**ਜਨਮ:**

ਭਾਈ ਗੁਰਦਾਸ ਦਾ ਜਨਮ 1551 ਈਸਵੀ ਵਿੱਚ ਪੰਜਾਬ ਦੇ ਛੋਟੇ ਜਿਹੇ ਪਿੰਡ ਗੋਇੰਦਵਾਲ ਵਿੱਚ ਪਿਤਾ ਭਾਈ ਦਾਤਾਰ ਚੰਦ ਭੱਲਾ ਅਤੇ ਮਾਤਾ ਜੀਵਨੀ ਦੇ ਗ੍ਰਹਿ ਵਿਖੇ ਹੋਇਆ।

**ਪਾਲਣ-ਪੋਸਣ ਤੇ ਵਿਦਿਆ:**

ਤਿੰਨ ਸਾਲ ਦੀ ਉਮਰ ਵਿੱਚ ਆਪ ਜੀ ਦੇ ਮਾਤਾ ਜੀ ਗੁਜ਼ਰ ਗਏ ਤੇ ਬਾਰਾਂ ਸਾਲ ਦੇ ਹੋਏ ਤਾਂ ਪਿਤਾ ਜੀ ਵੀ ਗੁਜ਼ਰ ਗਏ। ਆਪ ਜੀ ਦਾ ਪਾਲਣ-ਪੋਸਣ ਅਤੇ ਵਿਦਿਆ ਦਾ ਪ੍ਰਬੰਧ ਸ੍ਰੀ ਗੁਰੂ ਅਮਰਦਾਸ ਜੀ ਨੇ ਹੀ ਕੀਤਾ ਸੀ। ਤੀਸਰੇ ਸਤਿਗੁਰ ਦੀ ਦੇਖ੍ਰੇਖ ਹੇਠ ਵਿਚਰਦਿਆਂ ਹੀ ਆਪ ਨੇ ਪੰਜਾਬੀ, ਹਿੰਦੀ, ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਆਦਿ ਦਾ ਮੁਕੰਮਲ ਗਿਆਨ ਹਾਸਲ ਕੀਤਾ। ਆਪ ਜੀ ਸ੍ਰੀ ਗੁਰੂ ਅਮਰਦਾਸ ਜੀ ਤੋਂ ਪਿੱਛੋਂ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਤੇ ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੁਯੋਗ ਅਗਵਾਈ ਹੇਠ ਆਗਰਾ ਤੇ ਕਾਂਸ਼ੀ ਵਿਖੇ ਰਹਿ ਕੇ ਉਸ ਇਲਾਕੇ ਵਿੱਚ ਗੁਰਮਤਿ ਦਾ ਪ੍ਰਚਾਰ ਕੀਤਾ।

**ਗੁਰੂ ਪਰਿਵਾਰ ਨਾਲ ਸੰਬੰਧ:**

ਭਾਈ ਗੁਰਦਾਸ ਜੀ ਰਿਸ਼ਤੇਦਾਰੀ ਕਰਕੇ ਤੀਸਰੇ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਅਤੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਲੱਗਦੇ ਸਨ।

**ਪ੍ਰਚਾਰ ਦੌਰੇ:**

ਆਪ ਜੀ ਨੇ ਜੀਵਨ ਦੇ ਪਹਿਲੇ ਸਾਲ ਗੋਇੰਦਵਾਲ ਹੀ ਗੁਜ਼ਾਰੇ ਅਤੇ ਇੱਥੋਂ ਹੀ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ। ਇਸ ਤੋਂ ਉਪਰੰਤ ਆਪ ਬਨਾਰਸ ਚਲੇ ਗਏ, ਜਿੱਥੇ ਕਿ ਆਪ ਨੇ ਸੰਸਕ੍ਰਿਤ ਅਤੇ ਬ੍ਰਿਜ ਭਾਸ਼ਾ ਦਾ ਅਧਿਐਨ ਕੀਤਾ। ਆਪ ਜੀ ਨੇ ਬਹੁਤ ਥਾਵਾਂ ਉੱਪਰ ਸਿੱਖੀ ਦਾ ਪ੍ਰਚਾਰ ਕੀਤਾ। ਆਪ ਆਗਰਾ, ਲਖਨਊ, ਬਨਾਰਸ, ਬੁਰਹਾਨਪੁਰ, ਜੰਮੂ, ਚੰਬਾ ਆਦਿਕ ਅਸਥਾਨਾਂ ਤੇ ਸਿੱਖੀ ਦਾ ਪ੍ਰਚਾਰ ਕਰਦੇ ਰਹੇ।

ਡਾ. ਗੰਡਾ ਸਿੰਘ ਤਾਂ ਇਹ ਵੀ ਲਿਖਦੇ ਹਨ ਕਿ ਭਾਈ ਸਾਹਿਬ ਜਦੋਂ ਪ੍ਰਚਾਰ ਦੀ ਖ਼ਾਤਿਰ ਆਗਰੇ ਗਏ ਤਾਂ ਉੱਥੇ ਆਪ ਅਕਬਰ ਬਾਦਸ਼ਾਹ ਨੂੰ ਵੀ ਮਿਲੇ। ਅਕਬਰ ਬਾਦਸ਼ਾਹ ਭਾਈ ਸਾਹਿਬ ਦੇ ਵਿਅਕਤਿਤਵ ਤੋਂ ਬਹੁਤ ਪ੍ਰਸੰਨ ਹੋਇਆ। ਭਾਈ ਸਾਹਿਬ ਨੇ ਬਹੁਤ ਹੀ ਪ੍ਰੇਰਨਾਮਈ ਢੰਗ ਦੇ ਨਾਲ ਬਾਦਸ਼ਾਹ ਨੂੰ ਸਿੱਖੀ ਦੇ ਅਸੂਲਾਂ ਤੇ ਸਿਧਾਂਤਾਂ ਤੋਂ ਜਾਣੂੰ ਕਰਵਾਇਆ। ਉੱਥੇ ਆਸ-ਪਾਸ ਦੇ ਕਈ ਖੇਤਰਾਂ ਦੇ ਵਿੱਚ ਭਾਈ ਸਾਹਿਬ ਨੇ ਕਈ ਸਿੱਖ ਸੰਗਤਾਂ ਦੀ ਸਥਾਪਨਾ ਕੀਤੀ। ਮਹਾਂਕਵੀ ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਇੱਥੇ ਆਗਰੇ ਵਿਖੇ ਹੀ ਆਪ ਜੀ ਨੂੰ ਗੁਰੂ ਰਾਮਦਾਸ ਜੀ ਦੇ ਜੋਤੀ-ਜੋਤ ਸਮਾਉਣ ਦੀ ਖ਼ਬਰ ਮਿਲਦੀ ਹੈ ਤੇ ਆਪ ਵਾਪਸ "ਚੱਕ ਗੁਰੂੰ ਵਾਪਸ ਪਰਤ ਆਉਂਦੇ ਹਨ। "ਚੱਕ ਗੁਰੂੰ ਅੰਮ੍ਰਿਤਸਰ ਦਾ ਪੁਰਾਣਾ ਨਾਮ ਹੈ।

**ਆਦਿ ਬੀੜ ਦੇ ਲਿਖਾਰੀ:**

ਆਦਿ ਬੀੜ ਲਿਖਣ ਦਾ ਕਾਰਜ ਕਰਨ ਲਈ ਗੁਰੂ ਅਰਜਨ ਦੇਵ ਜੀ ਨੇ ਪ੍ਰਮੁਖ ਸਿੱਖਾਂ ਦੀ ਸਹਾਇਤਾ ਲਈ। ਡਾ. ਰਤਨ ਸਿੰਘ ਜੱਗੀ ਅਨੁਸਾਰ ਸਾਰੀ ਬਾਣੀ ਇਕੱਤਰ ਕਰਨ ਲਈ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਵਰਗੇ ਸਿਆਣੇ ਸਿੱਖਾਂ ਨੂੰ ਨਿਯੁਕਤ ਕੀਤਾ ਗਿਆ। ਇਸ ਤਰ੍ਹਾਂ ਇੱਕਠੀ ਹੋਈ ਅਤੇ ਆਪਣੀ ਰਚੀ ਬਾਣੀ ਨੂੰ ਲਿਖਣ ਦਾ ਕਾਰਜ ਪਹਿਲਾਂ ਭਾਈ ਸੰਤ ਦਾਸ, ਭਾਈ ਹਰੀਆ ਜੀ, ਭਾਈ ਸੁਖਾ ਜੀ ਅਤੇ ਭਾਈ ਮਨਸਾ ਰਾਮ ਨੂੰ ਸੌਂਪਿਆ ਗਿਆ। ਕਈ ਵਰ੍ਹਿਆਂ ਦੀ ਘਾਲਣਾ ਤੋਂ ਬਾਅਦ ਜਦ ਸਾਰੀ ਬਾਣੀ ਇਕੱਠੀ ਹੋ ਗਈ ਤਾਂ ਉਸ ਨੂੰ ਸੋਧ ਕੇ ਅਤੇ ਰਾਗਾਂ ਅਨੁਸਾਰ ਤਰਤੀਬ ਦੇ ਕੇ ਅੰਤਿਮ ਰੂਪ ਵਿਚ ਲਿਖਣ ਦਾ ਕੰਮ ਭਾਈ ਗੁਰਦਾਸ ਦੇ ਸਪੁਰਦ ਕੀਤਾ ਗਿਆ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਬੀੜ ਦੇ ਲਿਖਾਰੀ ਹੋਣ ਦਾ ਮਾਣ ਭਾਈ ਗੁਰਦਾਸ ਜੀ ਨੂੰ ਪ੍ਰਾਪਤ ਹੈ। ਇਹ ਮਹਾਨ ਕਾਰਜ ਭਾਈ ਸਾਹਿਬ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੁਯੋਗ ਅਗਵਾਈ ਤੇ ਨਿਗਰਾਨੀ ਹੇਠ ਕੀਤਾ।

## ਵਿਸ਼ੇਸ਼ ਯੋਗਦਾਨ

ਜਦੋਂ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਮਿਲੀ ਤਾਂ ਭਾਈ ਗੁਰਦਾਸ ਜੀ ਨੇ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਗੁਰੂ ਸਾਹਿਬ ਦੀ ਸੇਵਾ ਵਿੱਚ ਹਮੇਸ਼ਾਂ ਹੀ ਹਾਜ਼ਰ ਰਹੇ। ਜਿਸ ਸਮੇਂ ਗੁਰੂ ਅਰਜਨ ਸਾਹਿਬ ਗੱਦੀ 'ਤੇ ਬਿਰਾਜਮਾਨ ਸਨ ਤਾਂ ਇੱਕ ਸਮਾਂ ਅਜਿਹਾ ਆ ਗਿਆ ਸੀ ਕਿ ਗੁਰੂ ਘਰ ਦੇ ਲੰਗਰ ਮਸਤਾਨੇ ਹੋ ਚੁੱਕੇ ਸਨ। ਭਾਈ ਗੁਰਦਾਸ ਜੀ ਨੇ ਇਸ ਵਿਸ਼ੇ ਪ੍ਰਤੀ ਚਿੰਤਾ ਪ੍ਰਗਟ ਕੀਤੀ। ਦੇਖਣ ਵਿੱਚ ਆਇਆ ਕਿ ਪ੍ਰਿਥੀ ਚੰਦ ਮਸੰਦਾਂ ਕੋਲੋਂ ਰਸਦ, ਮਾਇਆ ਆਦਿ ਲੈ ਲੈਂਦਾ ਸੀ ਪਰ ਗੁਰੂ ਦਰਬਾਰ ਵਿੱਚ ਨਹੀਂ ਪਹੁੰਚਾਉਂਦਾ ਸੀ। ਭਾਈ ਗੁਰਦਾਸ ਜੀ ਨੇ ਇਸ ਸਥਿਤੀ ਨੂੰ ਭਾਂਪਦਿਆਂ ਹੋਇਆਂ ਮਸੰਦਾਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ ਤੇ ਉਨ੍ਹਾਂ ਨੂੰ ਸਮਝਾਇਆ ਕਿ ਰਸਦ ਮਾਇਆ ਆਦਿਕ ਸਿੱਧੀ ਗੁਰੂ ਦਰਬਾਰ ਦੇ ਵਿੱਚ ਪਹੁੰਚਾਈ ਜਾਵੇ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਵੀ ਜਦੋਂ ਗੁਰੂ ਜੀ ਨੇ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾਈ, ਉਸ ਦੀ ਸਾਰੀ ਸੇਵਾ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੇ ਨਿਭਾਈ।

## ਵਾਰਾਂ ਤੇ ਕਬਿੱਤ ਸਵੱਈਏ

ਪੰਜਾਬੀ ਭਾਸ਼ਾ ਵਿੱਚ ਆਪ ਜੀ ਦੀ ਮਹਾਨ ਰਚਨਾ "ਵਾਰਾਂ ਗਿਆਨ ਰਤਨਾਵਲੀ" ਨੂੰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੀ ਕੁੰਜੀ ਕਹਿ ਕੇ ਨਿਵਾਜਿਆ। ਸਿੱਖ ਇਤਿਹਾਸ ਤੇ ਪੰਜਾਬੀ ਸਾਹਿਤ ਵਿੱਚ ਇਨ੍ਹਾਂ ਵਾਰਾਂ ਦਾ ਇੱਕ ਵਿਸ਼ੇਸ਼ ਸਥਾਨ ਹੈ। ਗੁਰੂ ਪਾਤਸ਼ਾਹ ਦੀ ਦੇਖ੍ਰੇਖ ਵਿਚ ਗਿਣਾਤਮਕ ਤੇ ਗੁਣਾਤਮਕ ਪੱਖੋਂ ਇਨ੍ਹਾਂ ਨੇ 40 ਵਾਰਾਂ ਦੀ ਰਚਨਾ ਕਰਕੇ ਪ੍ਰਥਮ ਸਿਰਮੌਰ ਵਾਰਕਾਰ ਹੋਣ ਦਾ ਸੁਭਾਗ ਪ੍ਰਾਪਤ ਕੀਤਾ ਹੈ, ਜਿਸ ਵਿਚ 913 ਪਉੜੀਆਂ, 6,444 ਪੰਕਤੀਆਂ ਅਤੇ 46,166 ਦੇ ਕਰੀਬ ਸ਼ਬਦ ਆਏ ਹਨ। ਬ੍ਰਜ ਭਾਸ਼ਾ ਵਿਚ ਲਿਖੇ ਕਬਿੱਤ ਸਵੱਈਏ ਹਨ, ਜਿਨ੍ਹਾਂ ਦੀ ਗਿਣਤੀ ਲਗਭਗ 675 ਹੈ।

ਅੰਤਿਮ ਸਮਾਂ

ਆਪ 74 ਸਾਲ ਦੀ ਪਰਮਾਤਮਾ ਵੱਲੋਂ ਬਖਸ਼ੀ ਸਵਾਸਾਂ ਦੀ ਪੂੰਜੀ ਨੂੰ ਗੁਰੂ ਘਰ ਦੇ ਲੇਖੇ ਲਾਉਂਦਿਆਂ ਹੀ 1619 ਈਸਵੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਹਜ਼ੂਰੀ ਵਿਖੇ ਹੀ ਸਤਿਗੁਰੂ ਜੀ ਦੇ ਦਰਸ਼ਨ੍ਦੀਦਾਰ ਕਰਦਿਆਂ ਅਕਾਲ ਚਲਾਣਾ ਕਰ ਗਏ। ਗੁਰੂ ਸਾਹਿਬ ਨੇ ਆਪਣੇ ਹੱਥੀਂ ਭਾਈ ਸਾਹਿਬ ਦਾ ਸਸਕਾਰ ਕੀਤਾ।

## ਭਾਈ ਨੰਦ ਲਾਲ ਜੀ



ਭਾਈ ਨੰਦ ਲਾਲ ਜੀ ਗੁਰੂ ਘਰ ਦੀ ਪ੍ਰਸਿੱਧ ਸ਼ਖਸੀਅਤ ਸਨ। ਭਾਈ ਨੰਦ ਲਾਲ ਜੀ ਅਰਬੀ, ਫ਼ਾਰਸੀ ਦੇ ਵੱਡੇ ਵਿਦਵਾਨ ਸਨ। ਆਪ ਜੀ ਦੀਆਂ ਰਚਨਾਵਾਂ ਇੱਕ ਪਾਸੇ ਤਾਂ ਪ੍ਰਮੇਸ਼ਰ ਦੇ ਨਾਲ ਸੁਰਤਿ ਜੋੜਦੀਆਂ ਹਨ ਤੇ ਦੂਸਰੇ ਪਾਸੇ ਦਾਰਸ਼ਨਿਕਤਾ ਭਰਪੂਰ ਰਚਨਾਵਾਂ ਹਨ। ਆਪ ਨੇ ਜੋ ਵੀ ਲਿਖਿਆ, ਉਸ ਵਿੱਚੋਂ ਨਿਮਰਤਾ, ਸਹਿਜ, ਸੰਜਮ ਦੇ ਦੀਦਾਰੇ ਹੁੰਦੇ ਹਨ। ਇਸੇ ਕਾਰਨ ਹੀ ਆਪ ਜੀ ਦਾ ਨਾਮ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਦੇ ਮੁੱਖ ਸਿੱਖਾਂ ਵਿੱਚ ਆਉਂਦਾ ਹੈ।

ਭਾਈ ਨੰਦ ਲਾਲ ਜੀ ਦਾ ਜਨਮ 1633 ਈ ਨੂੰ ਗ਼ਜ਼ਨੀ (ਅਫ਼ਗਾਨਿਸਤਾਨ) ਵਿਚ ਹੋਇਆ। ਉਨ੍ਹਾਂ ਦੇ ਪਿਤਾ ਛੱਜੂ ਮੱਲ ਜੀ ਸ਼ਹਿਜ਼ਾਦਾ ਦਾਰਾ ਸ਼ਿਕੋਹ ਦੇ ਮੁਨਸ਼ੀ ਅਤੇ ਬਹੁਤ ਚੰਗੇ ਵਿਦਵਾਨ ਸਨ। ਭਾਈ ਨੰਦ ਲਾਲ ਜੀ ਨੇ ਬਾਰਾਂ ਸਾਲ ਦੀ ਉਮਰ ਵਿਚ ਕਵਿਤਾ ਲਿਖਣੀ ਸ਼ੁਰੂ ਕੀਤੀ ਅਤੇ ਆਪਣਾ ਤਖੱਲਸ 'ਗੋਯਾ' ਰੱਖਿਆ। ਜਦੋਂ ਉਹ ਸਤਾਰਾਂ ਸਾਲ ਦੇ ਹੋਏ ਤਾਂ ਉਨ੍ਹਾਂ ਦੇ ਮਾਤਾ ਜੀ ਅਤੇ ਉਸ ਤੋਂ ਦੋ ਸਾਲ ਬਾਦ ਉਨ੍ਹਾਂ ਦੇ ਪਿਤਾ ਜੀ ਦਾ ਦੇਹਾਂਤ ਹੋ ਗਿਆ। ਭਾਈ ਨੰਦ ਲਾਲ ਜੀ ਪੰਜਾਬ ਮੁੜ ਆਏ ਅਤੇ ਮੁਲਤਾਨ ਵਿਚ ਰਹਿਣ ਲੱਗੇ।

ਗੁਰੂ ਸਾਹਿਬ ਨੇ ਆਨੰਦਪੁਰ ਸਾਹਿਬ ਵਿੱਚ ਵਿਦਵਾਨ, ਕਵੀਆਂ ਅਤੇ ਇਲਮ ਹੁਨਰ ਨਾਲ ਜੁੜੇ ਹੋਰ ਦਾਨਿਸ਼ਵਰਾਂ ਨੂੰ ਆਪਣੇ ਦਰਬਾਰ ਵਿੱਚ ਹਰ ਤਰ੍ਹਾਂ ਦੀ ਸਰਪ੍ਰਸਤੀ ਦੇ ਕੇ ਨਿਵਾਜਿਆ। ਭਾਈ ਨੰਦ ਲਾਲ ਗੁਰੂ ਜੀ ਦੇ 52 ਕਵੀਆਂ ਵਿੱਚੋਂ ਇੱਕ ਅਤੇ ਅਰਬੀ ਫ਼ਾਰਸੀ ਭਾਸ਼ਾ ਦੇ ਧੁਰੰਧਰ ਵਿਦਵਾਨ ਸਨ। ਭਾਈ ਨੰਦ ਲਾਲ ਜੀ ਨੇ ਗੁਰੂ ਮਹਿਮਾ, ਭਗਤੀ ਅਤੇ ਆਤਮਿਕ ਗਿਆਨ ਦੇ ਵਿਸ਼ੇ ਉੱਪਰ ਕਈ ਪੁਸਤਕਾਂ ਦੀ ਰਚਨਾ ਕੀਤੀ :-

**ਉਨ੍ਹਾਂ ਦੀਆਂ ਰਚਨਾਵਾਂ ਹਨ :** (1) ਗ਼ਜ਼ਲਾਂ ਦੀਵਾਨਿ ਗੋਯਾ (2) ਜ਼ਿੰਦਗੀਨਾਮਾ (3) ਗੰਜ-ਨਾਮਾ (4) ਜੋਤਿ-ਬਿਗਾਸ (ਫ਼ਾਰਸੀ) (5) ਜੋਤਿ-ਬਿਗਾਸ (ਪੰਜਾਬੀ) (6) ਰਹਿਤ ਨਾਮਾ (7) ਤਨਖ਼ਾਹ-ਨਾਮਾ (8) ਦਸਤੂਰੁਲ-ਇਨਸ਼ਾ (9) ਅਰਜ਼ੁਲ-ਅਲਫ਼ਾਜ (10) ਤੌਂਸੀਫ਼ੋਸਨਾ (11) ਖ਼ਾਤਿਮਾ

ਗੁਰੂ ਸਾਹਿਬ ਕੋਲ ਆਉਣ ਤੋਂ ਪਹਿਲਾਂ ਭਾਈ ਨੰਦ ਲਾਲ ਜੀ ਆਗਰਾ ਵਿੱਚ ਜਾ ਕੇ ਸ਼ਾਹਿਜ਼ਾਦਾ ਮੁਅੱਜ਼ਮ ਦੀ ਨੌਕਰੀ ਕਰਨ ਲੱਗੇ। ਇਸੇ ਸਮੇਂ ਦੌਰਾਨ ਪਵਿੱਤਰ ਕੁਰਾਨ ਦੀ ਇੱਕ ਆਇਤ ਦੇ ਅਰਥ ਪਤਾ ਕਰਨ ਲਈ ਬਾਦਸ਼ਾਹ ਔਰੰਗਜ਼ੇਬ ਨੇ ਸ਼ਹਿਜ਼ਾਦਾ ਮੁਅੱਜ਼ਮ ਨੂੰ ਜ਼ਿੰਮੇਵਾਰੀ ਦਿੱਤੀ ਅਤੇ ਕੁਰਾਨ ਦੀ ਆਇਤ ਦੇ ਜੋ ਅਰਥ ਭਾਈ ਨੰਦ ਲਾਲ ਨੇ ਕੀਤੇ, ਬਾਦਸ਼ਾਹ ਇਹ ਵੇਖ ਕੇ ਦੰਗ ਰਹਿ ਗਿਆ। ਉਸ ਨੇ ਸ਼ਹਿਜ਼ਾਦੇ ਨੂੰ ਇਸ਼ਾਰਾ ਕੀਤਾ ਕਿ ਇੰਨਾ ਵੱਡਾ ਵਿਦਵਾਨ ਇਸਲਾਮ ਵਿੱਚ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ। ਭਾਈ ਨੰਦ ਲਾਲ ਉੱਥੋਂ ਚੁੱਪਚਾਪ ਨਿਕਲ ਕੇ ਗੁਰੂ ਸਾਹਿਬ ਦੇ ਹਜ਼ੂਰ ਆਨੰਦਪੁਰ ਵਿੱਚ ਪੁੱਜ ਗਏ।

ਅਨੰਦਪੁਰ ਸਾਹਿਬ ਇਸ ਸਮੇਂ ਦੌਰਾਨ ਗਿਆਨ, ਵਿੱਦਿਆ ਦਾ ਕੇਂਦਰ ਸੀ। ਭਾਈ ਸਾਹਿਬ ਜੀ ਦੀ ਰਚਨਾ ਦਾ ਪ੍ਰਵਾਹ ਵੀ ਤੁਰ ਪਿਆ। ਆਪ ਗੁਰੂ ਗੋਬਿੰਦ ਸਿੰਘ ਜੀ ਦੇ ਕਵੀਆਂ ਵਿੱਚ ਸ਼ਾਮਲ ਹੋ ਗਏ। ਗੁਰੂ ਜੀ ਦੇ ਪ੍ਰਤੀ ਆਪ ਜੀ ਵਿੱਚ ਅਥਾਹ ਸ਼ਰਧਾ ਸੀ। ਇੱਥੇ ਹੀ ਆਪ ਜੀ ਨੇ ਗੁਰੂ ਪਿਆਰ ਵਿੱਚ ਬਹੁਤ ਸਾਰੀਆਂ ਰਚਨਾਵਾਂ ਦੀ ਰਚਨਾ ਕੀਤੀ। ਨਾਲ ਹੀ ਦੂਸਰੇ ਪਾਸੇ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਨੇ ਇੱਕ ਲੰਗਰ ਦੀ ਸੇਵਾ ਆਪ ਜੀ ਨੂੰ ਸੰਭਾਲ ਦਿੱਤੀ। ਅਨੰਦਪੁਰ ਸਾਹਿਬ ਵਿੱਚ ਜਿੰਨੇ ਵੀ ਡੇਰੇ ਸਨ ਉਹਨਾਂ ਸਾਰਿਆਂ ਡੇਰਿਆਂ ਵਿੱਚ ਲੰਗਰ ਚਲਦੇ ਸਨ ਤੇ ਹਰੇਕ ਲੋੜਵੰਦ ਨੂੰ ਪ੍ਰਸ਼ਾਦਾ ਮਿਲਦਾ ਸੀ। ਇੱਕ ਦਿਨ ਗੁਰੂ ਸਾਹਿਬ ਜੀ ਭਾਈ ਨੰਦ ਲਾਲ ਜੀ ਦੇ ਲੰਗਰ ਵੱਲ ਗਏ। ਗੁਰੂ ਜੀ ਨੇ ਦੇਖਿਆ ਕਿ ਨੰਦ ਲਾਲ ਇੱਕ ਹੱਥ ਨਾਲ ਲੋੜਵੰਦਾਂ ਨੂੰ ਪ੍ਰਸ਼ਾਦੇ ਵੰਡ ਰਿਹਾ ਹੈ ਤੇ ਉਸਦੇ ਦੂਜੇ ਹੱਥ ਵਿੱਚ ਕਾਗ਼ਜ਼ ਹਨ। ਗੁਰੂ ਜੀ ਨੇ ਭਾਈ ਨੰਦ ਲਾਲ ਜੀ ਨੂੰ ਉਨ੍ਹਾਂ ਕਾਗ਼ਜ਼ਾਂ ਬਾਰੇ ਪੁੱਛਿਆ ਤਾ ਭਾਈ ਸਾਹਿਬ ਨੇ ਕਿਹਾ ਕਿ ਮੈਂ ਇਕ ਰਚਨਾ ਰਚੀ ਹੈ ਜਿਸ ਦਾ ਨਾਂ ਬੰਦਗੀਨਾਮਾ ਰੱਖਿਆ ਹੈ। ਜਦੋਂ ਗੁਰੂ ਜੀ ਨੇ ਉਸ ਕਿਤਾਬ ਨੂੰ ਪੜ੍ਹਿਆ ਤਾਂ ਗੁਰੂ ਜੀ ਨੇ ਉਸ ਕਿਤਾਬ ਦਾ ਨਾਂ ਬਦਲ ਕੇ ਜ਼ਿੰਦਗੀਨਾਮਾ ਰੱਖ ਦਿੱਤਾ ਕਿਉਂਕਿ ਉਸ ਕਿਤਾਬ ਵਿੱਚ ਬੰਦਗੀ ਦੇ ਨਾਲ ਨਾਲ ਜ਼ਿੰਦਗੀ ਜਿਉਣ ਦੀ ਜਾਚ ਬਾਰੇ ਵੀ ਦਰਸਾਇਆ ਗਿਆ ਸੀ।

ਇਸੇ ਤਰ੍ਹਾਂ ਗੁਰੂ ਘਰ ਦੀ ਸੇਵਾ ਕਰਦਿਆਂ ਹੋਇਆਂ ਭਾਈ ਨੰਦ ਲਾਲ ਜੀ ਗੁਰੂ ਜੀ ਦੇ ਦੱਖਣ ਜਾਣ ਸਮੇਂ ਆਪ ਵਾਪਸ ਮੁਲਤਾਨ ਚਲੇ ਗਏ ਤੇ ਇਥੇ ਹੀ ਆਪ ਜੀ ਨੇ ਆਪਣੇ ਆਖਰੀ ਸਵਾਸ ਲਏ।

## ਭਾਈ ਘਨੱਈਆ ਜੀ



ਭਾਈ ਘਨੱਈਆ ਜੀ ਦਾ ਜਨਮ 1648 ਈ: ਵਿਚ ਪਾਕਿਸਤਾਨ ਖੇਤਰ ਵਿਚ ਪਿੰਡ ਸੋਦਰਾ ਵਿਖੇ ਖੱਤਰੀਆਂ ਦੇ ਘਰ ਪਿਤਾ ਭਾਈ ਨੱਥੂ ਰਾਮ ਜੀ ਅਤੇ ਮਾਤਾ ਸੁੰਦਰੀ ਜੀ ਦੀ ਕੁੱਖੋਂ ਹੋਇਆ। ਪਿਤਾ ਜੀ ਮੁਗਲ ਸ਼ਾਸਕਾਂ ਨੂੰ ਰਸਦ ਪਹੁੰਚਾਉਣ ਦੀ ਠੇਕੇਦਾਰੀ ਦਾ ਕੰਮ ਕਰਦੇ ਸਨ। ਬਚਪਨ ਵਿਚ ਹੀ ਪਿਤਾ ਦਾ ਦਿਹਾਂਤ ਹੋ ਗਿਆ ਅਤੇ ਪਾਲਣ-ਪੋਸਣ ਆਪ ਜੀ ਦੀ ਮਾਤਾ ਨੇ ਹੀ ਕੀਤਾ। ਗੁਰਬਾਣੀ ਪ੍ਰੇਮ ਅਤੇ ਸਿੱਖੀ ਸਿਦਕ ਭਾਈ ਘਨੱਈਆ ਜੀ ਨੇ ਛੋਟੀ ਉਮਰੇ ਭਗਤ ਨਨੂਆ ਦੀ ਸ਼ਰਨ ਵਿਚ ਜਾ ਕੇ ਪ੍ਰਾਪਤ ਕੀਤਾ। ਭਾਈ ਨਨੂਆ ਜੀ ਦੀ ਸੰਗਤ ਨਾਲ ਆਪ ਸੇਵਕ ਬਣ ਗਏ। ਇਸ ਉਪਰੰਤ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਭਾਈ ਘਨੱਈਆ ਜੀ ਨੇ ਸਿਮਰਨ ਅਤੇ ਸੇਵਾ ਕਰਨ ਦਾ ਬਲ ਪ੍ਰਾਪਤ ਕੀਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰੋਂ-ਘਰੋਂ ਵਰੋਸਾਏ ਭਾਈ ਘਨੱਈਆ ਜੀ ਖ਼ਾਲਸੇ ਦੀ ਜਨਮ-ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਜਬਰ, ਜ਼ੁਲਮ ਦੇ ਖਾਤਮੇ ਅਤੇ ਗਰੀਬਾਂ, ਮਜ਼ਲੂਮਾਂ ਦੀ ਰੱਖਿਆ ਲਈ ਹੋ ਰਹੇ ਧਰਮ ਯੁੱਧ ਵਿੱਚ ਚਮੜੇ ਦੀ ਮਸ਼ਕ ਪਾਣੀ ਦੀ ਭਰ ਕੇ ਲੜਾਈ ਵਿੱਚ ਚੱਲਦੀਆਂ ਤੋਪਾਂ ਵਿੱਚ, ਗੋਲੀਆਂ ਦੇ ਵਰ੍ਹਦੇ ਮੀਂਹ ਵਿੱਚ, ਤੀਰਾਂ ਦੀ ਬੁਛਾੜ ਵਿੱਚ ਜਿੱਥੇ ਕੋਈ ਪਾਣੀ ਮੰਗਦਾ, ਪਹੁੰਚ ਕੇ ਪਾਣੀ ਪਿਲਾਉਂਦੇ ਸਨ। ਉਹ ਜ਼ਖਮੀਂ ਹੋਏ ਦੁਸ਼ਮਣਾਂ ਦੇ ਸੈਨਿਕਾਂ ਨੂੰ ਵੀ ਪਾਣੀ ਪਿਲਾ ਕੇ ਮੁੜ ਜੀਵਤ ਕਰ ਰਿਹਾ ਹੈ। ਕੀ ਇਹ (ਘਨੱਈਆ) ਦੁਸ਼ਮਣ ਦੇ ਸੈਨਿਕਾਂ ਨਾਲ ਰਲਿਆ ਹੋਇਆ ਹੈ ਇਹ ਵੇਖ ਕੇ ਕੁੱਝ ਸਿੰਘਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਸ਼ਿਕਾਇਤ ਕੀਤੀ ਕਿ ਅਸੀਂ ਤਾਂ ਮੈਦਾਨੇ ਜੰਗ ਵਿੱਚ ਦੁਸ਼ਮਣ ਨੂੰ ਮੁਸ਼ਕਲ ਨਾਲ ਡੇਗਦੇ ਹਾਂ, ਪਰ ਇੱਕ ਮਾਸ਼ਕੀ ਸਿੱਖ ਉਨ੍ਹਾਂ ਨੂੰ ਪਾਣੀ ਪਿਲਾ ਕੇ ਜਿਉਂਦਾ ਕਰ ਦਿੰਦਾ ਹੈ, ਭਾਵ ਨਵਾਂ-ਨਿਰੋਆ ਕਰ ਦਿੰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਘੱਨਈਆ ਜੀ ਨੂੰ ਸੱਦ ਲਿਆ। ਸਿੱਖਾਂ ਦੇ ਸ਼ਿਕਾਇਤ ਕਰਨ'ਤੇ ਆਪ ਜੀ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਹਰ ਇਕ ਜ਼ਖ਼ਮੀ ਵਿਅਕਤੀ ਵਿਚ ਮੈਨੂੰ ਆਪ ਜੀ ਦੀ ਸੂਰਤ ਦਿਸਦੀ

ਸੀ। ਆਪਣਿਆਂ ਅਤੇ ਵੈਰੀਆਂ ਵਿਚ ਕਿਸੇ ਪ੍ਰਕਾਰ ਦੀ ਕੋਈ ਵਿਥ ਨਾ ਸਮਝਣ ਵਾਲੇ ਭਾਈ ਘਨੱਈਆ ਜੀ ਉੱਤੇ ਗੁਰੂ ਜੀ ਬਹੁਤ ਖੁਸ਼ ਹੋਏ ਅਤੇ ਨੇ ਆਪ ਨੂੰ ਜ਼ਖ਼ਮੀਆਂ ਦੀ ਮਰਹਮ-ਪੱਟੀ ਕਰਨ ਦੀ ਵੀ ਆਗਿਆ ਦੇ ਦਿੱਤੀ। ਇਸ ਤਰ੍ਹਾਂ ਭਾਈ ਘਨੱਈਆ ਜੀ ਬਿਨਾ ਕਿਸੇ ਭੇਦ-ਭਾਵ ਦੇ ਲੋਕਾਂ ਦੀ ਸੇਵਾ ਕਰਦੇ ਰਹੇ।

ਜਦੋਂ ਸੰਨ 1705 ਈ. ਵਿਚ ਗੁਰੂ ਜੀ ਨੇ ਆਨੰਦਪੁਰ ਛਡਿਆ, ਤਾਂ ਆਪ ਜੀ ਆਪਣੇ ਆਸ਼੍ਰਮ 'ਕਵ੍ਹਾ' ਚਲੇ ਗਏ। ਗੁਰੂ ਜੀ ਨੇ ਆਪ ਨੂੰ ਨਾਮ-ਸਿਮਰਨ ਅਤੇ ਸੇਵਾ ਵਿਚ ਸਦਾ ਮਗਨ ਰਹਿਣ ਦਾ ਵਰਦਾਨ ਦਿੱਤਾ। ਕਵ੍ਹਾ ਪਹੁੰਚ ਕੇ ਆਪ ਨੇ ਲੋਕਾਂ ਦੀ ਬਹੁਤ ਸੇਵਾ ਕੀਤੀ। 71 ਵਰ੍ਹਿਆਂ ਦੀ ਉਮਰ ਭੋਗਣ ਤੋਂ ਬਾਦ ਸੰਨ 1718 ਈ. ਵਿਚ ਆਪ ਦਾ ਉਥੇ ਹੀ ਦੇਹਾਂਤ ਹੋਇਆ।

## ਪ੍ਰਸ਼ਨੋਤਰੀ

ਪ੍ਰਸ਼ਨ 1. ਸਿੱਖ ਧਰਮ ਦੇ ਪਹਿਲੇ ਵਿਆਖਿਆਕਾਰ ਕੌਣ ਹਨ?
(ੳ) ਭਾਈ ਨੰਦ ਲਾਲ (ਅ) ਭਾਈ ਗੁਰਦਾਸ
(ੲ) ਭਾਈ ਮਨੀ ਸਿੰਘ (ਸ) ਗੁਰੂ ਨਾਨਕ ਦੇਵ ਜੀ

ਪ੍ਰਸ਼ਨ 2. ਭਾਈ ਗੁਰਦਾਸ ਜੀ ਦਾ ਜਨਮ ਕਿੱਥੇ ਹੋਇਆ?
(ੳ) ਕਰਤਾਰਪੁਰ (ਅ) ਖਡੂਰ ਸਾਹਿਬ
(ੲ) ਅੰਮ੍ਰਿਤਸਰ (ਸ) ਗੋਇੰਦਵਾਲ

ਪ੍ਰਸ਼ਨ 3. ਭਾਈ ਗੁਰਦਾਸ ਜੀ ਦੇ ਪਾਲਣ-ਪੋਸਣ ਤੇ ਪੜ੍ਹਾਈ ਦਾ ਪ੍ਰਬੰਧ ਕਿਸ ਨੇ ਕੀਤਾ ?
(ੳ) ਬਾਬਾ ਬੁੱਢਾ ਜੀ ਨੇ (ਅ) ਗੁਰੂ ਰਾਮਦਾਸ ਜੀ ਨੇ
(ੲ) ਗੁਰੂ ਅਮਰਦਾਸ ਜੀ ਨੇ (ਸ) ਗੁਰੂ ਅੰਗਦ ਦੇਵ ਜੀ ਨੇ

ਪ੍ਰਸ਼ਨ 4. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਬੀੜ ਦੇ ਲਿਖਾਰੀ ਹੋਣ ਦਾ ਮਾਣ ਕਿਸ ਨੂੰ ਪ੍ਰਾਪਤ ਹੈ
(ੳ) ਸ੍ਰੀ ਗੁਰੂ ਨਾਨਕ ਦੇਵ ਜੀ (ਅ) ਸ੍ਰੀ ਗੁਰੂ ਅਰਜਨ ਦੇਵ ਜੀ
(ੲ) ਭਾਈ ਮਨੀ ਸਿੰਘ ਜੀ (ਸ) ਭਾਈ ਗੁਰਦਾਸ ਜੀ

ਪ੍ਰਸ਼ਨ 5. ਭਾਈ ਗੁਰਦਾਸ ਜੀ ਦੀ ਮਹਾਨ ਰਚਨਾ 'ਵਾਰਾਂ' ਗਿਆਨ ਰਤਨਾਵਲੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਸ ਨਾਮ ਨਾਲ ਨਿਵਾਜਿਆ।
(ੳ) ਬਾਣੀ ਖਜਾਨਾ (ਅ) ਸਹਾਇਕ ਬਾਣੀ
(ੲ) ਗੁਰਬਾਣੀ ਦੀ ਕੁੰਜੀ (ਸ) ਵਾਰਾਂ

ਪ੍ਰਸ਼ਨ 6. ਭਾਈ ਗੁਰਦਾਸ ਜੀ ਨੇ ਕਿੰਨੀਆਂ ਵਾਰਾਂ ਦੀ ਰਚਨਾ ਕੀਤੀ?

(ੳ) 22 (ਅ) 31

(ੲ) 40 (ਸ) 45

ਪ੍ਰਸ਼ਨ 7. ਭਾਈ ਗੁਰਦਾਸ ਜੀ ਨੇ ਕਿੰਨੇ ਕਬਿੱਤ ਸਵੱਈਆਂ ਦੀ ਰਚਨਾ ਕੀਤੀ।

(ੳ)650 (ਅ) 675

(ੲ)674 (ਸ) 670

ਪ੍ਰਸ਼ਨ 8. ਭਾਈ ਨੰਦ ਲਾਲ ਜੀ ਦਾ ਜਨਮ ਕਿੱਥੇ ਹੋਇਆ?

(ੳ) ਪਾਕਿਸਤਾਨ (ਅ) ਲਾਹੌਰ

(ੲ) ਹਿੰਦੁਸਤਾਨ (ਸ) ਗਜ਼ਨੀ (ਅਫ਼ਗਾਨਿਸਤਾਨ)

ਪ੍ਰਸ਼ਨ 9. ਗੁਰੂ ਪਾਤਸ਼ਾਹ ਨੇ ਭਾਈ ਨੰਦ ਲਾਲ ਦੀ ਕਿਹੜੀ ਰਚਨਾ ਦਾ ਨਾਮ ਬਦਲ ਕੇ 'ਜ਼ਿੰਦਗੀਨਾਮਾ' ਰੱਖ ਦਿੱਤਾ।

(ੳ) ਰਹਿਤਨਾਮਾ (ਅ) ਖ਼ਾਤਿਮਾ

(ੲ) ਤਨਖ਼ਾਹਨਾਮਾ (ਸ) ਬੰਦਗੀਨਾਮਾ

ਪ੍ਰਸ਼ਨ 10. ਬਾਬਾ ਬੁੱਢਾ ਜੀ ਦਾ ਬਚਪਨ ਦਾ ਨਾਮ ਕੀ ਸੀ?

(ੳ) ਭਾਈ ਬੁੱਢਾ (ਅ) ਬੁੱਢਾ ਮੱਲ

(ੲ) ਬੂੜਾ (ਸ) ਬੁੱਢਾ ਰਾਮ

ਪ੍ਰਸ਼ਨ 11. ਬਾਬਾ ਬੁੱਢਾ ਜੀ ਦਾ ਜਨਮ ਕਿੱਥੇ ਹੋਇਆ?

(ੳ) ਅੰਮ੍ਰਿਤਸਰ (ਅ) ਕੱਥੂਨੰਗਲ

(ੲ) ਖਡੂਰ ਸਾਹਿਬ (ਸ) ਤਰਨਤਾਰਨ

ਪ੍ਰਸ਼ਨ 12. ਬਾਬਾ ਬੁੱਢਾ ਜੀ ਨੇ ਕਿਹੜੇ ਗੁਰੂ ਸਾਹਿਬਾਨ ਤੱਕ ਗੁਰਤਾ ਗੱਦੀ ਦੇ ਤਿਲਕ ਦੀ ਰਸਮ ਨਿਭਾਈ?

(ੳ) ਗੁਰੂ ਅਰਜਨ ਦੇਵ ਜੀ (ਅ) ਗੁਰੂ ਤੇਗ ਬਹਾਦਰ ਜੀ

(ੲ) ਗੁਰੂ ਰਾਮਦਾਸ ਜੀ (ਸ) ਗੁਰੂ ਹਰਿਗੋਬਿੰਦ ਸਾਹਿਬ

ਪ੍ਰਸ਼ਨ 13. ਬਾਬਾ ਬੁੱਢਾ ਜੀ ਦੀ ਦੇਹਾਂਤ ਸਮੇਂ ਕਿੰਨੀ ਉਮਰ ਸੀ?

(ੳ) 105 ਸਾਲ (ਅ) 120 ਸਾਲ

(ੲ) 134 ਸਾਲ (ਸ) 125 ਸਾਲ

ਪ੍ਰਸ਼ਨ 14. ਭਾਈ ਘਨੱਈਆ ਜੀ ਦਾ ਜਨਮ ਕਿੱਥੇ ਹੋਇਆ?

(ੳ) ਅੰਮ੍ਰਿਤਸਰ (ਅ) ਅਨੰਦਪੁਰ

(ੲ) ਲਾਹੌਰ (ਸ) ਸੋਦਰਾ

ਪ੍ਰਸ਼ਨ 15. ਭਾਈ ਘਨੱਈਆ ਜੀ ਕਦੋਂ ਅਕਾਲ ਚਲਾਣਾ ਕਰ ਗਏ?

(ੳ) 1718 ਈ. (ਅ) 1720ਈ.

(ੲ) 1719ਈ. (ਸ) 1721ਈ.

ਪ੍ਰਸ਼ਨ 16. ਭਾਈ ਘਨੱਈਆ ਜੀ ਕਿਸ ਨਾਲ ਪਾਣੀ ਪਿਆਉਂਦੇ ਸਨ ?

(ੳ) ਮਸ਼ਕ (ਅ) ਬਾਲਟੀ

(ੲ) ਜੱਗ (ਸ) ਗੜਵਾ

ਪ੍ਰਸ਼ਨ 17. ਭਾਈ ਗੁਰਦਾਸ ਜੀ ਕਿਸ ਦੇ ਭਤੀਜੇ ਸਨ ?

(ੳ) ਸ੍ਰੀ ਗੁਰੂ ਨਾਨਕ ਜੀ (ਅ) ਸ੍ਰੀ ਗੁਰੂ ਰਾਮਦਾਸ ਜੀ

(ੲ) ਸ੍ਰੀ ਗੁਰੂ ਅਮਰਦਾਸ ਜੀ (ਸ) ਸ੍ਰੀ ਗੁਰੂ ਅਰਜਨ ਦੇਵ ਜੀ

ਪ੍ਰਸ਼ਨ 18. ਭਾਈ ਗੁਰਦਾਸ ਜੀ ਕਿਹੜੇ ਗ੍ਰੰਥ ਦੇ ਲਿਖਾਰੀ ਸਨ ?

(ੳ) ਗ੍ਰੰਥ ਸਾਹਿਬ ਜੀ (ਅ) ਦਸਮ ਗ੍ਰੰਥ

(ੲ) ਆਦਿ ਬੀੜ (ਸ) ਸਰਬ ਲੋਹ ਗ੍ਰੰਥ

ਪ੍ਰਸ਼ਨ 19.ਕਿਸ ਗੁਰੂ ਸਾਹਿਬਾਨ ਨੇ ਭਾਈ ਗੁਰਦਾਸ ਜੀ ਤੋਂ ਅਕਾਲ ਤਖ਼ਤ ਦੀ ਉਸਾਰੀ ਕਰਵਾਈ ?

(ੳ) ਗੁਰੂ ਅਰਜਨ ਦੇਵ ਜੀ (ਅ) ਗੁਰੂ ਹਰਿਗੋਬਿੰਦ ਸਾਹਿਬ ਜੀ

(ੲ) ਗੁਰੂ ਹਰਿਰਾਏ ਸਾਹਿਬ ਜੀ (ਸ) ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਪ੍ਰਸ਼ਨ 20. ਭਾਈ ਨੰਦ ਲਾਲ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਕਿਸ ਕਰਕੇ ਪ੍ਰਸਿੱਧ ਹੋਏ?

(ੳ) ਸੈਨਿਕ ਗੁਣਾਂ ਕਰਕੇ (ਅ) ਕਵੀ ਹੋਣ ਕਰਕੇ

(ੲ) ਦੋਵੇਂ (ਸ) ਕੋਈ ਨਹੀਂ

ਪ੍ਰਸ਼ਨ 21. ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭਾਈ ਨੰਦ ਲਾਲ ਦੀ ਪੁਸਤਕ ਦਾ ਨਾਂ ਬਦਲ ਕੇ ਕੀ ਰੱਖਿਆ ?

(ੳ) ਬੰਦਗੀ-ਨਾਮਾ (ਅ) ਜ਼ਿੰਦਗੀ-ਨਾਮਾ

(ੲ) ਰਹਿਤ-ਨਾਮਾ (ਸ) ਤਨਖਾਹ-ਨਾਮਾ

ਪ੍ਰਸ਼ਨ 22. ਭਾਈ ਨੰਦ ਲਾਲ ਜੀ ਨੇ ਆਪਣਾ ਅੰਤਿਮ ਸਮਾਂ ਕਿੱਥੇ ਬਤੀਤ ਕੀਤਾ ?

(ੳ) ਕਾਬੁਲ (ਅ) ਮੁਲਤਾਨ

(ੲ) ਪੰਜਾਬ (ਸ) ਦਿੱਲੀ

ਪ੍ਰਸ਼ਨ 23. ਬਾਬਾ ਬੁੱਢਾ ਜੀ ਕਿਥੋਂ ਦੇ ਪਹਿਲੇ ਗ੍ਰੰਥੀ ਸਨ?

(ੳ) ਹਰਿਮੰਦਰ ਸਾਹਿਬ (ਅ) ਅਕਾਲ ਤਖ਼ਤ

(ੲ) ਤਰਨਤਾਰਨ (ਸ) ਕੀਰਤਪੁਰ ਸਾਹਿਬ

ਪ੍ਰਸ਼ਨ 24. ਮਰਦਾਨਾ ਜੀ ਕਿਸ ਦੇ ਸਾਥੀ ਸਨ ?

(ੳ) ਗੁਰੂ ਨਾਨਕ ਸਾਹਿਬ ਦੇ (ਅ) ਹਸਨ

(ੲ) ਸੱਜਣ ਦੇ (ਸ) ਪੰਡਤ ਦੇ

ਪ੍ਰਸ਼ਨ 25. ਮਰਦਾਨਾ ਜੀ ਕੌਣ ਸਨ?

(ੳ) ਮੁਸਲਿਮ (ਅ) ਪਾਰਸੀ

(ੲ) ਹਿੰਦੂ (ਸ) ਸਿੱਖ

ਪ੍ਰਸ਼ਨ 26. ਮਰਦਾਨਾ ਜੀ ਕਿਥੋਂ ਦੇ ਰਹਿਣ ਵਾਲੇ ਸਨ ?

(ੳ) ਅਫ਼ਗਾਨਿਸਤਾਨ (ਅ) ਕਜ਼ਾਕਿਸਤਾਨ

(ੲ) ਪਾਕਿਸਤਾਨ (ਸ) ਹਿੰਦੁਸਤਾਨ

ਪ੍ਰਸ਼ਨ 27. ਮਰਦਾਨਾ ਜੀ ਸਿੱਖ ਇਤਿਹਾਸ ਵਿੱਚ ਕਿਸ ਨਾਮ ਨਾਲ ਜਾਣੇ ਜਾਂਦੇ ਹਨ?

(ੳ) ਰਬਾਬੀ (ਅ) ਰਾਗੀ

(ੲ) ਢਾਡੀ (ਸ) ਨਾਦੀ

ਪ੍ਰਸ਼ਨ 28. ਮਰਦਾਨਾ ਜੀ ਕਿਹੜਾ ਸਾਜ਼ ਵਜਾਉਂਦੇ ਸਨ ?

(ੳ) ਸਿਤਾਰ (ਅ) ਸਰੰਦਾ

(ੲ) ਰਬਾਬ (ਸ) ਦਿਲਰੁਬਾ

ਪ੍ਰਸ਼ਨ 29. ਮਰਦਾਨਾ ਜੀ ਆਪਣੇ ਅੰਤਿਮ ਸਮੇਂ ਕਿੱਥੇ ਸਨ?

(ੳ) ਅਫ਼ਗਾਨਿਸਤਾਨ (ਅ) ਕਜ਼ਾਕਿਸਤਾਨ

(ੲ) ਪਾਕਿਸਤਾਨ (ਸ) ਹਿੰਦੁਸਤਾਨ

ਪ੍ਰਸ਼ਨ 30. ਭਾਈ ਗੁਰਦਾਸ ਜੀ ਦੀਆਂ ਵਾਰਾਂ ਕਿਸ ਭਾਸ਼ਾ ਵਿਚ ਲਿਖੀਆਂ ਸਨ?

(ੳ) ਹਿੰਦੀ (ਅ) ਉਰਦੂ

(ੲ) ਪੰਜਾਬੀ (ਸ) ਸੰਸਕ੍ਰਿਤ

**ਉੱਤਰ:** 1. (ਅ), 2. (ਸ), 3. (ੲ), 4. (ਸ), 5. (ੲ), 6. (ੲ), 7. (ਅ), 8. (ਸ), 9. (ਸ), 10. (ੲ), 11. (ਅ), 12. (ਸ), 13. (ਸ), 14. (ਸ), 15. (ੳ), 16. (ੳ ), 17. (ੲ), 18. (ੲ), 19. (ਅ), 20. (ਅ), 21. (ਅ), 22. (ਅ), 23. (ੳ), 24. (ੳ), 25. (ੳ), 26. (ੲ), 27. (ੳ), 28. (ੲ), 29. (ੳ), 30. (ੲ),

# ਅਧਿਆਇ-ਛੇਵਾਂ

## ਸਿੱਖ ਦਾ ਰੋਜ਼ਾਨਾ/ਨਿੱਤ ਨੇਮ, ਸਿਧਾਂਤ ਅਤੇ ਅਰਦਾਸ

## 1. ਸਿੱਖ ਦਾ ਰੋਜ਼ਾਨਾ/ਨਿੱਤ ਨੇਮ

ਗੁਰੂ ਸਾਹਿਬ ਨੇ ਗੁਰਬਾਣੀ ਵਿੱਚ ਇਕ ਸਿੱਖ ਦੇ ਨਿੱਤ ਦਾ ਕਰਮ ਕੀ ਹੋਣਾ ਚਾਹੀਦਾ ਹੈ ਬਾਰੇ ਇਸ ਤਰ੍ਹਾਂ ਵਰਨਣ ਕੀਤਾ ਗਿਆ ਹੈ :

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥**
**ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰ ਨਾਵੈ ॥**
**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥**
**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥**
**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥**
**ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖੁ ਗੁਰੂ ਮਨਿ ਭਾਵੈ ॥**
**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥**

ਗੁਰੂ ਸਾਹਿਬ ਦੇ ਅਨੁਸਾਰ ਹਰੇਕ ਸਿਖ ਦਾ ਇਹ ਫਰਜ਼ ਹੈ ਕਿ ਉਹ ਅੰਮ੍ਰਿਤ ਵੇਲੇ ਉੱਠ ਕੇ, ਇਸ਼ਨਾਨ ਕਰਕੇ ਪਰਮਾਤਮਾ ਦਾ ਨਾਮ ਜਪੇ ਅਤੇ ਗੁਰਬਾਣੀ ਦਾ ਪਾਠ ਕਰੇ। ਸਮੁੱਚੇ ਦਿਨ ਵਿਚ ਆਪਣੀ ਕਿਰਤ ਕਰਦਿਆਂ ਹੋਇਆਂ ਵੀ ਉਸ ਦੀ ਯਾਦ ਵਿਚ ਪਰਮਾਤਮਾ ਦਾ ਨਾਮ ਵਸਿਆ ਹੋਣਾ ਚਾਹੀਦਾ ਹੈ।ਅਜਿਹੀ ਕਰਣੀ ਵਾਲਾ ਮਨੁੱਖ ਹੀ ਅਸਲ ਵਿਚ ਗੁਰੂ ਦਾ ਪਿਆਰਾ ਮਨੁੱਖ ਬਣਦਾ ਹੈ, ਜੋ ਆਪ ਵੀ ਸਿਮਰਨ ਕਰਦਾ ਹੈ ਅਤੇ ਹੋਰਨਾਂ ਨੂੰ ਵੀ ਨਾਮ ਜਪਣ ਲਈ ਪ੍ਰੇਰਿਤ ਕਰਦਾ ਹੈ। ਇਸ ਨੇਮ ਦੀ ਪ੍ਰਾਪਤੀ ਇਹ ਹੈ ਕਿ ਅਜਿਹੇ ਨੇਮ ਨੂੰ ਧਾਰਨ ਕਰਨ ਨਾਲ ਪਾਪਾਂ ਅਤੇ ਵਿਕਾਰਾਂ ਦਾ ਨਾਸ਼ ਹੋ ਜਾਂਦਾ ਹੈ।

## 2. ਗੁਰ ਮੰਤਰ ਅਤੇ ਮੂਲ ਮੰਤਰ

ਵਾਹਿਗੁਰੂ ਸ਼ਬਦ ਗੁਰ ਮੰਤਰ ਹੈ। ਇਸ ਨੂੰ ਜਪਣ ਦੀ ਹਿਦਾਇਤ ਹੈ। ਅਤੇ "ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥" ਮੂਲ ਮੰਤਰ ਹੈ

**ਅਰਥ :** ਪਰਮਾਤਮਾ ਇੱਕ ਹੈ, ਉਸਦਾ ਨਾਮ ਸੱਚਾ ਹੈ, ਉਹ ਸ੍ਰਿਸਟੀ ਦਾ ਰਚਨਹਾਰ ਪੁਰਖ ਹੈ, ਉਹ ਡਰ ਤੋਂ ਰਹਿਤ ਹੈ, ਉਹ ਵੈਰ ਰਹਿਤ ਹੈ, ਉਹ ਮੌਤ ਤੋਂ

ਰਹਿਤ ਹੈ, ਉਸ ਦਾ ਕੋਈ ਆਕਾਰ ਨਹੀਂ ਹੈ, ਉਹ ਜੂਨਾਂ ਤੋਂ ਰਹਿਤ ਹੈ, ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ ਅਜਿਹਾ ਪਰਮਾਤਮਾ ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

**3. ਨਿਤਨੇਮ ਦੀਆਂ ਬਾਣੀਆਂ:**

**ਅੰਮ੍ਰਿਤ ਵੇਲੇ ਦੀਆਂ ਬਾਣੀਆਂ**

| ਬਾਣੀ | ਬਾਣੀਕਾਰ | ਸ਼ਬਦ / ਸਲੋਕ |
|---|---|---|
| ਜਪੁਜੀ ਸਾਹਿਬ | ਸ੍ਰੀ ਗੁਰੂ ਨਾਨਕ ਦੇਵ ਜੀ | ਪਉੜੀਆਂ 38, ਸਲੋਕ 2 |
| ਜਾਪੁ ਸਾਹਿਬ | ਸ੍ਰੀ ਗੁਰੂ ਗੋਬਿੰਦ ਸਿੰਘ ਜੀ | 199 ਪਉੜੀਆਂ |
| ਅਨੰਦੁ ਸਾਹਿਬ | ਸ੍ਰੀ ਗੁਰੂ ਅਮਰਦਾਸ ਜੀ | 40 ਪਉੜੀਆਂ |
| ਤ੍ਵਪ੍ਰਸਾਦਿ ਸ੍ਵਯੈ | ਸ੍ਰੀ ਗੁਰੂ ਗੋਬਿੰਦ ਸਿੰਘ ਜੀ | 30 ਪਉੜੀਆਂ |
| ਚੌਪਈ ਸਾਹਿਬ | ਸ੍ਰੀ ਗੁਰੂ ਗੋਬਿੰਦ ਸਿੰਘ ਜੀ | 25 ਬੰਦ, 1 ਦੋਹਰਾ, 1 ਸ੍ਵਯਾ |

**ਸ਼ਾਮ ਦੇ ਸਮੇਂ ਅਤੇ ਰਾਤ ਦੇ ਸਮੇਂ ਦੀਆਂ ਬਾਣੀਆਂ**

| ਬਾਣੀ | ਸ਼ਬਦ / ਸਲੋਕ |
|---|---|
| **ਰਹਿਰਾਸ ਸਾਹਿਬ** | ਗੁਰੂ ਨਾਨਕ ਦੇਵ ਜੀ – 4 ਸ਼ਬਦ, ਗੁਰੂ ਅਮਰਦਾਸ ਜੀ- ਅਨੰਦੁ ਸਾਹਿਬ ਦੀਆਂ ਪਹਿਲੀਆਂ 5 ਪਉੜੀਆਂ ਅਤੇ ਅਖ਼ਰੀਲੀ 1 ਪਉੜੀ, ਗੁਰੂ ਰਾਮਦਾਸ ਜੀ–3 ਸ਼ਬਦ, ਗੁਰੂ ਅਰਜਨ ਦੇਵ ਜੀ- 4 ਸ਼ਬਦ, ਗੁਰੂ ਗੋਬਿੰਦ ਸਿੰਘ ਜੀ- ਚੌਪਈ 25 ਬੰਦ, 1 ਸ੍ਵੈਯਾ, 1 ਦੋਹਰਾ, (ਸਿੱਖ ਰਹਿਤ ਮਰਿਆਦਾ ਅਨੁਸਾਰ) |
| **ਕੀਰਤਨ ਸੋਹਿਲਾ** | ਗੁਰੂ ਨਾਨਕ ਸਾਹਿਬ –3 ਸ਼ਬਦ, ਗੁਰੂ ਰਾਮਦਾਸ ਸਾਹਿਬ–1 ਸ਼ਬਦ, ਗੁਰੂ ਅਰਜਨ ਸਾਹਿਬ–1 ਸ਼ਬਦ |

**4. ਮੌਲਿਕ ਸਿਧਾਂਤ**

**I. ਕਿਰਤ ਕਰੋ, ਨਾਮ ਜਪੋ, ਵੰਡ ਛਕੋ**

ਜਗਤ ਗੁਰੂ ਨਾਨਕ ਦੇਵ ਜੀ ਨੇ ਇਸ ਸਮਾਜ ਵਿੱਚ ਵਿਚਰਣ ਵਾਸਤੇ ਤਿੰਨ ਸਿਧਾਂਤ ਦਿੱਤੇ ਹਨ : ਕਿਰਤ ਕਰੋ, ਨਾਮ ਜਪੋ, ਵੰਡ ਛਕੋ।

ਕਿਰਤ ਕਰਨੀ ਹੈ ਸੱਚੀ ਸੁੱਚੀ, ਮਿਹਨਤ ਕਰਨ ਦੀ ਸਿੱਖਿਆ ਦਿੱਤੀ ਗਈ ਹੈ।ਗੁਰੂ ਸਾਹਿਬ ਜੀ ਨੇ ਖੁਦ ਕਿਰਤ ਕਰਕੇ ਕਿਰਤ ਦੇ ਮਹੱਤਵ ਨੂੰ ਦਰਸਾਇਆ ਹੈ।

ਨਾਮ ਜਪਣ ਦਾ ਮਤਲਬ ਹੈ ਕਿ ਅਸੀਂ ਇਕ ਅਕਾਲ ਪੁਰਖ ਨੂੰ ਮੰਨਣਾ ਅਤੇ ਉਸ ਦਾ ਹੀ ਜਾਪ (ਸਿਮਰਨ) ਕਰਨਾ ਹੈ। ਨਾਮ ਸਿਮਰਨ ਹੀ ਸਾਰੇ ਦੁੱਖ, ਤਕਲੀਫਾਂ ਦਾ ਸਮਾਧਾਨ ਹੈ। ਗੁਰਬਾਣੀ ਵਿੱਚ ਲਿਖਿਆ ਹੈ:

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥
ਕਲਿ ਕਲੇਸ ਤਨ ਮਾਹਿ ਮਿਟਾਵਉ ॥

ਨੇਕ ਕਮਾਈ ਕਰਨ ਦਾ ਤੇ ਵੰਡ ਕੇ ਛਕਣ ਦਾ ਉਪਦੇਸ਼ ਹੈ, ਮਤਲਬ ਕਿ ਸਮਾਜ ਵਿੱਚ ਰਹਿੰਦੇ ਹੋਏ ਕਿਸੇ ਨੂੰ ਕੋਈ ਮੁਸ਼ਕਿਲ ਆਣ ਪਵੇ ਜਾਂ ਮਦਦ ਦੀ ਜਰੂਰਤ ਹੋਵੇ ਤਾਂ ਸਿੱਖ ਉਸਦੀ ਮਦਦ ਕਰੇ। ਇਸ ਗੱਲ ਦੀ ਪ੍ਰੋੜਤਾ ਸਿੱਖ ਕੌਮ ਨੇ ਹਰ ਸਮੇਂ ਜ਼ਰੂਰਤ ਵੇਲੇ ਲੰਗਰ ਲਾ ਕੇ ਪੂਰੇ ਵਿਸ਼ਵ ਵਿੱਚ ਆਪਣਾ ਨਾਮਣਾ ਖੱਟਿਆ ਹੈ। ਸਿੱਖ ਧਰਮ ਵਿੱਚ ਸੇਵਾ ਤੇ ਸਿਮਰਨ ਦੋ ਥੰਭ ਹਨ। ਜਿਸ ਤੇ ਸਿੱਖੀ ਟਿਕੀ ਹੈ। ਸੇਵਾ ਸਮਾਜ ਵਿੱਚ ਕਰਨੀ ਹੈ ਅਤੇ ਸਿਮਰਨ ਪਰਮਾਤਮਾ ਦਾ, ਇਕ ਅਕਾਲ ਪੁਰਖ ਦਾ ਕਰਨਾ ਹੈ।

### II. ਇਸਤਰੀ ਨੂੰ ਸਨਮਾਨ

ਸਿੱਖ ਧਰਮ ਵਿਚ ਇਸਤਰੀ ਨੂੰ ਬਹੁਤ ਹੀ ਸਨਮਾਨ ਦਿੱਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਇੱਕ ਸ਼ਬਦ ਰਾਹੀਂ ਇਸਤਰੀ ਦੀ ਮਹਾਨਤਾ ਨੂੰ ਰੂਪਮਾਨ ਕਰਦੇ ਹੋਏ ਦੱਸਦੇ ਹਨ ਕਿ ਇਸ ਤੋਂ ਹੀ ਜਗਤ ਦੀ ਉੱਤਪਤੀ ਹੁੰਦੀ ਹੈ ਅਤੇ ਹਰ ਰਿਸ਼ਤਾ ਇਸਤਰੀ ਨਾਲ ਹੀ ਅੱਗੇ ਤੁਰਦਾ ਹੈ। ਇਸਤਰੀ ਇਸ ਜਗਤ ਦਾ ਮੂਲ ਹੈ :

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥

ਰਾਜੇ ਮਹਾਰਾਜੇ ਨੂੰ ਜਨਮ ਵੀ ਇਸਤਰੀ ਦਿੰਦੀ ਹੈ, ਫਿਰ ਇਸ ਨੂੰ ਬੁਰਾ ਕਿਉਂ ਕਿਹਾ ਜਾਵੇ, ਗੁਰੂ ਫੁਰਮਾਨ ਹੈ:

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

### III. ਸੰਜਮ ਨਾਲ ਰਹਿਣਾ

ਸਿੱਖ ਧਰਮ ਵਿੱਚ ਸੰਜਮ ਨਾਲ ਰਹਿਣ ਦੀ ਹਦਾਇਤ ਹੈ। ਥੋੜ੍ਹਾ ਸੌਣਾ ਤੇ ਥੋੜ੍ਹਾ ਖਾਣਾ ਅਕਲਮੰਦੀ ਦੀ ਨਿਸ਼ਾਨੀ ਹੈ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ:

ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥

ਸੰਜਮ ਹੀਣ ਜੀਵਨ ਦੀ ਕਰੜੀ ਆਲੋਚਨਾ ਕਰਦੇ ਹਨ ਤੇ ਉਪਦੇਸ਼ ਹੈ ਕਿ :

ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥

## IV. ਮਨ ਨੀਵਾਂ ਅਤੇ ਮੱਤ ਉੱਚੀ

ਸਿੱਖ ਧਰਮ ਵਿੱਚ ਮਿੱਠਾ ਬੋਲਣ ਦੀ ਅਤੇ ਨੀਵਾਂ ਹੋ ਕੇ ਚੱਲਣ ਦੀ ਹਦਾਇਤ ਹੈ ਅਤੇ ਇਹ ਵੀ ਕਿਹਾ ਗਿਆ ਹੈ ਕਿ ਇਹ ਦੋ ਗੁਣ ਮਿੱਠਾ ਬੋਲਣਾ ਤੇ ਨੀਵਾਂ ਹੋ ਕੇ ਚੱਲਣਾ (ਹਉਮੈਂ ਤਿਆਗਣਾ) ਸਾਰੇ ਗੁਣਾਂ ਤੋਂ ਉੱਤਮ ਹਨ ਅਤੇ ਸਭ ਚੰਗਿਆਈਆਂ ਦਾ ਤੱਤ ਹਨ:

ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ।

ਅਤੇ ਜੋ ਲੋਕ ਕਿਸੇ ਨੂੰ ਤੰਜ ਕਸਦੇ ਹਨ ਜਾਂ ਫਿੱਕਾ ਬੋਲਦੇ ਹਨ ਉਨ੍ਹਾਂ ਬਾਰੇ ਲਿਖਿਆ ਹੈ ਕਿ:

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥

ਭਾਵ ਕਿ ਫਿੱਕਾ ਬੋਲਣ ਨਾਲ ਤਨ ਤੇ ਮਨ ਦੋਵੇਂ ਫਿੱਕੇ ਹੋ ਜਾਂਦੇ ਹਨ। ਉਸ ਨੂੰ ਲੋਕੀਂ ਫਿਕਾ ਕਹਿ ਕੇ ਬੁਲਾਉਣ ਲੱਗ ਪੈਂਦੇ ਹਨ ਤੇ ਉਸ ਦਾ ਸਾਰਾ ਵਰਤਾਰਾ ਫਿੱਕਾ ਹੋ ਜਾਂਦਾ ਹੈ।


## V. ਨਿਡਰਤਾ/ਅਣਖ ਨਾਲ ਜਿਊਣਾ

ਸਿੱਖ ਧਰਮ ਵਿੱਚ ਦਲੇਰੀ, ਸੂਰਬੀਰਤਾ ਜਾਂ ਨਿਡਰਤਾ ਦਾ ਪ੍ਰਮੁੱਖ ਗੁਣ ਮੰਨਿਆ ਗਿਆ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਅਨੁਸਾਰ ਜਿਸ ਵਿੱਚ ਅਣਖ ਨਾਲ ਜਿਊਣ ਦਾ ਗੁਣ ਹੈ ਉਹ ਸਭ ਤੋਂ ਗਿਆਨਵਾਨ ਹੈ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥

ਵੈਸੇ ਤਾਂ ਬਾਣੀ ਜ਼ਿਆਦਾ ਤੋਂ ਜ਼ਿਆਦਾ ਪੜ੍ਹਨੀ ਚਾਹੀਦੀ ਹੈ ਪਰ ਉੱਪਰ ਲਿਖੇ ਨੇਮ ਹਰ ਸਿੱਖ ਕਰਦਾ ਹੈ। ਇਨ੍ਹਾਂ ਬਾਣੀਆਂ ਤੋਂ ਇਲਾਵਾ ਆਸਾ ਕੀ ਵਾਰ ਅਤੇ ਸੁਖਮਣੀ ਸਾਹਿਬ ਦਾ ਪਾਠ ਵੀ ਕਈ ਸਿੰਘ ਰੋਜ਼ਾਨਾ ਨੇਮ ਨਾਲ ਕਰਦੇ ਹਨ।

## ਅਰਦਾਸ ਦਾ ਸੰਕਲਪ




ਸਿੱਖ ਧਰਮ ਵਿਚ ਅਰਦਾਸ ਦਾ ਸੰਕਲਪ ਇੱਕ ਮਹੱਤਵਪੂਰਣ ਅਤੇ ਵਿਸ਼ੇਸ਼ ਸਥਾਨ ਰੱਖਦਾ ਹੈ। ਇੱਕ ਸਿੱਖ ਦੁਆਰਾ ਗੁਰੂ ਸਾਹਿਬ ਨੂੰ ਆਪਣੇ ਦਿਲ ਦੀ ਗੱਲ ਕਹਿਣ ਦਾ ਅਰਦਾਸ ਇਕ ਵਿਸ਼ੇਸ਼ ਜ਼ਰੀਆ ਹੈ, ਜਿਸ ਰਾਹੀਂ ਗੁਰੂ ਸਾਹਿਬ ਆਪਣੇ ਸਿੱਖ ਦੀ ਗੱਲ ਬਹੁਤ ਨਜ਼ਦੀਕ ਹੋ ਕੇ ਸੁਣਦੇ ਹਨ। ਜੇਕਰ ਅਸੀਂ ਅਰਦਾਸ ਸ਼ਬਦ ਦੇ ਅੱਖਰੀ ਅਰਥਾਂ ਦੀ ਗੱਲ ਕਰੀਏ ਤਾਂ ਇਹ ਦੋ ਸ਼ਬਦਾਂ 'ਅਰਜ਼ + ਦਾਸ਼ਤ' ਤੋਂ ਬਣਿਆ ਹੈ। ਅਰਜ਼ ਦਾ ਅਰਥ ਹੈ ਬੇਨਤੀ ਅਤੇ ਦਾਸ਼ਤ ਦਾ ਅਰਥ ਹੈ ਪੇਸ਼ ਕਰਨਾ। ਅਰਦਾਸ ਜੀਵ ਵੱਲੋਂ ਪਰਮਾਤਮਾ ਅੱਗੇ ਕੀਤੀ ਗਈ ਬੇਨਤੀ ਹੈ। ਦੁੱਖ ਹੋਵੇ ਜਾਂ ਸੁੱਖ, ਖੁਸ਼ੀ ਹੋਵੇ ਜਾਂ ਗਮੀ, ਹਰ ਮੌਕੇ 'ਤੇ ਗੁਰੂ ਦਾ ਸਿੱਖ ਗੁਰੂ ਦੀ ਬਖ਼ਸ਼ਿਸ ਲੈਣ ਲਈ ਹਮੇਸ਼ਾ ਅਰਦਾਸ ਕਰਦਾ ਹੈ। ਗੁਰਬਾਣੀ ਅਨੁਸਾਰ ਅਕਾਲ ਪੁਰਖ ਅੱਗੇ ਮਨੁੱਖ ਦਾ ਕੋਈ ਜ਼ੋਰ ਨਹੀਂ ਚੱਲ ਸਕਦਾ। ਇਸ ਲਈ ਪਰਮਾਤਮਾ ਅੱਗੇ ਅਰਦਾਸ ਕਰਨਾ ਹੀ, ਉਸ ਨੂੰ ਮਨਾਉਣ ਦਾ ਸਭ ਤੋਂ ਉੱਤਮ ਢੰਗ ਹੈ। ਸਿੱਖ ਇਤਿਹਾਸ ਵਿੱਚ ਅਜਿਹੇ ਬਹੁਤ ਸਾਰੇ ਇਤਿਹਾਸਕ ਹਵਾਲੇ ਮੌਜੂਦ ਹਨ ਜਦੋਂ ਇਕ ਸਿੱਖ ਦੁਆਰਾ ਸੱਚੇ ਦਿਲੋਂ ਕੀਤੀ ਅਰਦਾਸ ਨੂੰ ਗੁਰੂ ਸਾਹਿਬ ਨੇ ਬਹੁਤ ਨੇੜਿਓਂ ਹੋ ਕੇ ਸੁਣਿਆ, ਜਿਸ ਦੀ ਇੱਕ ਉਦਾਹਰਣ ਭਾਈ ਮੱਖਣ ਸ਼ਾਹ ਲੁਬਾਣਾ ਜੀ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਅੱਗੇ ਬੇੜਾ ਡੁੱਬਣ ਤੋਂ ਬਚਾਉਣ ਲਈ ਕੀਤੀ ਗਈ ਅਰਦਾਸ ਵਾਲੀ ਪ੍ਰਮੁੱਖ ਘਟਨਾ ਹੈ। ਮੌਜੂਦਾ ਸਮੇਂ ਦੌਰਾਨ ਸਿੱਖ ਧਰਮ ਵਿੱਚ ਰੋਜ਼ਾਨਾ ਕੀਤੀ ਜਾਣ ਵਾਲੀ ਅਰਦਾਸ, ਸਿੱਖ ਇਤਿਹਾਸ ਅਤੇ ਸਿੱਖ ਸਿਧਾਂਤਾਂ ਨੂੰ ਸੰਖੇਪ ਤੇ ਸੁੰਦਰ ਢੰਗ ਨਾਲ ਪੇਸ਼ ਕਰਦੀ ਹੈ। ਇਸ ਅਰਦਾਸ ਵਿਚ ਦਸ ਗੁਰੂ ਸਾਹਿਬਾਨ, ਸਿੱਖ ਧਰਮ ਲਈ ਕੁਰਬਾਨੀ ਕਰਨ ਵਾਲੇ ਗੁਰਸਿੱਖਾਂ,ਸਿੱਖ ਧਰਮ ਵਿੱਚ ਵਾਪਰਨ ਵਾਲੇ ਵਿਸ਼ੇਸ਼

ਸਾਕੇ ਅਤੇ ਘਟਨਾਵਾਂ ਨੂੰ ਯਾਦ ਕਰਨ ਤੋਂ ਬਾਅਦ ਇਕ ਸਿੱਖ ਦੁਆਰਾ ਸਿੱਖੀ ਜੀਵਨ ਵਾਲੇ ਅੱਠ ਪ੍ਰਕਾਰ ਦੇ ਦਾਨ ਦੀ ਮੰਗ ਕੀਤੀ ਗਈ ਹੈ, ਜਿਸ ਵਿਚ ਨਾਮਦਾਨ ਨੂੰ ਸਭ ਤੋਂ ਵੱਡਾ ਦਾਨ ਦੱਸਿਆ ਗਿਆ ਹੈ। ਇਸ ਅਰਦਾਸ ਦੇ ਅਖੀਰ ਵਿੱਚ ਸੰਬੰਧਿਤ ਕਾਰਜ ਲਈ ਬੇਨਤੀ ਕਰਨ ਤੋਂ ਪਹਿਲਾਂ ਇਕ ਸਿੱਖ ਦੁਆਰਾ ਅਕਾਲ ਪੁਰਖ ਤੋਂ ਆਪਣਾ ਮਨ ਨੀਵਾਂ ਅਤੇ ਮੱਤ ਉੱਚੀ ਰੱਖਣ ਦੀ ਬੇਨਤੀ ਕੀਤੀ ਜਾਂਦੀ ਹੈ। ਇਹ ਬੇਨਤੀ ਆਪਣੇ ਆਪ ਵਿੱਚ ਮਹੱਤਵਪੂਰਨ ਹੈ ਕਿਉਂਕਿ ਗੁਰਬਾਣੀ ਵਿਚ ਨਿਮਰਤਾ ਨੂੰ ਸਾਰੇ ਗੁਣਾਂ ਦਾ ਤੱਤ (ਸਾਰ) ਕਿਹਾ ਗਿਆ ਹੈ। ਨਿਮਰਤਾ ਵਾਲੇ ਮਨ ਅਤੇ ਉੱਚ ਪੱਧਰ ਦੀ ਬੁੱਧੀ ਦਾ ਆਪਣੇ ਆਪ ਵਿੱਚ ਬਹੁਤ ਸੁੰਦਰ ਸੁਮੇਲ ਹੈ ਕਿਉਂਕਿ ਆਪਣੇ ਮਨ ਵਿੱਚ ਨਿਮਰਤਾ ਧਾਰਨ ਕਰਕੇ ਉੱਚ ਪੱਧਰ ਦੀ ਰੌਸ਼ਨ ਬੁੱਧੀ ਰਾਹੀਂ ਹੀ ਰੂਹਾਨੀ ਅਤੇ ਦੁਨਿਆਵੀ ਪ੍ਰਾਪਤੀ ਹੋ ਸਕਦੀ ਹੈ। ਅਰਦਾਸ ਦਾ ਸਭ ਤੋਂ ਵਿਸ਼ੇਸ਼ ਪੱਖ ਹੈ, ਇਸ ਦੇ ਅਰਦਾਸ ਦੇ ਅਖੀਰ ਵਿੱਚ ਸਮੁੱਚੀ ਮਾਨਵਤਾ ਦੇ ਭਲੇ ਦੀ ਮੰਗ। ਸਰਬੱਤ ਦੇ ਭਲੇ ਵਾਲੀ ਇਹ ਮੰਗ ਇੱਕ ਗੁਰਸਿੱਖ ਨੂੰ ਨਿੱਜਵਾਦ ਅਤੇ ਤੰਗਦਿਲੀ ਤੋਂ ਮੁਕਤ ਕਰਕੇ ਸਰਬ ਸਾਂਝੀਵਾਲਤਾ ਤੇ ਭਰਾਤਰੀ-ਭਾਵ ਵੱਲ ਪ੍ਰੇਰਿਤ ਕਰਦੀ ਹੈ।

**ਅਰਦਾਸ**

ੴ ਵਾਹਿਗੁਰੂ ਜੀ ਕੀ ਫ਼ਤਹਿ॥

ਸ੍ਰੀ ਭਗੌਤੀ ਜੀ ਸਹਾਇ॥ ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ਦਸਵੀਂ॥

ਪ੍ਰਿਥਮ ਭਗੌਤੀ ਸਿਮਰਿ ਕੈ ਗੁਰੂ ਨਾਨਕ ਲਈਂ ਧਿਆਇ॥ ਫਿਰ ਅੰਗਦ ਗੁਰੂ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ॥ ਅਰਜਨ ਹਰਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ॥ ਸ੍ਰੀ ਹਰਿਕ੍ਰਿਸ਼ਨ ਧਿਆਇਐ ਜਿਸ ਡਿਠੈ ਸਭਿ ਦੁਖ ਜਾਇ॥ ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥ ਸਭ ਥਾਂਈ ਹੋਇ ਸਹਾਇ॥ ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ! ਸਭ ਥਾਂਈ ਹੋਇ ਸਹਾਇ॥ ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ !

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ ਜਪੀਆਂ, ਤਪੀਆਂ, ਜਿਹਨਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ, ਖਾਲਸਾ ਜੀ ! ਬੋਲੋ ਜੀ ਵਾਹਿਗੁਰੂ !

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ,ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਵਾਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ! ਬੋਲੋ ਜੀ ਵਾਹਿਗੁਰੂ !

ਪੰਜਾਂ ਤਖਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!

ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿਤ ਆਵੇ, ਚਿੱਤ ਆਵਨ ਕਾ ਸਦਕਾ ਸਰਬ ਸੁਖ ਹੋਵੇ। ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ, ਦੇਗ ਤੇਗ ਫ਼ਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸੇ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ !

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ, ਨਾਮ ਦਾਨ ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਕੀਆਂ, ਝੰਡੇ, ਬੁੰਗੇ, ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ !!!

ਸਿੱਖਾਂ ਦਾ ਮਨ ਨੀਵਾਂ, ਮਤ ਉੱਚੀ ਮਤ ਦਾ ਰਾਖਾ ਆਪਿ ਵਾਹਿਗੁਰੂ। ਹੇ ਅਕਾਲ ਪੁਰਖ ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ

ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖਸ਼ੋ।

ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ, ਵਾਹਿਗੁਰੂ ! ਆਪ ਦੇ ਹਜ਼ੂਰ.................ਦੀ ਅਰਦਾਸ ਹੈ ਜੀ। ਅੱਖਰ ਵਾਧਾ ਘਾਟਾ ਭੁੱਲ ਚੁੱਕ ਮਾਫ ਕਰਨੀ। ਸਰਬੱਤ ਦੇ ਕਾਰਜ ਰਾਸ ਕਰਨੇ।

ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆ ਤੇਰਾ ਨਾਮ ਚਿਤ ਆਵੇ। ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।

ਇਸ ਤੋਂ ਉਪਰੰਤ ਅਰਦਾਸ ਵਿਚ ਸ਼ਾਮਲ ਹੋਣ ਵਾਲੀ ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਦਬ ਨਾਲ ਮੱਥਾ ਟੇਕੇ ਅਤੇ ਫਿਰ ਖੜ੍ਹੇ ਹੋ ਕੇ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ' ਬੁਲਾਵੇ। ਉਪਰੰਤ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਜਾਵੇ।

## ਪ੍ਰਸ਼ਨੋਤਰੀ

ਪ੍ਰਸ਼ਨ 1. ਜਪੁ ਜੀ ਬਾਣੀ ਕਿਸ ਗੁਰੂ ਦੀ ਰਚਨਾ ਹੈ?

ੳ) ਗੁਰੂ ਅਮਰਦਾਸ ਜੀ　　ਅ) ਗੁਰੂ ਨਾਨਕ ਦੇਵ ਜੀ
ੲ) ਗੁਰੂ ਅਰਜਨ ਦੇਵ ਜੀ　　ਸ) ਗੁਰੂ ਤੇਗ ਬਹਾਦਰ ਜੀ

ਪ੍ਰਸ਼ਨ 2. ਜਪੁ ਜੀ ਬਾਣੀ ਵਿਚ ਕਿੰਨੀਆਂ ਪਉੜੀਆਂ ਹੁੰਦੀਆਂ ਹਨ?

ੳ) 22　　ਅ) 32
ੲ) 38　　ਸ) 30

ਪ੍ਰਸ਼ਨ 3. ਅਨੰਦੁ ਬਾਣੀ ਕਿਸ ਗੁਰੂ ਦੀ ਰਚਨਾ ਹੈ?

ੳ) ਗੁਰੂ ਅਮਰਦਾਸ ਜੀ　　ਅ) ਗੁਰੂ ਰਾਮਦਾਸ ਜੀ
ੲ) ਗੁਰੂ ਅਰਜਨ ਦੇਵ ਜੀ　　ਸ) ਗੁਰੂ ਤੇਗ ਬਹਾਦਰ ਜੀ

ਪ੍ਰਸ਼ਨ 4. ਅਨੰਦੁ ਸਾਹਿਬ ਵਿੱਚ ਕੁੱਲ ਕਿੰਨੀਆਂ ਪਉੜੀਆਂ ਹਨ?

ੳ) 40　　ਅ) 25
ੲ) 37　　ਸ) 30

ਪ੍ਰਸ਼ਨ 5. ਚੌਪਈ ਸਾਹਿਬ ਕਿਸ ਗੁਰੂ ਸਾਹਿਬਾਨ ਦੀ ਰਚਨਾ ਹੈ?

ੳ) ਗੁਰੂ ਗੋਬਿੰਦ ਸਿੰਘ ਜੀ　　ਅ) ਗੁਰੂ ਹਰਿਗੋਬਿੰਦ ਸਾਹਿਬ ਜੀ
ੲ) ਗੁਰੂ ਹਰਿਕ੍ਰਿਸ਼ਨ ਸਾਹਿਬ ਜੀ　　ਸ) ਗੁਰੂ ਤੇਗ਼ ਬਹਾਦਰ ਸਾਹਿਬ ਜੀ

ਪ੍ਰਸ਼ਨ 6. ਚੌਪਈ ਸਾਹਿਬ ਵਿੱਚ ਕੁੱਲ ਕਿੰਨੇ ਬੰਦ ਹਨ?

ੳ) 24 ਅ) 26

ੲ) 25 ਸ) 29

ਪ੍ਰਸ਼ਨ 7. ਅੰਮ੍ਰਿਤ ਵੇਲੇ ਕਿੰਨੀਆਂ ਬਾਣੀਆਂ ਦਾ ਪਾਠ ਕੀਤਾ ਜਾਂਦਾ ਹੈ?

ੳ) 4 ਅ) 6

ੲ) 5 ਸ) 9

ਪ੍ਰਸ਼ਨ 8. ਕੀਰਤਨ ਸੋਹਿਲਾ ਬਾਣੀ ਵਿਚ ਗੁਰੂ ਰਾਮਦਾਸ ਜੀ ਦੇ ਕੁੱਲ ਕਿੰਨੇ ਸ਼ਬਦ ਹਨ?

ੳ) 4 ਅ) 2

ੲ) 1 ਸ) 3

ਪ੍ਰਸ਼ਨ 9. ਰਹਿਰਾਸ ਸਾਹਿਬ ਦਾ ਪਾਠ ਕਿਸ ਸਮੇਂ ਕੀਤਾ ਜਾਂਦਾ ਹੈ?

ੳ) ਸਵੇਰ ਵੇਲੇ ਅ). ਦੁਪਹਿਰ ਵੇਲੇ

ੲ) ਸ਼ਾਮ ਵੇਲੇ ਸ). ਰਾਤ ਵੇਲੇ

ਪ੍ਰਸ਼ਨ 10. ਗੁਰਮੰਤਰ ਕੀ ਹੈ?

ੳ) ਵਾਹਿਗੁਰੂ ਅ) ਕਰਤਾਰ

ੲ) ਗੁਰੂ ਸ) ਰਾਮ

ਪ੍ਰਸ਼ਨ 11. ਮੂਲ ਮੰਤਰ ਵਿਚ ਪਰਮਾਤਮਾ ਨੂੰ ਕੀ ਕਿਹਾ ਗਿਆ ਹੈ?

ੳ) ਅਕਾਲ ਅ) ਸਿਰਫ਼ ਇੱਕੋ ਸਮੇਂ ਹੋਣ ਵਾਲਾ

ੲ) ਕਾਲ ਵਿਚ ਆਉਣ ਵਾਲਾ ਸ) ਉਪਰੋਕਤ ਵਿਚੋਂ ਕੋਈ ਨਹੀਂ

ਪ੍ਰਸ਼ਨ 12. ਜਾਪੁ ਕਿਸਦੀ ਦੀ ਰਚਨਾ ਹੈ ?

ੳ) ਦਸਵੇਂ ਪਾਤਸ਼ਾਹ ਅ) ਛੇਵੇਂ ਪਾਤਸ਼ਾਹ

ੲ) ਨੌਂਵੇਂ ਪਾਤਸ਼ਾਹ ਸ) ਅੱਠਵੇਂ ਪਾਤਸ਼ਾਹ

ਪ੍ਰਸ਼ਨ 13. ਸਿੱਖ ਧਰਮ ਦੇ ਕਿੰਨੇ ਮੂਲ ਸਿਧਾਂਤ ਹਨ ?

ੳ) ਦਸ ਅ) ਤਿੰਨ

ੲ) ਨੌਂ ਸ) ਅੱਠ

ਪ੍ਰਸ਼ਨ 14. ਸਿੱਖ ਅਰਦਾਸ ਵਿਚ ਕਿੰਨੇ ਤਰ੍ਹਾਂ ਦੇ ਦਾਨ ਦੀ ਬੇਨਤੀ ਕੀਤੀ ਗਈ ਹੈ?

| | |
|---|---|
| (ੳ) 10 | (ਅ) 12 |
| (ੲ) 8 | (ਸ) 6 |

ਪ੍ਰਸ਼ਨ 15. ਅਰਦਾਸ ਵਿਚ ਕਿਸ ਨੂੰ ਨੀਵਾਂ ਰੱਖਣ ਦੀ ਬੇਨਤੀ ਕੀਤੀ ਗਈ ਹੈ?

| | |
|---|---|
| (ੳ) ਮਨ | (ਅ) ਅੱਖ |
| (ੲ) ਹੱਥ | (ਸ) ਰਸਨਾ |

ਪ੍ਰਸ਼ਨ 16. ਅਰਦਾਸ ਵਿਚ ਸਭ ਤੋਂ ਵੱਡਾ ਦਾਨ ਕਿਹੜਾ ਦਾਨ ਹੈ?

| | |
|---|---|
| (ੳ) ਗਿਆਨ ਦਾਨ | (ਅ) ਖਿਮਾ ਦਾਨ |
| (ੲ) ਭਰੋਸਾ ਦਾਨ | (ਸ) ਨਾਮ ਦਾਨ |

ਪ੍ਰਸ਼ਨ 17. ਅਰਦਾਸ ਵਿਚ ਪ੍ਰਭੂ ਅੱਗੇ ਕਿਸ ਨੂੰ ਉੱਚਾ ਰੱਖਣ ਦੀ ਬੇਨਤੀ ਕੀਤੀ ਗਈ ਹੈ?

| | |
|---|---|
| (ੳ) ਹਿਰਦਾ | (ਅ) ਬੁੱਧੀ |
| (ੲ) ਵਿਵੇਕ | (ਸ) ਗਿਆਨ |

ਪ੍ਰਸ਼ਨ 18. ਅਰਦਾਸ ਸ਼ਬਦ ਕਿੰਨੇ ਸ਼ਬਦਾਂ ਦਾ ਸੁਮੇਲ ਹੈ?

| | |
|---|---|
| (ੳ) 2 | (ਅ) 4 |
| (ੲ) 3 | (ਸ) 5 |

**ਉੱਤਰ:-** 1.(ਅ), 2.(ੲ), 3. (ੳ), 4. (ੳ), 5 (ੳ), 6. (ੲ), 7. (ੲ), 8. (ੲ), 9. (ੲ), 10. (ੳ), 11. (ੳ) 12. (ੳ), 13. (ਅ), 14. (ੲ), 15. (ੳ), 16. (ਸ), 17. (ਅ), 18.(ੳ)

# ਹਵਾਲਾ ਪੁਸਤਕ ਸੂਚੀ


1. ਸਰਬਜਿੰਦਰ ਸਿੰਘ, ਡਾ., ਧੁਰ ਕੀ ਬਾਣੀ, ਸਿੱਖ ਫਾਊਂਡੇਸ਼ਨ, ਨਵੀਂ ਦਿੱਲੀ, 2004.
2. ਉਹੀ, ਮਰਣੁ ਕਬੂਲਿ, ਸਿੱਖ ਫਾਊਂਡੇਸ਼ਨ, ਦਿੱਲੀ, 2013.
3. ਉਹੀ, (ਸੰਪਾ.), ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ (4 ਭਾਗ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007.
4. ਸਿੱਖ ਰਹਿਤ ਮਰਯਾਦਾ, ਧਰਮ ਪ੍ਰਚਾਰਕ ਕਮੇਟੀ, ਸ੍ਰੀ ਅੰਮ੍ਰਿਤਸਰ, 2011
5. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਚਾਰ ਪੋਥੀਆਂ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2002.
6. ਨਾਭਾ, ਕਾਨ੍ਹ ਸਿੰਘ (ਭਾਈ), ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, 1981.
7. ਮੁਖਤਾਰ ਸਿੰਘ ਗੁਰਾਇਆ, ਦਸ ਪਾਤਸ਼ਾਹੀਆਂ ਜੀਵ, ਕਾਰਜ ਤੇ ਉਪਦੇਸ਼ ਸੰਖੇਪ ਬਿਰਤਾਂਤ, ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਅੰਮ੍ਰਿਤਸਰ, 2017.
8. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.
9. ਉਹੀ, ਸਿੱਖ ਪੰਥ ਵਿਸ਼ਵ ਕੋਸ਼, ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005,
10. ਰੂਪ ਸਿੰਘ, ਡਾ.(ਸੰਪਾ), ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ,ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2015.

**ਵੈਬਸਾਈਟ**

ਪੰਜਾਬੀ ਪੀਡੀਆ, https://punjabipedia.org/

ਵਿਕੀਪੀਡੀਆ, https://pa.wikipedia.org/wiki

ਸਿੱਖ ਇਤਿਹਾਸ, https://www.sikhhistory.in/

ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ